ਵਲਾਦੀਮੀਰ ਬਗੋਮੋਲੋਵ

ਇਵਾਨ



ਰਾਦੂਗਾ ਪ੍ਰਕਾਸ਼ਨ
ਮਾਸਕੋ

ਪੰਜਾਬ ਬੁਕ ਸੈਂਟਰ

ਐਸ.ਸੀ.ਓ. 1126-27, ਸੈਕਟਰ 22-ਬੀ,

ਚੰਡੀਗੜ੍ਹ।



ਵਲਾਦੀਮੀਰ ਬਗਾਮੋਲੋਵ

ਇਵਾਨ

ਛੋਟਾ ਨਾਵਲ

ਅਨੁਵਾਦਕ : ਕਰਨਜੀਤ ਸਿੰਘ

ਚਿਤਰਕਾਰ : ਓ. ਵੇਰੇਇਸਕੀ

В. Богомолов
ИВАН
На языке панджаби

V. Bogomolov
IVAN
In Punjabi

ਸੋਵੀਅਤ ਯੂਨੀਅਨ ਵਿਚ ਛਪਿਆ

ISBN 5-05-001358-5

ਭੂਮਿਕਾ

ਬੱਚੇ ਅਤੇ ਜੰਗ .

ਐਸੀਆਂ ਕੌਮਾਂ ਵੀ ਹਨ, ਜਿਨ੍ਹਾਂ ਨੂੰ ਅਨੇਕਾਂ ਸਾਲਾਂ ਤੋਂ ਇਹ ਪਤਾ ਹੀ ਨਹੀਂ ਕਿ ਜੰਗ ਕੀ ਹੁੰਦੀ ਹੈ। ਉਹਨਾਂ ਦੇ ਸ਼ਹਿਰਾਂ ਉਤੇ ਹਵਾਈ ਜਹਾਜ਼ਾਂ ਨੇ ਬੰਬਾਰੀ ਨਹੀਂ ਕੀਤੀ, ਉਹਨਾਂ ਦੀਆਂ ਫ਼ਸਲਾਂ ਟੈਂਕਾਂ ਨੇ ਨਹੀਂ ਲਿਤਾੜੀਆਂ। ਉਹਨਾਂ ਦੇ ਦਰਵਾਜ਼ਿਆਂ ਉਤੇ ਚੁਪ-ਗੜੁਪ ਡਾਕੀਏ ਨੇ ਉਹਨਾਂ ਦੇ ਸਕੇ ਸੰਬੰਧੀਆਂ ਦੀ ਮੌਤ ਦੀ ਖ਼ਬਰ ਦੇਣ ਲਈ ਦਸਤਕ ਨਹੀਂ ਦਿੱਤੀ। ਇਹਨਾਂ ਕੌਮਾਂ ਨੇ ਜੰਗ ਬਾਰੇ ਸਿਰਫ ਪੁਸਤਕਾਂ, ਫਿਲਮਾਂ ਹੀ ਵੇਖੀਆਂ ਹਨ, ਬਜ਼ੁਰਗਾਂ ਦੀਆਂ ਕਹਾਣੀਆਂ ਹੀ ਪੜ੍ਹੀਆਂ, ਸੁਣੀਆਂ ਹਨ।

ਜਿਨ੍ਹਾਂ ਨੂੰ ਜੰਗ ਦਾ ਪਤਾ ਨਹੀਂ ਉਹ ਇਸ ਕਿਤਾਬ ਨੂੰ ਪੜ੍ਹ ਕੇ ਮੂੰਹ ਵਿਚ ਉਂਗਲਾਂ ਪਾ ਸਕਦੇ ਹਨ। ਉਹਨਾਂ ਨੂੰ ਇਹ ਯਕੀਨ ਨਹੀਂ ਆਵੇਗਾ ਕਿ ਇਕ ਸਾਧਾਰਨ ਜਿਹਾ ਮੁੰਡਾ ਜਿਸ ਨੂੰ ਸਕੂਲ ਵਿਚ ਜਾਣਾ, ਪੜ੍ਹਨਾ ਤੇ ਸਾਥੀਆਂ ਨਾਲ ਖੇਡਣਾ ਚਾਹੀਦਾ ਸੀ ਜੰਗ ਦੀ ਭਿਆਨਕ ਕਰਵਾਈ ਵਿਚ ਹਿੱਸਾ ਲੈਂਦਾ ਹੈ ਅਤੇ ਇਕ ਸੂਰਮੇ ਦੀ ਮੌਤ ਮਰਦਾ ਹੈ।

ਪਰ ਜੋ ਕੁਝ ਤੁਸੀਂ ਇਸ ਕਹਾਣੀ ਦੇ ਨਾਇਕ, ਸਾਧਾਰਨ ਰੂਸੀ ਨਾਂ ਇਵਾਨ ਵਾਲੇ ਇਕ ਰੂਸੀ ਮੁੰਡੇ ਬਾਰੇ ਜਾਣੋਗੇ, ਇਸ ਸਭ ਕੁਝ ਸੱਚ ਹੈ।

ਇਸ ਤੋਂ ਇਲਾਵਾ, ਇਹ ਕਹਾਣੀ ਇਕ ਵੱਡੇ ਭਿਆਨਕ ਸੱਚ ਦਾ ਹੀ

ਹਿੱਸਾ ਹੈ, ਅਦਭੁਤ ਸੂਰਮਗਤੀ ਵਾਲੇ ਇਤਿਹਾਸ ਦਾ ਇਕ ਪੰਨਾ ਹੈ, ਜਿਸ ਦਾ ਨਾਂ ਹੈ 'ਜੰਗ ਤੇ ਬੱਚੇ'।

ਸਭ ਜਾਣਦੇ ਹਨ ਕਿ ਜੰਗ ਮਰਦਾਂ ਦਾ, ਸਿਆਣੇ ਲੋਕਾਂ ਦਾ ਕੰਮ ਹੈ। ਹੋ ਸਕਦਾ ਹੈ ਪੁਰਾਣੇ ਜ਼ਮਾਨਿਆਂ ਵਿਚ ਕਦੇ ਇੰਝ ਹੀ ਹੁੰਦਾ ਹੋਵੇ। ਪਰ ਆਧੁਨਿਕ ਜੰਗਾਂ—ਸਾਮਰਾਜੀ, ਲੋਟੂ ਜੰਗਾਂ—ਬੇਕਿਰਕ ਹਨ। ਇਹ ਜੰਗਾਂ ਬੱਚਿਆਂ, ਇਸਤ੍ਰੀਆਂ ਤੇ ਬੁੱਢਿਆਂ ਦੀਆਂ ਜਾਨਾਂ ਵੀ ਨਹੀਂ ਬਖ਼ਸ਼ਦੀਆਂ। ਇਹਨਾਂ ਜੰਗਾਂ ਵਿਚ ਹਮਲਾਵਰ ਸਿਰਫ ਫੌਜੀਆਂ ਵਾਂਗ ਹੀ ਨਹੀਂ ਲੜਦੇ, ਸਗੋਂ ਉਹ ਬੇਦੋਸ਼ੇ ਲੋਕਾਂ ਦੇ ਕਾਤਲ ਵੀ ਹੁੰਦੇ ਹਨ।

ਸੋਵੀਅਤ ਯੂਨੀਅਨ ਵਿਰੁਧ ਨਾਜ਼ੀ ਜਰਮਨੀ ਦੀ ਜੰਗ ਵੀ ਇਹੋ ਜਿਹੀ ਸੀ, ਮਨੁਖਤਾ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ, ਸਭ ਤੋਂ ਵਧ ਮਾਰੂ ਜੰਗ ਸੀ।

21 ਜੂਨ ਨੂੰ ਬਹੁਤ ਰਾਤ ਗਈ ਸੋਵੀਅਤ ਸਟੇਸ਼ਨ ਬਰੇਸਤ ਤੋਂ ਜਰਮਨੀ ਵੱਲ ਇਕ ਗਡੀ ਰਵਾਨਾ ਹੋਈ। ਮਾਲ ਗੱਡੀ ਦੇ ਡਬਿਆਂ ਉਤੇ ਚਾਕ ਨਾਲ ਇਕ ਸੰਖੇਪ ਜਿਹਾ ਸ਼ੁਭ ਸ਼ਬਦ 'ਅਨਾਜ' ਲਿਖਿਆ ਹੋਇਆ ਸੀ। ਅਸੀਂ ਪੱਛਮ ਵੱਲ ਅਨਾਜ ਭੇਜ ਰਹੇ ਸਾਂ, ਅਸੀਂ ਅਮਨ ਚਾਹੁੰਦੇ ਸਾਂ।

ਅਤੇ ਦੋ ਘੰਟੇ ਮਗਰੋਂ ਜਿਸ ਪਾਸੇ ਨੂੰ ਅਨਾਜ ਨਾਲ ਭਰੀ ਗੱਡੀ ਤੋਰੀ ਗਈ, ਉਸ ਪਾਸੇ ਤੋਂ 22 ਜੂਨ 1941 ਨੂੰ ਪਹੁ ਫੁਟਦੇ ਹੀ ਸਾਡੇ ਦੇਸ ਉਤੇ ਅੱਗ ਦੇ ਇਸਪਾਤੀ ਗੋਲਿਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਅਤੇ ਨਾਜ਼ੀਆਂ ਦੀਆਂ ਬਕਤਰਬੰਦ ਹੇੜਾਂ ਆਪਣੇ ਰਾਹ ਵਿਚ ਆਉਂਦੀ ਹਰ ਚੀਜ਼ ਤਹਿਸ ਨਹਿਸ ਕਰਦੀਆਂ ਹੋਈਆਂ ਸਰਹਦ ਪਾਰ ਕਰ ਆਈਆਂ। ਮਕਾਨ ਢਾਹ ਦਿੱਤੇ ਗਏ ਤੇ ਫਸਲਾਂ ਸਾੜ ਦਿੱਤੀਆਂ ਗਈਆਂ। ਫੌਜੀਆਂ ਨਾਲ ਬੱਚੇ ਵੀ ਮਾਰੇ ਜਾ ਰਹੇ ਸਨ।

ਸਾਡੇ ਲੋਕਾਂ ਨੇ ਬੱਚਿਆਂ ਨੂੰ ਬਚਾਉਣ ਦੀ ਖ਼ਾਤਰ, ਉਹਨਾਂ ਨੂੰ ਦੂਰ ਪਿਛਵਾੜੇ, ਜਿਥੇ ਜੰਗ ਦੀ ਅੱਗ ਦੇ ਭਾਂਬੜ ਨਹੀਂ ਪੁੱਜੇ ਸਨ, ਭੇਜਣ ਲਈ ਕੋਈ ਕਸਰ ਨਹੀਂ ਸੀ ਛੱਡੀ। ਸਭ ਤੋਂ ਪਹਿਲਾਂ ਬੱਚਿਆਂ ਨੂੰ ਭੇਜਣ ਵਾਸਤੇ ਕਾਰਾਂ, ਹਵਾਈ ਜਹਾਜ਼ਾਂ ਦਾ ਪ੍ਰਬੰਧ ਕੀਤਾ ਗਿਆ।

ਪਰ ਸਾਰੇ ਬੱਚਿਆਂ ਨੂੰ ਬਚਾਇਆ ਨਾ ਜਾ ਸਕਿਆ।

ਮੈਨੂੰ ਬਰੇਸਤ ਦੇ ਨੇੜੇ ਜੰਗਲ ਵਿਚ ਇਕ ਇੱਕਲਵੰਜੀ ਕਬਰ ਦੀ ਯਾਦ ਆਉਂਦੀ ਹੈ। ਖੰਭੇ ਨਾਲ ਲੱਗੀ ਇਕ ਤਖ਼ਤੀ ਉਤੇ ਲਿਖਿਆ ਹੋਇਆ ਸੀ: "ਇਹ ਤਾਨੀਆ ਦੀ ਕਬਰ ਹੈ"। ਇਹ ਤਾਨੀਆ ਕੌਣ ਹੈ? ਉਹ ਨਾਜ਼ੀਆਂ ਹੱਥੋਂ ਸ਼ਹੀਦ ਕਿਸ ਤਰ੍ਹਾਂ ਹੋਈ? ਕੀ ਉਹ ਨਿੱਕੀ ਹੁੰਦੀ ਹੀ ਸੈਨਿਕ ਬਣ ਗਈ ਸੀ, ਜਿਵੇਂ ਇਸ ਕਿਤਾਬ ਦਾ ਨਾਇਕ, ਇਵਾਨ ਜਾਂ ਹੋ ਸਕਦਾ ਹੈ ਨਾਜ਼ੀਆਂ ਨੇ ਉਸ ਨੂੰ ਬਿਨਾਂ ਕਾਰਨ ਕੇਵਲ ਇਸ ਲਈ ਮਾਰ ਛੱਡਿਆ ਕਿ ਉਹ ਜਿਊਂਦੀ ਸੀ, ਆਪਣੇ ਵਤਨ ਦੀ ਭੂਮੀ ਉਤੇ ਤੁਰਦੀ ਫਿਰਦੀ ਸੀ, ਤੇ ਸੂਰਜ ਨੂੰ ਵੇਖ ਕੇ ਖੁਸ਼ ਹੁੰਦੀ ਸੀ?

ਕਈ ਸੋਵੀਅਤ ਬੱਚੇ ਦੁਸ਼ਮਣ ਦੇ ਪਿਛਵਾੜੇ ਰਹਿ ਗਏ ਸਨ ਅਤੇ ਬਾਲਗਾਂ ਨਾਲ ਮਿਲ ਕੇ ਜੂਝਣ ਲਗ ਪਏ ਸਨ।

ਅਮਨ ਅਮਾਨ ਦੇ ਦਿਨਾਂ ਵਿਚ ਹੀ ਉਹਨਾਂ ਨੂੰ ਮੁਸ਼ਕਲਾਂ ਝਲਣ ਦੀ ਜਾਚ ਆ ਗਈ ਸੀ। ਉਹਨਾਂ ਨੂੰ ਪਤਾ ਸੀ ਕਿ ਕਈ ਕਿਲੋਮੀਟਰ ਕੂਚ ਦਾ ਮੁਸ਼ਕਿਲ ਪੈਂਡਾ ਤਹਿ ਕਿਵੇਂ ਕਰੀਦਾ ਹੈ ਤੇ ਧੂਣੀ ਦੁਆਲੇ ਰਾਤ ਕਿਵੇਂ ਕਟੀਦੀ ਹੈ। ਉਹ ਸਹਿਣਸ਼ੀਲ ਹੋਣ, ਐਨ ਨਿਸ਼ਾਨੇ ਉਤੇ ਗੋਲੀਆਂ ਮਾਰਨ, ਫਟੜ ਹੋਏ ਲੋਕਾਂ ਦੇ ਜ਼ਖ਼ਮਾਂ ਉਤੇ ਮਰਹਮ ਪੱਟੀ ਕਰਨ ਦੀ ਜਾਚ ਸਿਖਦੇ ਹੁੰਦੇ ਸਨ।

ਉਹਨਾਂ ਨੂੰ ਵੱਡੇ ਸਿਖਿਆ ਦੇਂਦੇ ਸਨ, ਜਿਨ੍ਹਾਂ ਨੂੰ ਨਵਉਮਰ ਸੋਵੀਅਤ ਰਾਜ ਲਈ ਲੜੀਆਂ ਲੜਾਈਆਂ ਦਾ ਅਜੇ ਚੇਤਾ ਸੀ। ਉਹਨਾਂ ਨੂੰ ਸਕੂਲ ਵਿਚ ਇਹ ਗੱਲ ਸਿਖਾਈ ਜਾਂਦੀ ਸੀ। ਉਹਨਾਂ ਨੇ ਇਹ ਕਿਤਾਬਾਂ 'ਚੋਂ ਸਿਖਿਆ ਸੀ।

ਸੋਵੀਅਤ ਬੱਚਿਆਂ ਦੇ ਮਨ-ਪਸੰਦ ਲੇਖਕ ਅ. ਗਾਈਦਾਰ ਨੇ ਜੰਗ ਛਿੜਨ ਉਤੇ ਇਹ ਕਿਹਾ ਸੀ: "ਮੈਨੂੰ ਮੌਤ ਨਾਲ ਨਫਰਤ ਹੈ। ਮੈਨੂੰ ਬੰਦੂਕ ਦੇ ਦਿਓ ਅਤੇ ਮੈਂ ਗੋਲੀ ਅਤੇ ਸੰਗੀਨ ਨਾਲ ਵਤਨ ਦੀ ਰਾਖੀ ਕਰਨ ਜਾਵਾਂਗੀ।"

ਮਗਰੋਂ ਇਹ ਸਬਕ ਸਾਡੇ ਬੱਚਿਆਂ ਦੇ ਕੰਮ ਆਇਆ।

ਹਿੱਸਾ ਹੈ, ਅਦਭੁਤ ਸੂਰਮਗਤੀ ਵਾਲੇ ਇਤਿਹਾਸ ਦਾ ਇਕ ਪੰਨਾ ਹੈ, ਜਿਸ ਦਾ ਨਾਂ ਹੈ 'ਜੰਗ ਤੇ ਬੱਚੇ'।

ਸਭ ਜਾਣਦੇ ਹਨ ਕਿ ਜੰਗ ਮਰਦਾਂ ਦਾ, ਸਿਆਣੇ ਲੋਕਾਂ ਦਾ ਕੰਮ ਹੈ। ਹੋ ਸਕਦਾ ਹੈ ਪੁਰਾਣੇ ਜ਼ਮਾਨਿਆਂ ਵਿਚ ਕਦੇ ਇੰਝ ਹੀ ਹੁੰਦਾ ਹੋਵੇ। ਪਰ ਆਧੁਨਿਕ ਜੰਗਾਂ—ਸਾਮਰਾਜੀ, ਲੋਟੂ ਜੰਗਾਂ—ਬੇਕਿਰਕ ਹਨ। ਇਹ ਜੰਗਾਂ ਬੱਚਿਆਂ, ਇਸਤ੍ਰੀਆਂ ਤੇ ਬੁੱਢਿਆਂ ਦੀਆਂ ਜਾਨਾਂ ਵੀ ਨਹੀਂ ਬਖ਼ਸ਼ਦੀਆਂ। ਇਹਨਾਂ ਜੰਗਾਂ ਵਿਚ ਹਮਲਾਵਰ ਸਿਰਫ ਫੌਜੀਆਂ ਵਾਂਗ ਹੀ ਨਹੀਂ ਲੜਦੇ, ਸਗੋਂ ਉਹ ਬੇਦੋਸ਼ੇ ਲੋਕਾਂ ਦੇ ਕਾਤਲ ਵੀ ਹੁੰਦੇ ਹਨ।

ਸੋਵੀਅਤ ਯੂਨੀਅਨ ਵਿਰੁਧ ਨਾਜ਼ੀ ਜਰਮਨੀ ਦੀ ਜੰਗ ਵੀ ਇਹੋ ਜਿਹੀ ਸੀ, ਮਨੁਖਤਾ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ, ਸਭ ਤੋਂ ਵਧ ਮਾਰੂ ਜੰਗ ਸੀ।

21 ਜੂਨ ਨੂੰ ਬਹੁਤ ਰਾਤ ਗਈ ਸੋਵੀਅਤ ਸਟੇਸ਼ਨ ਬਰੇਸਤ ਤੋਂ ਜਰਮਨੀ ਵੱਲ ਇਕ ਗਡੀ ਰਵਾਨਾ ਹੋਈ। ਮਾਲ ਗੱਡੀ ਦੇ ਡਬਿਆਂ ਉਤੇ ਚਾਕ ਨਾਲ ਇਕ ਸੰਖੇਪ ਜਿਹਾ ਸ਼ੁਭ ਸ਼ਬਦ 'ਅਨਾਜ' ਲਿਖਿਆ ਹੋਇਆ ਸੀ। ਅਸੀਂ ਪੱਛਮ ਵੱਲ ਅਨਾਜ ਭੇਜ ਰਹੇ ਸਾਂ, ਅਸੀਂ ਅਮਨ ਚਾਹੁੰਦੇ ਸਾਂ।

ਅਤੇ ਦੋ ਘੰਟੇ ਮਗਰੋਂ ਜਿਸ ਪਾਸੇ ਨੂੰ ਅਨਾਜ ਨਾਲ ਭਰੀ ਗੱਡੀ ਤੋਰੀ ਗਈ, ਉਸ ਪਾਸੇ ਤੋਂ 22 ਜੂਨ 1941 ਨੂੰ ਪਹੁ ਫੁਟਦੇ ਹੀ ਸਾਡੇ ਦੇਸ ਉਤੇ ਅੱਗ ਦੇ ਇਸਪਾਤੀ ਗੋਲਿਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਅਤੇ ਨਾਜ਼ੀਆਂ ਦੀਆਂ ਬਕਤਰਬੰਦ ਹੋੜਾਂ ਆਪਣੇ ਰਾਹ ਵਿਚ ਆਉਂਦੀ ਹਰ ਚੀਜ਼ ਤਹਿਸ ਨਹਿਸ ਕਰਦੀਆਂ ਹੋਈਆਂ ਸਰਹਦ ਪਾਰ ਕਰ ਆਈਆਂ। ਮਕਾਨ ਢਾਹ ਦਿੱਤੇ ਗਏ ਤੇ ਫਸਲਾਂ ਸਾੜ ਦਿੱਤੀਆਂ ਗਈਆਂ। ਫੌਜੀਆਂ ਨਾਲ ਬੱਚੇ ਵੀ ਮਾਰੇ ਜਾ ਰਹੇ ਸਨ।

ਸਾਡੇ ਲੋਕਾਂ ਨੇ ਬੱਚਿਆਂ ਨੂੰ ਬਚਾਉਣ ਦੀ ਖ਼ਾਤਰ, ਉਹਨਾਂ ਨੂੰ ਦੂਰ ਪਿਛਵਾੜੇ, ਜਿਥੇ ਜੰਗ ਦੀ ਅੱਗ ਦੇ ਭਾਂਬੜ ਨਹੀਂ ਪੁੱਜੇ ਸਨ, ਭੇਜਣ ਲਈ ਕੋਈ ਕਸਰ ਨਹੀਂ ਸੀ ਛੱਡੀ। ਸਭ ਤੋਂ ਪਹਿਲਾਂ ਬੱਚਿਆਂ ਨੂੰ ਭੇਜਣ ਵਾਸਤੇ ਕਾਰਾਂ, ਹਵਾਈ ਜਹਾਜ਼ਾਂ ਦਾ ਪ੍ਰਬੰਧ ਕੀਤਾ ਗਿਆ।

ਪਰ ਸਾਰੇ ਬੱਚਿਆਂ ਨੂੰ ਬਚਾਇਆ ਨਾ ਜਾ ਸਕਿਆ।

ਮੈਨੂੰ ਬਰੇਸਤ ਦੇ ਨੇੜੇ ਜੰਗਲ ਵਿਚ ਇਕ ਇੱਕਲਵੰਜੀ ਕਬਰ ਦੀ ਯਾਦ ਆਉਂਦੀ ਹੈ। ਖੰਭੇ ਨਾਲ ਲੱਗੀ ਇਕ ਤਖ਼ਤੀ ਉਤੇ ਲਿਖਿਆ ਹੋਇਆ ਸੀ: "ਇਹ ਤਾਨੀਆ ਦੀ ਕਬਰ ਹੈ"। ਇਹ ਤਾਨੀਆ ਕੌਣ ਹੈ? ਉਹ ਨਾਜ਼ੀਆਂ ਹੱਥੋਂ ਸ਼ਹੀਦ ਕਿਸ ਤਰ੍ਹਾਂ ਹੋਈ? ਕੀ ਉਹ ਨਿੱਕੀ ਹੁੰਦੀ ਹੀ ਸੈਨਿਕ ਬਣ ਗਈ ਸੀ, ਜਿਵੇਂ ਇਸ ਕਿਤਾਬ ਦਾ ਨਾਇਕ, ਇਵਾਨ ਜਾਂ ਹੋ ਸਕਦਾ ਹੈ ਨਾਜ਼ੀਆਂ ਨੇ ਉਸ ਨੂੰ ਬਿਨਾਂ ਕਾਰਨ ਕੇਵਲ ਇਸ ਲਈ ਮਾਰ ਛੱਡਿਆ ਕਿ ਉਹ ਜਿਊਂਦੀ ਸੀ, ਆਪਣੇ ਵਤਨ ਦੀ ਭੂਮੀ ਉਤੇ ਤੁਰਦੀ ਫਿਰਦੀ ਸੀ, ਤੇ ਸੂਰਜ ਨੂੰ ਵੇਖ ਕੇ ਖੁਸ਼ ਹੁੰਦੀ ਸੀ?

ਕਈ ਸੋਵੀਅਤ ਬੱਚੇ ਦੁਸ਼ਮਣ ਦੇ ਪਿਛਵਾੜੇ ਰਹਿ ਗਏ ਸਨ ਅਤੇ ਬਾਲਗਾਂ ਨਾਲ ਮਿਲ ਕੇ ਜੂਝਣ ਲਗ ਪਏ ਸਨ।

ਅਮਨ ਅਮਾਨ ਦੇ ਦਿਨਾਂ ਵਿਚ ਹੀ ਉਹਨਾਂ ਨੂੰ ਮੁਸ਼ਕਲਾਂ ਝਲਣ ਦੀ ਜਾਚ ਆ ਗਈ ਸੀ। ਉਹਨਾਂ ਨੂੰ ਪਤਾ ਸੀ ਕਿ ਕਈ ਕਿਲੋਮੀਟਰ ਕੂਚ ਦਾ ਮੁਸ਼ਕਿਲ ਪੈਂਡਾ ਤਹਿ ਕਿਵੇਂ ਕਰੀਦਾ ਹੈ ਤੇ ਧੂਣੀ ਦੁਆਲੇ ਰਾਤ ਕਿਵੇਂ ਕਟੀਦੀ ਹੈ। ਉਹ ਸਹਿਣਸ਼ੀਲ ਹੋਣ, ਐਨ ਨਿਸ਼ਾਨੇ ਉਤੇ ਗੋਲੀਆਂ ਮਾਰਨ, ਫਟੜ ਹੋਏ ਲੋਕਾਂ ਦੇ ਜ਼ਖ਼ਮਾਂ ਉਤੇ ਮਰਹਮ ਪੱਟੀ ਕਰਨ ਦੀ ਜਾਚ ਸਿਖਦੇ ਹੁੰਦੇ ਸਨ।

ਉਹਨਾਂ ਨੂੰ ਵੱਡੇ ਸਿਖਿਆ ਦੇਂਦੇ ਸਨ, ਜਿਨ੍ਹਾਂ ਨੂੰ ਨਵਉਮਰ ਸੋਵੀਅਤ ਰਾਜ ਲਈ ਲੜੀਆਂ ਲੜਾਈਆਂ ਦਾ ਅਜੇ ਚੇਤਾ ਸੀ। ਉਹਨਾਂ ਨੂੰ ਸਕੂਲ ਵਿਚ ਇਹ ਗੱਲ ਸਿਖਾਈ ਜਾਂਦੀ ਸੀ। ਉਹਨਾਂ ਨੇ ਇਹ ਕਿਤਾਬਾਂ 'ਚੋਂ ਸਿਖਿਆ ਸੀ।

ਸੋਵੀਅਤ ਬੱਚਿਆਂ ਦੇ ਮਨ-ਪਸੰਦ ਲੇਖਕ ਅ. ਗਾਈਦਾਰ ਨੇ ਜੰਗ ਛਿੜਨ ਉਤੇ ਇਹ ਕਿਹਾ ਸੀ: "ਮੈਨੂੰ ਮੌਤ ਨਾਲ ਨਫ਼ਰਤ ਹੈ। ਮੈਨੂੰ ਬੰਦੂਕ ਦੇ ਦਿਓ ਅਤੇ ਮੈਂ ਗੋਲੀ ਅਤੇ ਸੰਗੀਨ ਨਾਲ ਵਤਨ ਦੀ ਰਾਖੀ ਕਰਨ ਜਾਵਾਂਗੀ।"

ਮਗਰੋਂ ਇਹ ਸਬਕ ਸਾਡੇ ਬੱਚਿਆਂ ਦੇ ਕੰਮ ਆਇਆ।

ਜ਼ੰਗ ਤੇ ਬੱਚੇ। ਉਹ ਵੱਡਿਆਂ ਲਈ ਕੋਈ ਬੋਝ ਨਹੀਂ ਸਨ ਹਾਲਾਂਕਿ, ਮੁਸ਼ਕਲ ਤੋਂ ਮੁਸ਼ਕਲ ਸਮੇਂ ਵੀ ਸੋਵੀਅਤ ਲੋਕ ਉਹਨਾਂ ਦੀ ਜ਼ਿੰਦਗੀ ਸੁਖਾਵੀ ਬਣਾਉਣਾ ਚਾਹੁੰਦੇ ਸਨ। ਬੱਚਿਆਂ ਵਿਚੋਂ ਅਨੇਕਾਂ ਦ੍ਰਿੜ੍ਹ, ਨਿਡਰ ਯੋਧੇ ਸਾਬਿਤ ਹੋਏ।

ਜਿਸ ਦਿਨ ਜ਼ੰਗ ਦੇ ਅੰਤਮ ਗੋਲੇ ਦਾਗੇ ਗਏ, ਉਸ ਦਿਨ ਨੂੰ ਕਈ ਵਰ੍ਹੇ ਹੋ ਗਏ ਹਨ, ਪਰ ਲੋਕਾਂ ਨੂੰ ਇਹਨਾਂ ਗਭਰੇਟ ਯੋਧਿਆਂ ਦੇ ਨਾਂ ਚੰਗੀ ਤਰ੍ਹਾਂ ਯਾਦ ਹਨ: ਵੋਲੋਦੀਆ ਦੂਬੀਨਿਨ, ਗੂਲੀਆ ਕੋਰੋਲਿਓਵਾ, ਜ਼ੋਇਆ ਕੋਸਮੋਦੇਮਿਯਾਨਸਕਾਯਾ ਅਤੇ ਇਸ ਤਰ੍ਹਾਂ ਕਈ ਹੋਰ।

ਜ਼ੋਇਆ ਕੋਸਮੋਦੇਮਿਯਾਨਸਕਾਯਾ ਸ਼ਹੀਦ ਹੋਣ ਵਾਲੇ ਪਹਿਲਿਆਂ ਵਿਚੋਂ ਇਕ ਸੀ। ਉਹ ਅਠਾਰਾਂ ਵਰ੍ਹਿਆਂ ਦੀ ਸੀ। ਉਹ ਜਾਸੂਸੀ ਕਰਨ ਗਈ ਅਤੇ ਨਾਜ਼ੀਆਂ ਦੇ ਕਾਬੂ ਆ ਗਈ। ਇਸ ਨਾਜ਼ਕ ਤੇ ਚੁੱਪ-ਗੜੁਪ ਕੁੜੀ ਨੇ ਨਾਜ਼ੀਆਂ ਨੂੰ ਆਪਣੀ ਦ੍ਰਿੜ੍ਹਤਾ ਤੇ ਬਹਾਦਰੀ ਨਾਲ ਹੈਰਾਨ ਕਰ ਦਿੱਤਾ ਸੀ। ਪੁਛ-ਗਿੱਛ ਦੌਰਾਨ ਉਹ ਚੁਪ ਰਹੀ, ਅਤੇ ਤਸੀਹੇ ਝੱਲ ਕੇ ਵੀ ਆਪਣੇ ਸਾਥੀਆਂ ਦੇ ਨਾਂ ਨਹੀਂ ਦਸੇ। ਅਤੇ ਫੇਰ ਜਦੋਂ ਉਸ ਨੂੰ ਕਪੜੇ ਲੁਹਾ ਕੇ, ਨੰਗੇ ਪੈਰੀਂ ਬਰਫ ਉਤੇ ਤੋਰ ਕੇ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਸੀ, ਉਸ ਨੇ ਰਹਿਮ ਕਰਨ ਲਈ ਤਰਲਾ ਨਹੀਂ ਸੀ ਮਾਰਿਆ ਤੇ ਐਸੀ ਨਿਡਰਤਾ ਨਾਲ ਆਪਣੀ ਮੌਤ ਕਬੂਲ ਕੀਤੀ ਕਿ ਉਸ ਦਾ ਨਾਂ ਇਕ ਦੰਦ-ਕਥਾ ਬਣ ਗਿਆ। ਇਹ ਨਾਂ ਸਾਡੇ ਬੱਚਿਆਂ ਨੂੰ ਬਹਾਦਰੀ ਦੇ ਕਾਰਨਾਮੇ ਕਰਨ ਦੀ ਪ੍ਰੇਰਨਾ ਦੇਂਦਾ ਸੀ ਅਤੇ ਦੁਸ਼ਮਣਾਂ ਵਿਚ ਖੌਫ ਪੈਦਾ ਕਰਦਾ ਸੀ।

ਵੋਲੋਦੀਆ ਦੂਬੀਨਿਨ—ਜ਼ੰਗ ਤੋਂ ਪਹਿਲਾਂ ਉਹ ਛੇਵੀਂ ਜਮਾਤ ਵਿਚ ਪੜ੍ਹਦਾ ਹੁੰਦਾ ਸੀ—ਛਾਪੇਮਾਰਾਂ ਦੇ ਦਸਤੇ ਵਿਚ ਜਾਸੂਸ ਬਣ ਗਿਆ। ਇਹ ਛਾਪੇਮਾਰਾਂ ਦਾ ਦਸਤਾ ਦੁਸ਼ਮਣ ਦੀ ਨਜ਼ਰ ਤੋਂ ਬਚਣ ਲਈ ਜ਼ਮੀਨ ਹੇਠਲੀਆਂ ਸੁਰੰਗਾਂ ਵਿਚ ਰਹਿੰਦਾ ਹੁੰਦਾ ਸੀ। ਮੁੰਡਾ ਨਿਡਰ ਤੇ ਚਤੁਰ ਸੀ, ਉਹਨਾਂ ਦਰਾੜਾਂ ਵਿਚੋਂ ਦੀ ਲੰਘ ਜਾਂਦਾ ਸੀ ਜਿਨ੍ਹਾਂ ਵਿਚੋਂ ਵੱਡੇ ਨਹੀਂ ਸਨ ਲੰਘ ਸਕਦੇ। ਉਹ ਲੋਕਾਂ ਦਾ ਬਦਲਾ ਲੈਣ ਵਾਲੇ ਛਾਪੇਮਾਰਾਂ ਨੂੰ ਬੜੀ

ਵਡਮੁਲੀ ਸਹਾਇਤਾ ਪਹੁੰਚਾਉਂਦਾ ਸੀ। ਉਹ ਵੀ ਸੂਰਮੇ ਦੀ ਉੱਚੀ ਸੁੱਚੀ ਮੌਤ ਮਰ ਗਿਆ।

ਜ਼ੰਗ ਅਤੇ ਬੱਚੇ। ਇਹ ਠੀਕ ਹੈ ਕਿ ਸਭਨਾਂ ਬੱਚਿਆਂ ਨੇ ਆਪਣੇ ਹਥਾਂ ਵਿਚ ਹਥਿਆਰ ਨਹੀਂ ਚੁੱਕੇ। ਕਈਆਂ ਨੇ ਆਪਣੇ ਵਿਤ ਮੂਜਬ ਹੋਰ ਤਰੀਕਿਆਂ ਨਾਲ ਵੱਡਿਆਂ ਦੀ ਮਦਦ ਕੀਤੀ।

ਮੈਨੂੰ ਯਾਦ ਹੈ ਕਿ ਛੋਟੇ ਜਿਹੇ ਮਿਊਜ਼ੀਅਮ ਵਿਚ, ਜਿਹੜਾ ਲੈਨਿਨਗ੍ਰਾਦ ਦੇ ਬੱਚਿਆਂ ਨੇ ਬਣਾਇਆ ਸੀ, ਮੈਂ ਇਕ ਸਕੂਲੀ ਬੱਚੇ ਦੇ ਨੰਬਰਾਂ ਵਾਲੀ ਕਾਪੀ ਵੇਖੀ ਜਿਸ ਵਿਚ ਸਿਰਫ "ਚੰਗਾ", "ਸ਼ਾਨਦਾਰ" ਹੀ ਲਿਖਿਆ ਹੋਇਆ ਸੀ। ਅਜ ਵੀ ਅਜਿਹੀਆਂ ਲੱਖਾਂ ਕਾਪੀਆਂ ਹਨ, ਪਰ ਇਹਨਾਂ ਸਭਨਾਂ ਨੂੰ ਮਿਊਜ਼ੀਅਮਾਂ ਵਿਚ ਤਾਂ ਰਖਿਆ ਨਹੀਂ ਜਾ ਸਕਦਾ! ਉਹ ਕਾਪੀ ਇਕ ਕੁੜੀ ਦੀ ਸੀ ਜਿਹੜੀ 1941—42 ਦੇ ਸਿਆਲ ਵਿਚ ਲੈਨਿਨਗ੍ਰਾਦ ਵਿਚ ਰਹਿੰਦੀ ਤੇ ਪੜ੍ਹਦੀ ਹੁੰਦੀ ਸੀ। ਸ਼ਹਿਰ ਬਲ ਰਿਹਾ ਸੀ, ਭੁਖ ਤੇ ਪਾਲੇ ਨਾਲ ਲੋਕ ਮਰ ਰਹੇ ਸਨ, ਦੁਸ਼ਮਣ ਲਗਾਤਾਰ ਇਸ ਉਤੇ ਗੋਲੇ ਤੇ ਬੰਬ ਵਰ੍ਹਾ ਰਿਹਾ ਸੀ ਅਤੇ ਸ਼ਹਿਰ ਨਾਕਾਬੰਦੀ ਦੇ ਅਸਪਾਤੀ ਘੇਰੇ ਵਿਚ ਆਇਆ ਹੋਇਆ ਸੀ। ਮੁਹਾਜ਼ ਦੇ ਇਹਨਾਂ ਹਾਲਾਤ ਵਿਚ ਕੁੜੀ ਆਪਣਾ ਕੰਮ ਕਰਦੀ ਰਹੀ— ਪੜ੍ਹਦੀ ਸੀ ਤੇ ਉਸ ਨੂੰ ਬਹੁਤ ਚੰਗੇ ਨੰਬਰ ਮਿਲਦੇ ਸਨ। ਇਸ ਵਿਚ ਉਹਦੀ ਹਿੰਮਤ ਸੀ, ਉਹਦੀ ਦ੍ਰਿੜ੍ਹਤਾ ਸੀ, ਉਹਨੇ ਇਸ ਤਰ੍ਹਾਂ ਦੁਸ਼ਮਣ ਦਾ ਮੁਕਾਬਲਾ ਕੀਤਾ ਸੀ, ਉਹ ਇਸ ਤਰ੍ਹਾਂ ਜੂਝਦੀ ਰਹੀ ਸੀ।

ਮੈਂ ਜ਼ੰਗ ਵਿਚ ਬੱਚਿਆਂ ਬਾਰੇ ਬਹੁਤ ਕਹਾਣੀਆਂ ਸੁਣਾ ਸਕਦਾ ਹਾਂ। ਪਰ ਮੈਨੂੰ ਜਾਪਦਾ ਹੈ ਕਿ ਜਿਹੜੀ ਕਹਾਣੀ ਤੁਸੀਂ ਇਸ ਕਿਤਾਬ ਵਿਚ ਪੜ੍ਹਣੀ ਹੈ, ਉਹ ਤੁਹਾਨੂੰ ਤੁਹਾਡੀ ਉਮਰ ਦੇ ਹੀ ਇਕ ਬੱਚੇ ਦੇ ਕਾਰਨਾਮੇ ਬਾਰੇ ਸੱਚੀ ਹਕੀਕਤ ਬਿਆਨ ਕਰੇਗੀ, ਜਿਹੜਾ ਸਾਡੇ ਸਮੇਂ ਤੱਕ ਜਿਊਂਦਾ ਨਹੀਂ ਰਿਹਾ। ਉਹ ਨਾਜ਼ੀਆਂ ਨਾਲ ਲੜਾਈ ਵਿਚ ਮਾਰਿਆ ਗਿਆ। ਇਸੇ ਕਰਕੇ ਨਾਜ਼ੀਵਾਦ ਆਪਣੇ ਹੀ ਲਹੂ ਵਿਚ ਡੁੱਬ ਗਿਆ, ਅਤੇ ਤੁਹਾਡੇ ਤੋਂ, ਭਲਕ ਦੇ ਬੱਚਿਆਂ ਤੋਂ ਦੂਰ ਹੀ ਖ਼ਤਮ ਹੋ ਗਿਆ।

ਮੈਂ ਇਹ ਸਿਖਿਆਦਾਇਕ ਤੇ ਮੁਸ਼ਕਲ ਕਿਤਾਬ ਤੁਹਾਡੇ ਹੱਥ ਫੜਾ ਕੇ ਤੁਹਾਡੇ ਕੋਲੋਂ, ਬਾਲ ਪਾਠਕੋ, ਆਗਿਆ ਲੈਂਦਾ ਹਾਂ। ਤੁਸੀਂ ਇਸ ਨੂੰ ਧਿਆਨ ਨਾਲ ਪੜ੍ਹੋ ਅਤੇ ਇਕ ਛੋਟੇ ਰੂਸੀ ਮੁੰਡੇ ਕੋਲੋਂ ਨਿਡਰਤਾ, ਦ੍ਰਿੜ੍ਹਤਾ ਤੇ ਸਭ ਤੋਂ ਅਹਿਮ ਗੱਲ ਆਪਣੇ ਵਤਣ ਨੂੰ ਪਿਆਰ ਕਰਨਾ ਸਿਖੋ।

ਯੂਰੀ ਯਾਕੋਵਲੇਵ



1

ਉਸ ਰਾਤ ਮੈਂ ਤੜਕਸਾਰ ਜਾ ਕੇ ਰੱਖਿਆ ਚੌਕੀ ਦੀ ਪੜਤਾਲ ਕਰਨਾ ਚਾਹੁੰਦਾ ਸਾਂ, ਅਤੇ ਇਹ ਹੁਕਮ ਦੇ ਕੇ ਕਿ ਮੈਨੂੰ 4.00 ਵਜੇ ਜਗਾ ਦਿੱਤਾ ਜਾਏ, ਮੈਂ ਅੱਠ ਵੱਜੇ ਤੋਂ ਮਗਰੋਂ ਆਪਣੇ ਬਿਸਤਰੇ ਉਤੇ ਜਾ ਪਿਆ।

ਪਰ ਮੈਨੂੰ ਪਹਿਲਾਂ ਹੀ ਜਗਾ ਦਿੱਤਾ ਗਿਆ। ਰੌਸ਼ਨੀ ਵਾਲੇ ਡਾਇਲ ਦੀਆਂ ਸੂਈਆਂ ਇਕ ਵਜਣ ਵਿਚ ਪੰਜ ਮਿੰਟ ਦਾ ਸੰਕੇਤ ਦੇ ਰਹੀਆਂ ਸਨ।

"ਕਾਮਰੇਡ ਸੀਨੀਅਰ ਲੈਫਟੀਨੈਂਟ... ਕਾਮਰੇਡ ਸੀਨੀਅਰ ਲੈਫਟੀਨੈਂਟ!" ਕੋਈ ਜਣਾ ਮੈਨੂੰ ਮੋਢੇ ਤੋਂ ਜ਼ੋਰ ਜ਼ੋਰ ਦੀ ਹਿਲਾ ਰਿਹਾ ਸੀ। ਮੇਜ਼ ਉਤੇ ਟਿਮਟਿਮਾਉਂਦੀ ਲੈਂਪ ਦੇ ਨਿੰਮ੍ਹੇ ਜਿਹੇ ਚਾਨਣ ਵਿਚ ਮੈਨੂੰ ਰੱਖਿਆ ਚੌਕੀ ਦੀ ਪਲਟਣ ਦਾ ਲੈਂਸ–ਕਾਰਪੋਰਲ ਵਾਸੀਲੀਯੇਵ ਨਜ਼ਰ ਆਇਆ। "ਆਹ ਇਕ ਹਿਰਾਸਤੀਆ ਹੈ... ਛੋਟੇ ਲੈਫਟੀਨੈਂਟ ਨੇ ਤੁਹਾਡੇ ਅੱਗੇ ਪੇਸ਼ ਕਰਨ ਲਈ ਆਖਿਆ ਸੀ।"

"ਬੱਤੀ ਉੱਚੀ ਕਰ ਦੇ!" ਮੈਂ ਹੁਕਮ ਦਿੱਤਾ ਤੇ ਆਪਣੇ ਦਿਲ ਵਿਚ

ਕੋਸਿਆ। "ਮੈਨੂੰ ਪ੍ਰੇਸ਼ਾਨ ਕੀਤੇ ਬਗੈਰ ਵੀ ਤਾਂ ਇਹ ਮਾਮਲਾ ਨਿਬੇੜਿਆ ਜਾ ਸਕਦਾ ਸੀ।"

ਵਾਸੀਲੀਯੇਵ ਨੇ ਲੈਂਪ ਦੀ ਵੱਟੀ ਉੱਚੀ ਕੀਤੀ, ਤੇ ਮੇਰੇ ਵੱਲ ਮੂੰਹ ਕਰ ਕੇ ਇਤਲਾਹ ਦਿੱਤੀ:

"ਇਹ ਕੰਢੇ ਦੇ ਨੇੜੇ ਪਾਣੀ ਵਿਚ ਰੀਂਗਦਾ ਜਾਂਦਾ ਸੀ। ਕਿਉਂ? ਇਸ ਬਾਰੇ ਕੁਝ ਨਹੀਂ ਦੱਸਦਾ, ਹੈਡ ਕੁਆਰਟਰ ਲੈ ਜਾਣ ਦੀ ਮੰਗ ਕਰਦਾ ਹੈ। ਕਿਸੇ ਸਵਾਲ ਦਾ ਜਵਾਬ ਨਹੀਂ ਦੇਂਦਾ। ਕਹਿੰਦਾ ਹੈ, ਕਮਾਂਡਿੰਗ ਅਫਸਰ ਨਾਲ ਹੀ ਗੱਲ ਕਰੇਗਾ। ਥੱਕਾ-ਟੁੱਟਾ ਲੱਗਦਾ ਹੈ, ਪਰ ਹੋ ਸਕਦਾ ਹੈ ਮਕਰ ਕਰਦਾ ਹੋਵੇ। ਛੋਟੇ ਲੈਫਟੀਨੈਂਟ ਨੇ ਇਸ ਨੂੰ ਏਥੇ ਲਿਆਉਣ ਦਾ ਹੁਕਮ ਦਿੱਤਾ ਸੀ।"

ਮੈਂ ਉਠ ਕੇ ਬਹਿ ਗਿਆ, ਪੈਰਾਂ ਨੂੰ ਫੱਟੇ ਤੋਂ ਹੇਠਾਂ ਕਰ ਲਿਆ ਤੇ ਅੱਖਾਂ ਮਲਣ ਲੱਗ ਪਿਆ। ਹੱਟਾ-ਕੱਟਾ, ਪਲੇ ਹੋਏ ਸਰੀਰ ਵਾਲਾ, ਵਾਸੀਲੀਯੇਵ ਮੇਰੇ ਸਾਹਮਣੇ ਖੜਾ ਸੀ ਤੇ ਉਸ ਦੀ ਗੜੁਚ ਹੋਈ ਕੇਪ ਵਿਚੋਂ ਤ੍ਰਿਪ ਤ੍ਰਿਪ ਪਾਣੀ ਚੋਅ ਰਿਹਾ ਸੀ।

ਉਜਲੇ ਚਾਨਣ ਨਾਲ ਖੁਲ੍ਹਾ-ਡੁਲ੍ਹਾ ਛੱਤਿਆ ਹੋਇਆ ਮੋਰਚਾ ਜਗਮਗ ਕਰ ਉਠਿਆ ਅਤੇ ਮੈਂ ਵੇਖਿਆ ਕਿ ਐਨ ਦਰਵਾਜ਼ੇ ਦੇ ਕੋਲ ਇਕ ਗਿਆਰਾਂ ਕੁ ਵਰ੍ਹਿਆਂ ਦਾ ਪਤਲਾ ਜਿਹਾ ਮੁੰਡਾ ਖੜਾ ਸੀ, ਪਾਲੇ ਨਾਲ ਨੀਲਾ ਹੋਇਆ ਤੇ ਠੁਰ ਠੁਰ ਕੰਬ ਰਿਹਾ। ਉਸ ਦੀ ਗਿੱਲੀ ਕਮੀਜ਼ ਤੇ ਪਤਲੂਣ ਉਹਦੇ ਸਰੀਰ ਨਾਲ ਚੰਬੜੀ ਹੋਈ ਸੀ। ਉਹਦੇ ਨੰਗੇ ਪੈਰ ਗਿੱਟਿਆਂ ਤੱਕ ਚਿੱਕੜ ਨਾਲ ਲਿਬੜੇ ਹੋਏ ਸਨ। ਉਸ ਨੂੰ ਵੇਖ ਕੇ ਮੈਨੂੰ ਝੁਣਝੁਣੀ ਆ ਗਈ।

"ਅਗਾਂਹ ਹੋ ਕੇ ਅੰਗੀਠੀ ਦੇ ਕੋਲ ਖੜਾ ਹੋ ਜਾ!" ਮੈਂ ਉਸ ਨੂੰ ਹੁਕਮ ਦਿੱਤਾ। "ਕੌਣ ਏਂ ਤੂੰ?"

ਉਹ ਅੱਗੇ ਵਧਿਆ ਅਤੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਟੱਡ ਕੇ ਇਕਟੱਕ ਚੌਕਸ ਨਜ਼ਰਾਂ ਨਾਲ ਮੇਰੇ ਵੱਲ ਝਾਕਣ ਲੱਗਾ। ਉਸ ਦੀਆਂ ਗੱਲ੍ਹਾਂ ਦੀਆਂ ਹੱਡੀਆ ਉਭਰੀਆਂ ਹੋਈਆਂ ਸਨ ਅਤੇ ਉਸ ਦੇ ਚਿਹਰੇ ਦਾ ਰੰਗ ਚਮੜੀ ਉਤੇ ਜੰਮੇ ਮਿੱਟੀ-ਘੱਟੇ ਨਾਲ ਗੂੜ੍ਹਾ ਸਲੇਟੀ ਹੋਇਆ ਪਿਆ ਸੀ।

ਉਸ ਦੇ ਗਿੱਲੇ ਘਸਮੈਲੇ ਵਾਲਾਂ ਦੀਆਂ ਜਟੂਰੀਆਂ ਲਮਕ ਰਹੀਆਂ ਸਨ। ਘੁਟ ਕੇ ਮੀਟੇ ਹੋਏ ਨੀਲੇ ਬੁਲ੍ਹਾਂ ਵਾਲੇ ਉਸ ਦੇ ਥੱਕੇ ਹੋਏ ਚਿਹਰੇ ਉਤੋਂ ਇਕ ਤਣਾਓ, ਸ਼ੱਕ ਤੇ ਵੈਰ ਦੀ ਭਾਵਨਾ ਝਲਕਦੀ ਜਾਪਦੀ ਸੀ।

"ਕੌਣ ਏਂ ਤੂੰ?" ਮੈਂ ਫੇਰ ਪੁੱਛਿਆ।

"ਇਸ ਨੂੰ ਬਾਹਰ ਭੇਜ ਦਿਓ," ਆਪਣੀਆਂ ਅੱਖਾਂ ਨਾਲ ਵਾਸੀਲੀਯੇਵ ਵੱਲ ਸੈਨਤ ਕਰਦਿਆਂ, ਮੁੰਡੇ ਨੇ ਦੰਦ ਕਰੀਚਦਿਆਂ ਕਿਹਾ।

"ਥੋੜੀਆਂ ਜਿਹੀਆਂ ਲਕੜਾਂ ਹੋਰ ਪਾ ਦੇ ਤੇ ਬਾਹਰ ਜਾ ਕੇ ਇੰਤਜ਼ਾਰ ਕਰ," ਮੈਂ ਵਾਸੀਲੀਯੇਵ ਨੂੰ ਹੁਕਮ ਕੀਤਾ।

ਇਸ ਖਿਆਲ ਨਾਲ ਕਿ ਨਿੱਘੇ ਮੋਰਚੇ ਵਿਚ ਕੁਝ ਚਿਰ ਹੋਰ ਕਟ ਸਕੇ, ਉਸ ਨੇ ਬੜੇ ਆਰਾਮ ਨਾਲ ਅੰਗੀਠੀ ਨੂੰ ਹਿਲਾਇਆ, ਉਸ ਨੂੰ ਛੋਟੀਆਂ ਛੋਟੀਆਂ ਮੁੱਢੀਆਂ ਨਾਲ ਭਰ ਦਿੱਤਾ, ਅਤੇ ਹੌਲੀ ਜਿਹੀ ਬਾਹਰ ਚਲਾ ਗਿਆ। ਇੱਚਰ ਨੂੰ, ਮੈਂ ਆਪਣੇ ਬੂਟ ਪਾ ਲਏ ਸਨ ਅਤੇ ਆਸਵੰਦ ਨਜ਼ਰਾਂ ਨਾਲ ਮੁੰਡੇ ਵੱਲ ਵੇਖ ਰਿਹਾ ਸਾਂ।

"ਕਿਉਂ, ਤੂੰ ਚੁੱਪ ਕਿਉਂ ਕੀਤਾ ਹੋਇਆ ਏ? ਕਿਥੋਂ ਆਇਆ ਏਂ ਤੂੰ?"

"ਮੈਂ ਬੋਨਦਾਰੇਵ ਹਾਂ," ਉਸ ਨੇ ਸਹਿਜੇ ਜਿਹੇ ਐਸੇ ਅੰਦਾਜ਼ ਨਾਲ ਆਖਿਆ ਜਿਵੇਂ ਇਸ ਨਾਂ ਤੋਂ ਹੀ ਮੈਂ ਸਾਰੀ ਗੱਲ ਸਮਝ ਲਵਾਂਗਾ। "ਹੈਡ-ਕੁਆਰਟਰ ਨੂੰ ਹੁਣੇ ਖਬਰ ਕਰ ਦਿਓ, ਨੰਬਰ ਇਕਵੰਜਾ ਨੂੰ, ਕਿ ਮੈਂ ਏਥੇ ਹਾਂ।"

"ਹੱਛਾ!" ਮੈਂ ਹਾਸਾ ਨਾ ਰੋਕ ਸਕਿਆ। "ਤੇ ਫੇਰ ਅੱਗੋਂ?"

"ਅੱਗੋਂ ਉਹਨਾਂ ਦਾ ਕੰਮ ਹੈ। ਉਹਨਾਂ ਨੂੰ ਪਤਾ ਹੈ ਕੀ ਕਰਨਾ ਏ।"

"'ਉਹਨਾਂ' ਕਿੰਨ੍ਹਾਂ ਨੂੰ? ਕਿਹੜੇ ਹੈਡ-ਕੁਆਰਟਰ ਨੂੰ ਮੈਂ ਖਬਰ ਕਰਾਂ ਤੇ ਇਹ ਇਕਵੰਜਾ ਨੰਬਰ ਕੌਣ ਹੈ?"

"ਆਰਮੀ ਹੈਡ-ਕੁਆਰਟਰ ਨੂੰ।"

"ਤੇ ਇਕਵੰਜਾ ਨੰਬਰ ਕੌਣ ਹੈ?"

ਉਹ ਚੁਪ ਕੀਤਾ ਰਿਹਾ।

"ਕਿਹੜੀ ਆਰਮੀ ਦਾ ਹੈਡਕੁਆਰਟਰ ਤੈਨੂੰ ਚਾਹੀਦਾ ਏ?"

"ਫੌਜੀ ਚੌਕੀ ਨੰਬਰ ਉਨੰਜਾ, ਪੰਜ–ਪੰਜ–ਸਿਫਰ।"

ਉਸ ਨੇ ਬਿਨਾਂ ਕਿਸੇ ਗ਼ਲਤੀ ਦੇ ਸਾਡੇ ਆਰਮੀ ਹੈਡਕੁਆਰਟਰ ਦੀ ਸੈਨਿਕ ਚੌਕੀ ਦਾ ਨੰਬਰ ਦੱਸ ਦਿੱਤਾ। ਮੁਸਕ੍ਰਾਉਣਾ ਬੰਦ ਕਰ ਕੇ, ਮੈਂ ਹੈਰਾਨੀ ਨਾਲ ਉਹਦੇ ਵੱਲ ਵੇਖਦਾ ਸੋਚ ਰਿਹਾ ਸਾਂ ਕਿ ਮਾਮਲਾ ਕੀ ਹੈ।

ਉਸ ਦੇ ਚਿੱਤੜਾਂ ਨੂੰ ਲਗਦੀ ਗੰਦੀ ਕਮੀਜ਼ ਤੇ ਭੀੜੀ ਜਿਹੀ ਪਤਲੂਣ ਖੱਦਰ ਦੇ ਕਪੜੇ ਦੀਆਂ, ਤੇ ਮੇਰਾ ਖਿਆਲ ਸੀ ਸ਼ਾਇਦ ਘਰ ਦੇ ਕੱਤੇ ਖੱਦਰ ਦੀਆਂ, ਪੇਂਡੂ ਕਾਟ ਵਾਲੀਆਂ ਸਨ। ਪਰ ਉਹ ਬੋਲਦਾ ਬਿਲਕੁਲ ਸਹੀ ਸੀ ਤੇ ਉਚਾਰਨ ਵਿਚ ਮਾਸਕੋਵਾਸੀਆਂ ਜਾਂ ਬੇਲੋਰੂਸੀਆਂ ਦਾ ਲਹਿਜਾ ਸੀ। ਆਪਣੇ ਬੋਲ–ਚਾਲ ਤੋਂ ਉਹ ਮੁੰਡਾ ਸ਼ਹਿਰ ਦਾ ਜੰਮ–ਪਲ ਲੱਗਦਾ ਸੀ।

ਉਹ ਸੁਰਕੜੇ ਮਾਰਦਾ ਤੇ ਕੰਬਦਾ ਹੋਇਆ ਮੇਰੇ ਸਾਮ੍ਹਣੇ ਖੜਾ ਸੀ ਤੇ ਘੂਰੀਆਂ ਵੱਟਦਾ ਚੌਕਸ ਨਜ਼ਰਾਂ ਨਾਲ ਮੇਰੇ ਵੱਲ ਵੇਖ ਰਿਹਾ ਸੀ।

"ਆਪਣੇ ਕਪੜੇ ਲਾਹ ਸੁਟ ਤੇ ਪਿੰਡਾ ਪੂੰਝ ਰਗੜ ਕੇ। ਲੈ ਫੜ।" ਮੈਂ ਉਸ ਨੂੰ ਇਕ ਮੈਲਾ ਜਿਹਾ ਤੌਲੀਆ ਫੜਾਉਂਦਿਆਂ ਹੁਕਮ ਕੀਤਾ।

ਉਸ ਨੇ ਆਪਣੀ ਕਮੀਜ਼ ਲਾਹ ਦਿੱਤੀ। ਲਿੱਸਾ ਜਿਹਾ ਸਰੀਰ, ਜਿਸ ਦੀਆਂ ਪੱਸਲੀਆਂ ਨਜ਼ਰ ਆਉਂਦੀਆਂ ਸਨ, ਚਿੱਕੜ ਨਾਲ ਲਿਬੜਿਆ ਹੋਇਆ ਸੀ। ਦੁਚਿੱਤੀ ਜਿਹੀ ਨਾਲ ਉਸ ਨੇ ਤੌਲੀਏ 'ਤੇ ਨਜ਼ਰ ਮਾਰੀ।

"ਠੀਕ ਹੈ, ਠੀਕ ਹੈ। ਮੈਲਾ ਹੋ ਗਿਆ ਏ।"

ਉਹ ਆਪਣੀ ਛਾਤੀ, ਪਿੱਠ ਤੇ ਬਾਹਵਾਂ ਨੂੰ ਰਗੜ ਕੇ ਪੂੰਝਣ ਲੱਗ ਪਿਆ।

"ਪਤਲੂਣ ਵੀ ਲਾਹ ਦੇ," ਮੈਂ ਹੁਕਮ ਕੀਤਾ। "ਕੀ ਗੱਲ, ਸ਼ਰਮ ਆਉਂਦੀ ਹੈ?"

ਉਹ ਚੁੱਪ ਰਿਹਾ। ਬੜੀ ਕੋਸ਼ਿਸ਼ ਕਰ ਕੇ ਉਸ ਨੇ ਫੀਤੇ ਦੀ ਗਿੱਲੀ ਗੰਢ ਖੋਹਲੀ ਜਿਸ ਤੋਂ ਉਹ ਪੇਟੀ ਦਾ ਕੰਮ ਲੈ ਰਿਹਾ ਸੀ ਤੇ ਪਤਲੂਣ ਲਾਹ ਲਈ। ਅਜੇ ਉਹ ਬਿਲਕੁਲ ਬੱਚਾ ਹੀ ਸੀ, ਨਿੱਕੇ ਨਿੱਕੇ ਮੋਢੇ ਤੇ ਪਤਲੀਆਂ ਪਤਲੀਆਂ ਲੱਤਾਂ ਬਾਹਵਾਂ। ਉਹ ਦਸ ਜਾਂ ਗਿਆਰਾਂ ਸਾਲ ਤੋਂ ਵਧ ਉਮਰ ਦਾ ਨਹੀਂ ਸੀ ਲੱਗਦਾ, ਤੇ ਜੇ ਉਸ ਦੇ ਘੁੱਟੇ– ਵੱਟੇ ਮੂੰਹ ਨੂੰ, ਜਿਹੜਾ

ਬਚਿਆਂ ਵਾਂਗ ਨਹੀਂ ਸੀ, ਤੇ ਮੱਥੇ ਉਤਲੇ ਵੱਟਾਂ ਨੂੰ ਵੇਖ ਕੇ ਅੰਦਾਜ਼ਾ ਲਾਇਆ ਜਾਏ, ਤਾਂ ਉਸ ਨੂੰ ਤੇਰਾਂ ਸਾਲ ਦਾ ਸਮਝਿਆ ਜਾ ਸਕਦਾ ਸੀ। ਉਸ ਨੇ ਆਪਣੀ ਕਮੀਜ਼ ਤੇ ਪਤਲੂਣ ਚੁੱਕੀ ਤੇ ਦਰਵਾਜ਼ੇ ਪਿੱਛੇ ਇਕ ਨੁਕਰ ਵਿਚ ਸੁੱਟ ਦਿੱਤੀ।

"ਇਹਨਾਂ ਨੂੰ ਸੁਕਾਊ ਕੌਣ, ਚਾਚਾ?" ਮੈਂ ਉਸ ਨੂੰ ਕਿਹਾ।

"ਮੇਰੇ ਵਾਸਤੇ ਉਹ ਸਭ ਕੁਝ ਲੈ ਆਉਣਗੇ।"

"ਇਹ ਗੱਲ ਹੈ!" ਮੈਂ ਸ਼ੱਕ ਜ਼ਾਹਿਰ ਕਰਦਿਆਂ ਕਿਹਾ। "ਕਿਥੇ ਨੇ ਤੇਰੇ ਕਪੜੇ ਫੇਰ?"

ਉਹ ਚੁੱਪ ਕੀਤਾ ਰਿਹਾ। ਮੈਂ ਉਹਦੇ ਕੋਲੋਂ ਉਹਦਾ ਸ਼ਨਾਖਤੀ ਕਾਰਡ ਮੰਗਣ ਹੀ ਲੱਗਾ ਸਾਂ ਕਿ ਮੈਨੂੰ ਇਕਦਮ ਖਿਆਲ ਆ ਗਿਆ ਕਿ ਇਹ ਹਾਲੇ ਏਨੀ ਛੋਟੀ ਉਮਰ ਦਾ ਹੈ ਕਿ ਸ਼ਨਾਖਤੀ ਕਾਰਡ ਇਹਦੇ ਕੋਲ ਨਹੀਂ ਹੋ ਸਕਦਾ।

ਮੈਂ ਫੱਟੇ ਹੇਠੋਂ ਇਕ ਪੁਰਾਣੀ ਰੂੰਦਾਰ ਜੈਕਟ ਕੱਢੀ। ਇਹ ਮੇਰੇ ਅਰਦਲੀ ਦੀ ਸੀ ਜਿਸਦਾ ਮੈਡੀਕਲ ਬਟਾਲੀਅਨ ਵਿਚ ਇਲਾਜ ਹੋਇਆ ਸੀ। ਮੁੰਡਾ ਮੇਰੇ ਵੱਲ ਪਿੱਠ ਕਰ ਕੇ ਅੰਗੀਠੀ ਦੇ ਕੋਲ ਖੜਾ ਸੀ। ਉਹਦੇ ਮੋਢਿਆਂ ਦੀਆਂ ਪਤਲੀਆਂ ਜਿਹੀਆਂ ਉਭਰੀਆਂ ਹੋਈਆਂ ਹੱਡੀਆਂ ਵਿਚਕਾਰ, ਪੰਜ ਕੋਪਕ ਦੇ ਸਿੱਕੇ ਜੇਡਾ, ਕਾਲਾ ਜਿਹਾ ਜਨਮ–ਚਿੰਨ੍ਹ ਨਜ਼ਰ ਆ ਰਿਹਾ ਸੀ। ਸੱਜੇ ਮੋਢੇ ਦੀ ਹੱਡੀ ਦੇ ਥੋੜਾ ਜਿਹਾ ਉਪਰ ਇਕ ਲਾਲ ਝਰੀਟ ਜਿਹੀ ਸੀ ਜੋ, ਮੇਰੀ ਸਮਝ ਮੁਤਾਬਿਕ, ਗੋਲੀ ਦੇ ਜ਼ਖਮ ਦਾ ਨਿਸ਼ਾਨ ਸੀ।

"ਤੇਰੀ ਪਿੱਠ ਉਤੇ ਕੀ ਹੋਇਐ?"

ਉਸ ਨੇ ਆਪਣੇ ਮੋਢੇ ਉਪਰੋਂ ਦੀ ਮੇਰੇ ਵੱਲ ਵੇਖਿਆ, ਪਰ ਉਹ ਬੋਲਿਆ ਕੁਝ ਨਹੀਂ।

"ਮੈਂ ਤੈਨੂੰ ਪੁੱਛ ਰਿਹਾ ਹਾਂ, ਤੇਰੀ ਪਿੱਠ ਉਤੇ ਕੀ ਹੋਇਐ?" ਮੈਂ ਉਸ ਨੂੰ ਰੂੰਦਾਰ ਜੈਕਟ ਫੜਾਉਂਦਿਆਂ ਉੱਚੀ ਆਵਾਜ਼ ਵਿਚ ਪੁੱਛਿਆ।

"ਤੁਹਾਡਾ ਇਹਦੇ ਨਾਲ ਕੋਈ ਮਤਲਬ ਨਹੀਂ। ਤੇ ਮੈਨੂੰ ਕੁੱਦ ਕੁੱਦ ਕੇ ਨਾ ਪਵੋ।" ਉਸ ਨੇ ਕੌੜ ਖਾ ਕੇ ਜਵਾਬ ਦਿੱਤਾ। ਉਸ ਦੀਆਂ ਹਰੀਆਂ

ਅੱਖਾਂ ਬਿੱਲੀ ਦੀਆਂ ਅੱਖਾਂ ਵਾਂਗ ਚਮਕ ਰਹੀਆਂ ਸਨ। ਤਦ ਵੀ, ਉਸ ਨੇ ਜੈਕਟ ਫੜ ਲਈ। "ਤੁਹਾਡਾ ਕੰਮ ਇਹ ਖ਼ਬਰ ਕਰਨਾ ਹੈ ਕਿ ਮੈਂ ਏਥੇ ਹਾਂ। ਬਾਕੀ ਕਿਸੇ ਗੱਲ ਦਾ ਤੁਹਾਡੇ ਨਾਲ ਕੋਈ ਮਤਲਬ ਨਹੀਂ।"

"ਤੂੰ ਮੈਨੂੰ ਸਿਖਿਆ ਨਾ ਦੇ!" ਮੈਂ ਕੁਝ ਬੇਚੈਨ ਜਿਹਾ ਹੋ ਕੇ ਕੜਕਿਆ। "ਤੈਨੂੰ ਇਸ ਗੱਲ ਦੀ ਸਮਝ ਨਹੀਂ ਕਿ ਤੂੰ ਕਿੱਥੇ ਹੈਂ, ਤੇ ਤੈਨੂੰ ਕਿਸ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ। ਤੇਰੇ ਨਾਂ ਤੋਂ ਮੈਨੂੰ ਕਿਸੇ ਗੱਲ ਦੀ ਸਮਝ ਨਹੀ ਆਈ। ਜਿੱਨਾ ਚਿਰ ਤੂੰ ਮੈਨੂੰ ਇਹ ਨਹੀਂ ਦੱਸਦਾ ਕਿ ਤੂੰ ਕੌਣ ਹੈਂ, ਤੇ ਕਿਥੋਂ ਆਇਆ ਹੈਂ, ਤੇ ਦਰਿਆ 'ਤੇ ਕੀ ਕਰ ਰਿਹਾ ਸੀ, ਓਨਾ ਚਿਰ ਮੈਂ ਕੁਝ ਨਹੀਂ ਕਰਨਾ।"

"ਤੁਹਾਨੂੰ ਇਹਦਾ ਜਵਾਬ ਦੇਣਾ ਪਵੇਗਾ!" ਉਹਦੀ ਆਵਾਜ਼ ਵਿਚ ਧਮਕੀ ਸੀ।

"ਮੈਨੂੰ ਡਰਾਉਣ ਦੀ ਕੋਸ਼ਿਸ਼ ਨਾ ਕਰ, ਤੂੰ ਅਜੇ ਬੱਚਾ ਏਂ। ਮੇਰੇ ਨਾਲ ਇਸ ਚੁੱਪ ਦੀ ਖੇਡ ਤੋਂ ਤੈਨੂੰ ਕੁਝ ਨਹੀਂ ਲਭਣਾ। ਸਿਰਫ ਇਹ ਦੱਸ ਕਿ ਤੂੰ ਆਇਆ ਕਿਥੋਂ ਏਂ?"


ਉਸ ਨੇ ਰੂੰਦਾਰ ਜੈਕਟ ਆਪਣੇ ਦੁਆਲੇ ਲਪੇਟ ਲਈ ਜਿਹੜੀ ਤਕਰੀਬਨ ਉਹਦੇ ਗਿਟਿਆਂ ਤੱਕ ਪਹੁੰਚਦੀ ਸੀ ਤੇ ਚੁਪ ਕਰ ਕੇ ਮੂੰਹ ਦੂਜੇ ਪਾਸੇ ਕਰ ਲਿਆ।

"ਤੂੰ ਭਾਵੇਂ ਸਾਰਾ ਦਿਨ, ਤਿੰਨ ਦਿਨ, ਪੰਜ ਦਿਨ ਏਥੇ ਬੈਠਾ ਰਹਿ, ਪਰ ਜਿੱਨਾ ਚਿਰ ਤੂੰ ਇਹ ਨਹੀਂ ਦੱਸਦਾ ਕਿ ਤੂੰ ਕੌਣ ਹੈਂ, ਕਿਥੋਂ ਆਇਆ ਹੈ, ਮੈਂ ਕਿਤੇ ਵੀ ਤੇਰੇ ਬਾਰੇ ਕੋਈ ਇਤਲਾਹ ਨਹੀਂ ਕਰਨੀ।" ਮੈਂ ਸਾਫ ਸਾਫ ਕਹਿ ਦਿੱਤਾ।

ਉਸ ਨੇ ਰੁੱਖੇ ਜਿਹੇ ਢੰਗ ਨਾਲ ਮੇਰੇ ਵੱਲ ਵੇਖਿਆ ਤੇ ਫੇਰ ਮੂੰਹ ਦੂਜੇ ਪਾਸੇ ਕਰ ਲਿਆ।

"ਤੂੰ ਕੁਝ ਬੋਲੇਂਗਾ?"

"ਤੁਹਾਨੂੰ ਫੌਰਨ ਹੈਡ-ਕੁਆਰਟਰ ਵਿਚ ਇਕਵੰਜਾ ਨੰਬਰ ਨੂੰ ਇਤਲਾਹ ਦੇਣੀ ਚਾਹੀਦੀ ਹੈ ਕਿ ਮੈਂ ਏਥੇ ਹਾਂ," ਉਸ ਨੇ ਦ੍ਰਿੜ੍ਹਤਾ ਨਾਲ ਫੇਰ ਆਖਿਆ।



"ਮੈਨੂੰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਰਨੀ ਚਾਹੀਦੀ," ਮੈਂ ਖਿਝ ਕੇ ਆਖਿਆ। "ਤੇ ਜਿੰਨਾ ਚਿਰ ਤੂੰ ਇਹ ਨਹੀਂ ਦੱਸਦਾ ਕਿ ਤੂੰ ਕੌਣ ਤੇ ਕਿਥੋਂ ਹੈਂ, ਮੈਂ ਕੁਝ ਨਹੀਂ ਕਰਾਂਗਾ। ਇਹ ਗੱਲ ਪੱਲੇ ਬੰਨ੍ਹ ਲੈ।... ਇਹ ਇਕਵੰਜਾ ਨੰਬਰ ਕੌਣ ਹੈ?"

ਉਸ ਨੇ ਆਪਣੇ ਆਪ ਵਿਚ ਮਗਨ, ਪੱਕੀ ਚੁੱਪ ਧਾਰ ਰੱਖੀ।

"ਕਿਥੋਂ ਆਇਆ ਹੈਂ ਤੂੰ?" ਮੈਂ ਆਪਣੇ ਵਧ ਰਹੇ ਗੁਸੇ ਨੂੰ ਮੁਸ਼ਕਲ ਨਾਲ ਕਾਬੂ ਵਿਚ ਰੱਖਦਿਆਂ ਪੁੱਛਿਆ। "ਬੋਲ, ਜੇ ਚਾਹੁੰਦਾ ਹੈਂ ਕਿ ਮੈਂ ਤੇਰੇ ਬਾਰੇ ਇਤਲਾਹ ਦੇਵਾਂ।"

ਦੇਰ ਚਿਰ ਤੱਕ ਸੋਚਾਂ ਦੀ ਖਿਚੋਤਾਣ ਤੋਂ ਮਗਰੋਂ, ਉਹ ਦੰਦ ਕਰੀਚਦਾ ਬੋਲਿਆ:

"ਪਰਲੇ ਕੰਢਿਓਂ।"

"ਪਰਲੇ ਕੰਢਿਓਂ?" ਮੈਂ ਵਿਸ਼ਵਾਸ ਨਾ ਕਰ ਸਕਿਆ। "ਫੇਰ ਏਧਰ ਕਿਵੇਂ ਆ ਗਿਆ? ਤੂੰ ਕਿਸ ਤਰ੍ਹਾਂ ਸਾਬਤ ਕਰ ਸਕਦਾ ਹੈਂ ਕਿ ਤੂੰ ਪਰਲੇ ਕੰਢਿਓਂ ਆਇਆ ਹੈਂ?"

"ਮੈਂ ਸਾਬਤ ਨਹੀਂ ਕਰਨਾ। ਮੈਂ ਹੋਰ ਕੋਈ ਗੱਲ ਨਹੀਂ ਕਰਨੀ। ਤੁਹਾਨੂੰ ਮੇਰੇ ਕੋਲੋਂ ਪੁਛਗਿੱਛ ਕਰਨ ਦਾ ਕੋਈ ਹੱਕ ਨਹੀਂ—ਤੁਹਾਨੂੰ ਇਹਦਾ ਜਵਾਬ ਦੇਣਾ ਪਵੇਗਾ। ਤੇ ਟੈਲੀਫੋਨ ਉਤੇ ਵੀ ਕੋਈ ਗੱਲ ਨਾ ਕਰਨਾ। ਇਸ ਬਾਰੇ, ਕਿ ਮੈਂ ਪਰਲੇ ਕੰਢਿਓਂ ਹਾਂ, ਸਿਰਫ ਇਕਵੰਜਾ ਨੰਬਰ ਨੂੰ ਹੀ ਪਤਾ ਹੈ। ਤੁਹਾਨੂੰ ਫੌਰਨ ਉਸ ਨੂੰ ਇਤਲਾਹ ਦੇਣੀ ਚਾਹੀਦੀ ਹੈ ਕਿ ਬੋਨਦਾਰੇਵ ਏਥੇ ਹੈ। ਬਸ! ਉਹ ਮੈਨੂੰ ਲੈ ਜਾਣਗੇ।" ਉਸ ਨੇ ਚਿੱਲਾ ਕੇ ਆਖਿਆ।

"ਹੋ ਸਕਦਾ ਹੈ, ਤੂੰ ਅਜੇ ਵੀ ਦੱਸ ਦੇਵੇਂ ਕਿ ਤੂੰ ਕੌਣ ਹੈਂ ਜਿਹੜਾ ਉਹ ਤੈਨੂੰ ਲੈਣ ਆਉਣਗੇ?"

ਉਹ ਚੁੱਪ ਕੀਤਾ ਰਿਹਾ।

ਮੈਂ ਕੁਝ ਚਿਰ ਉਸ ਨੂੰ ਘੋਖਵੀਂ ਨਜ਼ਰ ਨਾਲ ਵੇਖਿਆ ਤੇ ਦਿਮਾਗ਼ ਉਤੇ ਜ਼ੋਰ ਪਾ ਕੇ ਸੋਚਿਆ। ਉਸ ਦੇ ਨਾਂ ਤੋਂ ਮੈਨੂੰ ਕੁਝ ਪਤਾ ਨਹੀਂ ਸੀ ਲੱਗਦਾ, ਪਰ ਹੋ ਸਕਦਾ ਹੈ ਕਿ ਆਰਮੀ ਹੈਡ-ਕੁਆਰਟਰ ਵਾਲੇ ਉਸ ਬਾਰੇ ਜਾਣਦੇ

ਹੋਣ। ਲੜਾਈ ਤੋਂ ਮੈਂ ਇਹ ਸਿਖਿਆ ਸੀ ਕਿ ਕਿਸੇ ਗੱਲ ਤੋਂ ਹੈਰਾਨ ਨਹੀਂ ਹੋਈਦਾ।

ਉਹ ਦੁਖੀ ਤੇ ਥੱਕਿਆ ਟੁੱਟਿਆ ਨਜ਼ਰ ਆਉਂਦਾ ਸੀ, ਪਰ ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਦਾ ਸੀ ਤੇ ਬੜੇ ਵਿਸ਼ਵਾਸ ਨਾਲ, ਸਗੋਂ ਬੜੇ ਰੁਹਬ ਨਾਲ ਗੱਲ ਕਰਦਾ ਸੀ। ਉਹ ਕੁਝ ਪੁਛਦਾ ਨਹੀਂ ਸੀ, ਤਕਾਜ਼ਾ ਕਰਦਾ ਸੀ। ਉਸ ਦੀ ਗੰਭੀਰਤਾ, ਇਕਾਗਰਤਾ, ਚੌਕਸੀ ਤੇ ਘੂਰੀ ਵੱਟਣ ਦਾ ਅੰਦਾਜ਼ ਬਹੁਤ ਹੀ ਅਜੀਬ ਪ੍ਰਭਾਵ ਪਾਉਂਦਾ ਸੀ। ਉਸ ਦਾ ਇਹ ਕਹਿਣਾ ਕਿ ਉਹ ਪਰਲੇ ਕੰਢਿਓਂ ਆਇਆ ਹੈ, ਮੈਨੂੰ ਕੋਰਾ ਝੂਠ ਜਾਪਦਾ ਸੀ।

ਬੇਸ਼ਕ, ਉਹਦੇ ਬਾਰੇ ਸਿੱਧਾ ਹੈਡ-ਕੁਆਰਟਰ ਨੂੰ ਇਤਲਾਹ ਦੇਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ, ਪਰ ਰੈਜਮੈਂਟ ਨੂੰ ਇਤਲਾਹ ਕਰਨਾ ਮੇਰਾ ਫਰਜ਼ ਸੀ। ਮੈਂ ਸੋਚਿਆ ਕਿ ਉਹ ਇਸ ਨੂੰ ਓਥੇ ਲੈ ਜਾਣਗੇ ਤੇ ਖੁਦ ਹੀ ਮਾਮਲੇ ਉਤੇ ਵਿਚਾਰ ਕਰ ਲੈਣਗੇ। ਤੇ ਮੈਂ ਚੌਕੀਆਂ ਦੇ ਮੁਆਇਨੇ 'ਤੇ ਜਾਣ ਤੋਂ ਪਹਿਲਾਂ ਘੰਟਾ ਦੋ ਘੰਟੇ ਸੌਂ ਲਵਾਂਗਾ।

ਮੈਂ ਟੈਲੀਫੋਨ ਦੀ ਹੱਥੀ ਘੁਮਾਈ ਅਤੇ ਰੈਜਮੈਂਟ ਹੈਡ-ਕੁਆਰਟਰ ਨਾਲ ਗੱਲ ਕੀਤੀ।

"ਹੈਲੋ, ਤਿੰਨ ਨੰਬਰ ਸੁਣ ਰਿਹਾ ਹਾਂ," ਮੈਂ ਰੈਜਮੈਂਟ ਦੇ ਕਮਾਂਡਰ, ਕਪਤਾਨ ਮਾਸਲੋਵ ਦੀ ਆਵਾਜ਼ ਸੁਣੀ।

"ਕਾਮਰੇਡ ਕਪਤਾਨ, ਅੱਠ ਨੰਬਰ ਇਤਲਾਹ ਦੇ ਰਿਹਾ ਹੈ। ਬੋਨਦਾਰੇਵ ਮੇਰੇ ਕੋਲ ਹੈ। ਬੋਨ... ਦਾ... ਰੇਵ! ਉਹ ਤਕਾਜ਼ਾ ਕਰਦਾ ਹੈ ਕਿ ਅਸੀਂ ਉਹਦੇ ਬਾਰੇ 'ਵੋਲਗਾ' ਨੂੰ ਇਤਲਾਹ ਦੇਈਏ।"

"ਬੋਨਦਾਰੇਵ?" ਮਾਸਲੋਵ ਨੇ ਸਵਾਲ ਕੀਤਾ। "ਕਿਹੜਾ ਬੋਨਦਾਰੇਵ? ਹਸਪਤਾਲ ਦਾ ਮੇਜਰ ਤਾਂ ਨਹੀਂ ਪੜਤਾਲ ਕਰਨ ਆ ਗਿਆ? ਓਥੇ ਕੀ ਕਰ ਰਿਹਾ ਹੈ?" ਮਾਸਲੋਵ ਨੇ ਸਵਾਲਾਂ ਦੇ ਗੋਲੇ ਦਾਗ ਦਿੱਤੇ। ਪ੍ਰਤੱਖ ਤੌਰ ਤੇ ਉਹ ਪ੍ਰੇਸ਼ਾਨ ਹੋ ਗਿਆ ਸੀ।

"ਨਹੀਂ, ਮੇਜਰ ਨਹੀਂ। ਮੈਨੂੰ ਖੁਦ ਪਤਾ ਨਹੀਂ ਕਿ ਉਹ ਕੌਣ ਹੈ। ਉਹ ਕੁਝ ਦੱਸਦਾ ਹੀ ਨਹੀਂ। ਤਕਾਜ਼ਾ ਕਰਦਾ ਹੈ ਕਿ ਮੈਂ 'ਵੋਲਗਾ' ਨੂੰ

ਇਤਲਾਹ ਦੇ ਦੇਵਾਂ, ਨੰਬਰ ਇਕਵੰਜਾ ਨੂੰ, ਕਿ ਉਹ ਏਥੇ ਮੇਰੇ ਕੋਲ ਹੈ।"

"ਤੇ ਇਹ ਇਕਵੰਜਾ ਨੰਬਰ ਕੌਣ ਹੈ?"

"ਮੇਰਾ ਖਿਆਲ ਸੀ ਤੁਹਾਨੂੰ ਪਤਾ ਹੋਵੇਗਾ।"

"ਸਾਡੇ ਕੋਲ 'ਵੋਲਗਾ' ਦੇ ਕਾਲ-ਸਾਈਨ ਨਹੀਂ। ਸਿਰਫ ਡੀਵੀਜ਼ਨ ਦੇ ਹਨ। ਉਸ ਦਾ ਕੀ ਕੰਮ ਹੈ, ਬੋਨਦਾਰੇਵ ਦਾ, ਤੇ ਉਹਦਾ ਰੈਂਕ?"

"ਉਹਦਾ ਕੋਈ ਰੈਂਕ ਨਹੀਂ," ਇਹ ਆਖਦਿਆਂ ਮੈਂ ਮੁਸਕ੍ਰਾਉਣੋਂ ਨਾ ਰਹਿ ਸਕਿਆ। ਇਹ ਤਾਂ ਕੋਈ ਮੁੰਡਾ ਹੈ, ਸਮਝਦੇ ਓ, ਬਾਰਾਂ ਕੁ ਸਾਲਾਂ ਦਾ ਮੁੰਡਾ ਹੈ।"

"ਕੀ ਆਖਿਆ, ਮਖੌਲ ਕਰਦਾ ਏਂ? ਕਿਸ ਨੂੰ ਉਲੂ ਬਣਾ ਰਿਹਾ ਏਂ ਤੂੰ?" ਮਾਸਲੋਵ ਟੈਲੀਫੋਨ ਵਿਚ ਗਰਜਿਆ। "ਇਹ ਕੋਈ ਸਰਕਸ ਦਾ ਤਮਾਸ਼ਾ ਹੈ? ਮੈਂ ਵਿਖਾਵਾਂਗਾ ਤੈਨੂੰ ਮੁੰਡਾ। ਮੇਜਰ ਕੋਲ ਰਿਪੋਰਟ ਕਰਾਂਗਾ। ਪੀਤੀ ਹੋਈ ਹੈ, ਜਾਂ ਤੈਨੂੰ ਹੋਰ ਕੋਈ ਕੰਮ ਨਹੀਂ? ਮੈਂ ਤੇਰੀ..."

"ਕਾਮਰੇਡ ਕਪਤਾਨ," ਮੈਂ ਚਿੱਲਾਇਆ। ਗੱਲ ਵਿਗੜਦੀ ਵੇਖ ਕੇ ਮੈਂ ਡੌਰ ਭੌਰ ਹੋ ਗਿਆ ਸਾਂ। "ਕਾਮਰੇਡ ਕਪਤਾਨ, ਕਸਮ ਖਾ ਕੇ ਕਹਿੰਦਾ ਹਾਂ ਕਿ ਇਹ ਮੁੰਡਾ ਹੈ। ਮੇਰਾ ਖਿਆਲ ਸੀ, ਤੁਸੀਂ ਉਹਦੇ ਬਾਰੇ ਜਾਣਦੇ ਹੋ..."

"ਮੈਂ ਨਹੀਂ ਜਾਣਦਾ, ਨਾ ਹੀ ਜਾਣਨਾ ਚਾਹੁੰਦਾ ਹਾਂ!" ਮਾਸਲੋਵ ਗੁੱਸੇ ਨਾਲ ਚਿੱਲਾਇਆ। "ਤੇ ਊਲ-ਜਲੂਲ ਗੱਲਾਂ ਨਾਲ ਮੇਰਾ ਸਿਰ ਨਾ ਖਾ। ਮੈਂ ਬੱਚਾ ਨਹੀਂ। ਮੇਰੇ ਨਾਲ ਖੇਡਾਂ ਨਾ ਕਰ। ਮੈਨੂੰ ਸਿਰ ਖੁਰਕਣ ਦੀ ਵਿਹਲ ਨਹੀਂ, ਤੇ ਤੂੰ..."

"ਪਰ ਮੈਂ ਸੋਚਿਆ ਸੀ..."

"ਤੂੰ ਸੋਚਣਾ ਬੰਦ ਕਰ!"

"ਠੀਕ ਹੈ, ਕਾਮਰੇਡ ਕਪਤਾਨ, ਪਰ ਇਸ ਮੁੰਡੇ ਦਾ ਕੀ ਕਰਾਂ?"

"ਕੀ ਕਰੇਂ?... ਤੇ ਉਹ ਤੇਰੇ ਕੋਲ ਆ ਕਿਸ ਤਰ੍ਹਾਂ ਗਿਆ?"

"ਦਰਿਆ ਕੰਢੇ ਸਾਡੀ ਚੌਕੀ ਨੇ ਕਾਬੂ ਕਰ ਲਿਆ।"

"ਕੰਢੇ ਉਤੇ ਕੀ ਕਰਦਾ ਸੀ ਉਹ?"

"ਮੈਨੂੰ ਕੀ ਪਤਾ ਹੋਵੇ..." ਇਕ ਪਲ ਵਾਸਤੇ ਮੈਂ ਝਿਜਕਿਆ। "ਕਹਿੰਦਾ ਹੈ ਕਿ ਉਹ ਪਰਲੇ ਕੰਢਿਓਂ ਹੈ।"

"ਕਹਿੰਦਾ ਹੈ," ਮਾਸਲੋਵ ਨੇ ਸਾਂਗ ਲਾਈ। "ਜਾਦੂ ਦੇ ਗਲੀਚੇ ਉਤੇ ਬਹਿ ਕੇ ਆ ਗਿਆ ਹੋਵੇਗਾ, ਹੈਂ? ਉਹ ਡੀਂਗਾਂ ਮਾਰਦਾ ਹੈ, ਤੇ ਤੂੰ ਇਤਬਾਰ ਕਰ ਲਿਆ। ਇਹਨੂੰ ਪਹਿਰੇ ਹੇਠ ਰੱਖ!" ਉਸ ਨੇ ਹੁਕਮ ਦਿੱਤਾ। "ਤੇ ਜੇ ਤੇਰੇ ਕੋਲੋਂ ਕਾਬੂ ਵਿਚ ਨਹੀਂ ਰੱਖਿਆ ਜਾਂਦਾ ਤਾਂ ਜ਼ੋਤੋਵ ਦੇ ਹਵਾਲੇ ਕਰ ਦੇ। ਇਹ ਉਹਨਾਂ ਦਾ ਕੰਮ ਹੈ... ਉਹ ਕਰਨ।"

"ਤੁਸੀਂ ਉਸ ਨੂੰ ਕਹਿ ਦਿਓ ਕਿ ਜੇ ਉਹ ਦਬਕੇ ਹੀ ਮਾਰੀ ਗਿਆ ਤੇ ਹੁਣੇ ਹੀ ਨੰਬਰ ਇਕਵੰਜਾ ਨੂੰ ਇਤਲਾਹ ਨਾ ਕੀਤੀ, ਤਾਂ ਉਸ ਨੂੰ ਇਹਦਾ ਜਵਾਬ ਦੇਣਾ ਪਵੇਗਾ," ਮੁੰਡੇ ਨੇ ਅਚਾਨਕ ਉੱਚੀ ਕੰਨ-ਪਾੜਵੀਂ ਆਵਾਜ਼ ਵਿਚ ਆਖਿਆ।

ਪਰ ਮਾਸਲੋਵ ਨੇ ਚੋਗਾ ਰੱਖ ਦਿੱਤਾ ਸੀ, ਅਤੇ ਮੈਂ ਵੀ ਮੁੰਡੇ ਤੇ ਮਾਸਲੋਵ ਕੋਲੋਂ ਖਿਝੇ ਹੋਏ ਨੇ, ਆਪਣਾ ਚੋਗਾ ਧੜੰਮ ਕਰ ਕੇ ਰੱਖ ਦਿੱਤਾ।

ਗੱਲ ਇਹ ਸੀ ਕਿ ਮੈਂ ਬਟਾਲੀਅਨ ਦਾ ਕਮਾਂਡਰ ਹੋਣ ਦੇ ਫਰਜ਼ ਆਰਜ਼ੀ ਤੌਰ ਤੇ ਨਿਭਾ ਰਿਹਾ ਸਾਂ, ਤੇ ਸਾਰੇ ਜਾਣਦੇ ਸਨ ਕਿ ਮੈਂ "ਆਰਜ਼ੀ" ਹਾਂ। ਇਕ ਗੱਲ ਇਹ ਕਿ ਮੇਰੀ ਉਮਰ ਕੇਵਲ ਇੱਕੀ ਵਰ੍ਹਿਆਂ ਦੀ ਸੀ, ਅਤੇ ਕੁਦਰਤੀ ਹੀ, ਮੇਰੇ ਨਾਲ ਦੂਜੇ ਬਟਾਲੀਅਨ ਕਮਾਂਡਰਾਂ ਨਾਲੋਂ ਵੱਖਰੀ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਸੀ। ਜਿਥੇ ਰੈਜਮੈਂਟ ਦਾ ਕਮਾਂਡਰ ਤੇ ਉਹਦੇ ਸਹਾਇਕ ਇਹ ਗੱਲ ਜ਼ਾਹਿਰ ਨਹੀਂ ਸੀ ਹੋਣ ਦੇਂਦੇ, ਮਾਸਲੋਵ, ਜਿਹੜਾ ਸਬੱਬ ਨਾਲ ਮੇਰੀ ਰੈਜਮੈਂਟ ਦੇ ਵੱਡੇ ਅਫਸਰਾਂ ਵਿਚ ਆਪ ਸਭ ਤੋਂ ਜਵਾਨ ਸੀ, ਨੇ ਇਹ ਗੱਲ ਲੁਕਾਈ ਨਹੀਂ ਸੀ ਕਿ ਉਹ ਮੈਨੂੰ ਮੁੰਡਾ-ਖੁੰਡਾ ਹੀ ਸਮਝਦਾ ਹੈ ਤੇ ਉਸ ਤਰ੍ਹਾਂ ਦਾ ਹੀ ਮੇਰੇ ਨਾਲ ਸਲੂਕ ਕਰਦਾ ਹੈ, ਭਾਵੇਂ ਮੈਂ ਜੰਗ ਦੇ ਸ਼ੁਰੂ ਮਹੀਨਿਆਂ ਤੋਂ ਹੀ ਲੜ ਰਿਹਾ ਅਤੇ ਫੱਟੜ ਵੀ ਹੋ ਚੁੱਕਾ ਸਾਂ ਤੇ ਇਨਾਮ ਵੀ ਲੈ ਚੁੱਕਾ ਸਾਂ।

ਜ਼ਾਹਿਰ ਹੈ ਕਿ ਮਾਸਲੋਵ ਪਹਿਲੀ ਜਾਂ ਤੀਜੀ ਬਟਾਲੀਅਨ ਦੇ ਕਮਾਂਡਰ ਨਾਲ ਇਸ ਅੰਦਾਜ਼ ਵਿਚ ਗੱਲ ਕਰਨ ਦੀ ਹਿੰਮਤ ਨਹੀਂ ਸੀ ਕਰ ਸਕਦਾ।



ਮੇਰੀ ਗੱਲ ਹੋਰ ਸੀ। ਬਿਨਾਂ ਜਾਣੇ ਬੁੱਝੇ ਦੇ ਕਿ ਮਾਜਰਾ ਕੀ ਹੈ ਕੂਕਣ ਲੱਗ ਪਿਆ ਸੀ। ਮੈਨੂੰ ਵਿਸ਼ਵਾਸ ਸੀ ਕਿ ਮਾਸਲੋਵ ਸਹੀ ਨਹੀਂ ਸੀ। ਇਸ ਦੇ ਬਾਵਜੂਦ, ਕਿੜਭਰੀ ਖ਼ੁਸ਼ੀ ਨਾਲ ਮੈਂ ਮੁੰਡੇ ਨੂੰ ਆਖਿਆ :

"ਤੂੰ ਕਹਿੰਦਾ ਸੀ ਕਿ ਤੇਰੇ ਬਾਰੇ ਇਤਲਾਹ ਦੇ ਦੇਵਾਂ, ਸੋ ਮੈਂ ਦੇ ਦਿੱਤੀ। ਮੈਨੂੰ ਹੁਕਮ ਮਿਲਿਆ ਹੈ ਕਿ ਤੈਨੂੰ ਪਹਿਰੇ ਹੇਠ ਰੱਖਿਆ ਜਾਵੇ। ਹੋ ਗਈ ਤਸੱਲੀ ?"

"ਮੈਂ ਤੁਹਾਨੂੰ ਆਖਿਆ ਸੀ ਕਿ ਆਰਮੀ ਹੈਡ-ਕੁਆਰਟਰ ਇਕਵੰਜਾ ਨੰਬਰ ਨੂੰ ਇਤਲਾਹ ਕਰੋ, ਪਰ ਤੁਸੀਂ ਨਹੀਂ ਕੀਤੀ।"

"ਤੂੰ 'ਆਖਿਆ' ਸੀ ! ਮੈਂ ਆਪਣੇ ਤੋਂ ਵੱਡੇ ਅਫਸਰਾਂ ਤੋਂ ਉਪਰ ਹੈਡ-ਕੁਆਰਟਰ ਨੂੰ ਇਤਲਾਹ ਨਹੀਂ ਦੇ ਸਕਦਾ।"

"ਲਿਆਓ ਮੈਂ ਫੋਨ ਕਰ ਦੇਵਾਂ," ਮੁੰਡੇ ਨੇ ਰੂੰਦਾਰ ਜੈਕਟ ਹੇਠੋਂ ਜਲਦੀ ਨਾਲ ਹੱਥ ਅੱਗੇ ਕਰ ਕੇ ਚੋਗਾ ਫੜਦਿਆਂ ਆਖਿਆ।

"ਨਾ ਕਰ ! ਕਿਸ ਨੂੰ ਫੋਨ ਕਰਨ ਲੱਗਾ ਏਂ ? ਆਰਮੀ ਹੈਡ-ਕੁਆਰਟਰ ਵਿਚ ਤੂੰ ਕਿਸ ਨੂੰ ਜਾਣਦਾ ਏਂ ?"

ਉਹ ਕੁਝ ਦੇਰ ਚੁੱਪ ਕੀਤਾ ਰਿਹਾ। ਚੋਗਾ ਅਜੇ ਵੀ ਉਹਦੇ ਹੱਥ ਵਿਚ ਸੀ ਤੇ ਉਸ ਨੇ ਮੂੰਹ ਵੱਟਦਿਆਂ ਆਖਿਆ, "ਲੈਫਟੀਨੈਂਟ ਕਰਨਲ ਗਰਿਆਜ਼ਨੋਵ।"

ਲੈਫਟੀਨੈਂਟ ਕਰਨਲ ਗਰਿਆਜ਼ਨੋਵ ਫੌਜ ਦੇ ਖੁਫੀਆ ਮਹਿਕਮੇ ਦਾ ਮੁਖੀ ਸੀ। ਮੈਂ ਉਸ ਨੂੰ ਸੁਣ-ਸੁਣਾ ਕੇ ਹੀ ਨਹੀਂ, ਜ਼ਾਤੀ ਤੌਰ ਤੇ ਜਾਣਦਾ ਸਾਂ।

"ਕਿਸ ਤਰ੍ਹਾਂ ਜਾਣਦਾ ਏਂ ਤੂੰ ਉਹਨੂੰ ?"

ਖਾਮੋਸ਼ੀ।

"ਹੈਡ-ਕੁਆਰਟਰ ਵਿਚ ਹੋਰ ਕਿਸ ਨੂੰ ਜਾਣਦਾ ਏਂ ?"

ਫੇਰ ਖਾਮੋਸ਼ੀ, ਫੇਰ ਤਿੱਖੀ ਗੁਸੈਲੀ ਝਾਤ ਤੇ ਬੁੜਬੁੜ :

"ਕਪਤਾਨ ਖੋਲਿਨ ਨੂੰ।"

ਫੌਜ ਦੇ ਖੁਫੀਆ ਮਹਿਕਮੇ ਦਾ ਇਕ ਅਫਸਰ, ਖੋਲਿਨ ਮੇਰਾ ਵੀ ਜਾਣੂ ਸੀ।

"ਇਹਨਾਂ ਨੂੰ ਕਿਸ ਤਰ੍ਹਾਂ ਜਾਣਦਾ ਏਂ ਤੂੰ ?"

"ਗਰਿਆਜ਼ਨੋਵ ਨੂੰ ਹੁਣੇ ਖਬਰ ਕਰੋ ਕਿ ਮੈਂ ਏਥੇ ਹਾਂ," ਮੁੰਡੇ ਨੇ ਮੇਰੇ ਸਵਾਲ ਵਲੋਂ ਬੇਪ੍ਰਵਾਹ ਰਹਿ ਕੇ ਤਕਾਜ਼ਾ ਕੀਤਾ। "ਜਾਂ ਮੈਂ ਆਪ ਫੋਨ ਕਰ ਦੇਂਦਾ ਹਾਂ।"

ਮੈਂ ਉਹਦੇ ਕੋਲੋਂ ਚੋਗਾ ਫੜ ਲਿਆ ਅਤੇ ਇਕ ਪਲ ਸੋਚਣ ਤੋਂ ਮਗਰੋਂ ਹੱਥੀ ਨੂੰ ਘੁਮਾਇਆ। ਫੇਰ ਮਾਸਲੋਵ ਨਾਲ ਮੇਰਾ ਸੰਪਰਕ ਜੁੜ ਗਿਆ।

"ਨੰਬਰ ਅੱਠ ਬੋਲਦਾਂ, ਕਾਮਰੇਡ ਕਪਤਾਨ। ਮਿਹਰਬਾਨੀ ਕਰ ਕੇ ਮੇਰੀ ਗੱਲ ਸੁਣੋ," ਮੈਂ ਆਪਣੀ ਬੇਚੈਨੀ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਿਆਂ ਦ੍ਰਿੜ੍ਹ ਆਵਾਜ਼ ਵਿਚ ਆਖਿਆ। "ਫੇਰ ਏਸੇ ਬੋਨਦਾਰੇਵ ਦੀ ਗੱਲ ਹੀ ਹੈ। ਉਹ ਲੈਫਟੀਨੈਂਟ ਕਰਨਲ ਗਰਿਆਜ਼ਨੋਵ ਤੇ ਕਪਤਾਨ ਖੋਲਿਨ ਨੂੰ ਜਾਣਦਾ ਹੈ।"

"ਕਿਸ ਤਰ੍ਹਾਂ ਜਾਣਦਾ ਹੈ ਉਹਨਾਂ ਨੂੰ ?" ਮਾਸਲੋਵ ਨੇ ਥੱਕੀ ਹੋਈ ਆਵਾਜ਼ ਵਿਚ ਪੁੱਛਿਆ।

"ਦੱਸਦਾ ਨਹੀਂ ਉਹ। ਮੇਰਾ ਖਿਆਲ ਹੈ ਕਿ ਲੈਫਟੀਨੈਂਟ ਕਰਨਲ ਗਰਿਆਜ਼ਨੋਵ ਨੂੰ ਇਤਲਾਹ ਕਰਨੀ ਚਾਹੀਦੀ ਹੈ।"

"ਜੇ ਤੇਰੇ ਖਿਆਲ ਵਿਚ ਲੋੜ ਹੈ ਤਾਂ ਕਰ ਦੇ," ਮਾਸਲੋਵ ਨੇ ਬੇਰੁਖੀ ਜਿਹੀ ਨਾਲ ਆਖਿਆ। "ਤੂੰ ਹਮੇਸ਼ਾ ਫਜ਼ੂਲ ਗੱਲਾਂ ਨਾਲ ਆਪਣੇ ਅਫਸਰਾਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਏਂ। ਜ਼ਾਤੀ ਤੌਰ ਤੇ ਮੈਨੂੰ ਕੋਈ ਵਜਾਹ ਨਹੀਂ ਦਿਸਦੀ ਕਿ ਹੈਡ-ਕੁਆਰਟਰ ਵਾਲਿਆਂ ਨੂੰ ਪ੍ਰੇਸ਼ਾਨ ਕੀਤਾ ਜਾਵੇ ਤੇ ਉਹ ਵੀ ਰਾਤ ਵੇਲੇ। ਬਹੁਤ ਬੁਰੀ ਗੱਲ ਹੈ।"

"ਤਾਂ ਮੈਨੂੰ ਉਹਨਾਂ ਨੂੰ ਫੋਨ ਕਰਨ ਦੀ ਇਜਾਜ਼ਤ ਹੈ?"

"ਮੇਰੇ ਵਲੋਂ ਕਿਸੇ ਗੱਲ ਦੀ ਇਜਾਜ਼ਤ ਨਹੀਂ, ਤੇ ਮੈਨੂੰ ਨਾ ਇਸ ਮਾਮਲੇ ਵਿਚ ਖਿੱਚ। ਫੇਰ ਵੀ, ਤੂੰ ਦੂਨਾਯੇਵ ਨੂੰ ਫੋਨ ਕਰ ਸਕਦਾ ਏਂ। ਮੈਂ ਹੁਣੇ ਉਹਦੇ ਨਾਲ ਗੱਲ ਕਰ ਰਿਹਾ ਸਾਂ, ਉਹ ਜਾਗਦਾ ਹੈ।"

ਮੈਂ ਖੁਫੀਆ ਮਹਿਕਮੇ ਦੇ ਡੀਵੀਜਨਲ ਮੁਖੀ, ਮੇਜਰ ਦੂਨਾਯੇਵ ਨੂੰ ਫੋਨ ਕਰ ਦਿੱਤਾ, ਤੇ ਉਸ ਨੂੰ ਦੱਸ ਦਿੱਤਾ ਕਿ ਬੋਨਦਾਰੇਵ ਏਥੇ ਹੈ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਲੈਫਟੀਨੈਂਟ ਕਰਨਲ ਗਰਿਆਜ਼ਨੋਵ ਨੂੰ ਫੋਨ ਉਤੇ ਇਤਲਾਹ ਕਰੀਏ...

"ਠੀਕ ਹੈ," ਦੂਨਾਯੇਵ ਨੇ ਮੈਨੂੰ ਟੋਕਿਆ। "ਮੈਂ ਇਤਲਾਹ ਕਰ ਦੇਵਾਂਗਾ ਤੇ ਫੇਰ ਫੋਨ ਕਰਾਂਗਾ।"

ਦੋ ਮਿੰਟ ਬਾਦ ਟੈਲੀਫੋਨ ਦੀ ਘੰਟੀ ਜ਼ੋਰ ਜ਼ੋਰ ਨਾਲ ਖੜਕੀ।

"ਅੱਠ ਨੰਬਰ? 'ਵੋਲਗਾ' ਤੋਂ ਬੋਲ ਰਿਹਾ ਹਾਂ," ਟੈਲੀਫੋਨ ਅਪਰੇਟਰ ਨੇ ਕਿਹਾ।

"ਗਾਲਤਸੇਵ? ਕੀ ਹਾਲ ਹੈ, ਗਾਲਤਸੇਵ?" ਮੈਂ ਲੈਫਟੀਨੈਂਟ ਕਰਨਲ ਗਰਿਆਜ਼ਨੋਵ ਦੀ ਭਾਰੀ ਘਗੀ ਆਵਾਜ਼ ਪਛਾਣ ਲਈ। ਇਹ ਮੇਰੀ ਜਾਣੀ ਪਛਾਣੀ ਆਵਾਜ਼ ਸੀ। ਗਰਿਆਜ਼ਨੋਵ ਗਰਮੀਆਂ ਤੱਕ ਸਾਡੇ ਡੀਵੀਜ਼ਨ ਦੇ ਖੁਫੀਆ ਮਹਿਕਮੇ ਦਾ ਮੁਖੀ ਸੀ ਤੇ ਮੈਂ ਓਦੋਂ ਤਾਲਮੇਲ ਅਫਸਰ ਹੁੰਦਾ ਸਾਂ। ਅਕਸਰ ਉਹਦੇ ਨਾਲ ਸੰਪਰਕ ਹੋ ਜਾਂਦਾ ਸੀ। "ਬੋਨਦਾਰੇਵ ਤੇਰੇ ਕੋਲ ਹੈ?"

"ਹਾਂ, ਕਾਮਰੇਡ ਲੈਫਟੀਨੈਂਟ ਕਰਨਲ।"

"ਸ਼ਾਬਾਸ਼!" ਇਕ ਪਲ ਮੈਨੂੰ ਸਮਝ ਨਾ ਆ ਸਕੀ ਕਿ ਇਹ ਲਫਜ਼ ਮੇਰੇ ਲਈ ਆਖਿਆ ਗਿਆ ਸੀ ਜਾਂ ਮੁੰਡੇ ਲਈ। "ਧਿਆਨ ਨਾਲ ਸੁਣ ਮੇਰੀ ਗੱਲ। ਮੋਰਚੇ ਵਿਚੋਂ ਸਾਰਿਆਂ ਨੂੰ ਬਾਹਰ ਕੱਢ ਦੇ। ਕਿਸੇ ਨੂੰ ਵੀ ਉਹਨੂੰ ਮਿਲਣ ਜਾਂ ਪ੍ਰੇਸ਼ਾਨ ਨਾ ਕਰਨ ਦੇ। ਕੋਈ ਗੱਲਬਾਤ ਨਹੀਂ ਕਰਨੀ। ਸਮਝ ਗਿਆ? ਮੇਰੇ ਵਲੋਂ ਸਲਾਮ ਆਖ ਉਹਨੂੰ। ਖੋਲਿਨ ਉਸ ਨੂੰ ਲੈਣ ਆ ਰਿਹਾ ਹੈ। ਤਿੰਨ ਕੁ ਘੰਟਿਆਂ ਤੱਕ ਪਹੁੰਚ ਜਾਵੇਗਾ, ਮੇਰੇ ਖਿਆਲ ਵਿਚ। ਇੱਚਰ, ਧਿਆਨ ਰੱਖ ਕਿ ਉਹਦੀ ਹਰ ਲੋੜ ਪੂਰੀ ਹੋਵੇ। ਸਿਆਣਪ ਨਾਲ ਪੇਸ਼ ਆਵੀਂ, ਉਹ ਬੜਾ ਨਾਜ਼ਕ ਮਿਜ਼ਾਜ ਹੈ। ਸਭ ਤੋਂ ਪਹਿਲਾਂ, ਉਹਨੂੰ ਕਾਗਜ਼ ਤੇ ਸਿਆਹੀ ਜਾਂ ਪੈਨਸਿਲ ਦੇ। ਉਸ ਦਾ ਸੁਨੇਹਾ ਕਿਸੇ ਇਤਬਾਰੀ ਹਰਕਾਰੇ ਦੇ ਹੱਥ ਬੰਦ ਲਿਫਾਫੇ ਵਿਚ ਰੈਜਮੈਂਟ ਦੇ ਹੈਡ-ਕੁਆਰਟਰ ਭੇਜ ਦੇ। ਮੈਂ ਹੁਕਮ ਭੇਜ ਦੇਵਾਂਗਾ ਕਿ ਇਸ ਰੁੱਕੇ ਨੂੰ ਫੌਰਨ ਮੇਰੇ ਕੋਲ ਭੇਜਿਆ ਜਾਵੇ। ਉਸ ਨੂੰ ਆਰਾਮ ਕਰਨ ਦੇ ਤੇ ਪ੍ਰੇਸ਼ਾਨ ਨਾ ਕਰੀਂ। ਹੱਥ ਮੂੰਹ ਧੋਣ ਵਾਸਤੇ ਗਰਮ ਪਾਣੀ ਤੇ ਕੁਝ ਖਾਣ ਵਾਸਤੇ ਦੇ। ਪਲ ਕੁ ਅੱਖ ਲਾ ਲੈਣ ਦੇ। ਸਾਡਾ ਗਭਰੇਟ ਹੈ। ਸਮਝ ਗਿਆ?"

"ਹਾਂ," ਮੈਂ ਜਵਾਬ ਦਿੱਤਾ ਭਾਵੇਂ ਬਹੁਤ ਸਾਰੀਆਂ ਗੱਲਾਂ ਹਾਲੇ ਵੀ ਮੇਰੇ ਵਾਸਤੇ ਉਲਝਣ ਬਣੀਆਂ ਹੋਈਆਂ ਸਨ।

* * *

"ਕੁਝ ਖਾਣ ਨੂੰ ਜੀਅ ਕਰਦਾ ਹੈ?" ਉਸ ਨੂੰ ਮੇਰਾ ਪਹਿਲਾ ਸਵਾਲ ਸੀ।

"ਬਾਦ ਵਿਚ", ਮੁੰਡੇ ਨੇ ਉਪਰ ਧਿਆਨ ਕੀਤੇ ਬਗੈਰ ਮਿਣਮਿਣ ਕੀਤਾ।

ਤੱਦ ਮੈਂ ਕਾਗਜ਼, ਲਿਫਾਫੇ, ਤੇ ਕਲਮ ਦਵਾਤ ਮੇਜ਼ ਉਤੇ ਰੱਖ ਦਿੱਤੀ, ਬਾਹਰ ਗਿਆ ਤੇ ਵਾਸੀਲੀਯੇਵ ਨੂੰ ਆਪਣੀ ਚੌਕੀ ਚਲੇ ਜਾਣ ਦਾ ਹੁਕਮ ਦਿੱਤਾ ਤੇ ਫੇਰ ਵਾਪਸ ਅੰਦਰ ਆ ਕੇ ਬੂਹੇ ਦਾ ਹੋੜਾ ਬੰਦ ਕਰ ਦਿੱਤਾ।

ਮੁੰਡਾ ਤਪ ਕੇ ਲਾਲ ਹੋਈ ਅੰਗੀਠੀ ਵੱਲ ਪਿੱਠ ਕਰ ਕੇ ਬੈਂਚ ਦੇ ਸਿਰੇ ਉਤੇ ਬੈਠਾ ਹੋਇਆ ਸੀ। ਗਿੱਲੀ ਪਤਲੂਣ, ਜਿਹੜੀ ਉਸ ਨੇ ਇਕ ਨੁਕਰ


ਵਿਚ ਸੁੱਟ ਦਿੱਤੀ ਸੀ, ਹੁਣ ਉਸ ਦੇ ਪੈਰਾਂ ਉਤੇ ਪਈ ਸੀ। ਉਸ ਨੇ ਪਾਸੇ ਵਾਲੀ ਜੇਬ ਵਿਚੋਂ ਇਕ ਗੰਦਾ ਜਿਹਾ ਰੁਮਾਲ ਕੱਢਿਆ, ਇਸ ਦੀਆਂ ਤਹਿਆਂ ਖੋਹਲੀਆਂ ਤੇ ਮੇਜ਼ ਉਤੇ ਵਿਛਾ ਕੇ ਇਸ ਉਤੇ ਕਣਕ ਤੇ ਰਾਈ ਦੇ ਦਾਣੇ, ਸੂਰਜਮੁਖੀ ਦੇ ਬੀਜ ਤੇ ਦਿਆਰ ਤੇ ਫਰ ਰੁਖ ਦੀਆਂ ਸੂਈਆਂ ਖਿਲਾਰ ਕੇ ਉਹਨਾਂ ਦੀਆਂ ਅੱਡੋ ਅੱਡ ਨਿੱਕੀਆਂ ਨਿੱਕੀਆਂ ਢੇਰੀਆਂ ਲਾ ਦਿੱਤੀਆਂ। ਫੇਰ ਉਸ ਨੇ ਬੜੇ ਮਗਨ ਹੋ ਕੇ ਹਰ ਇਕ ਢੇਰੀ ਵਿਚ ਪਈਆਂ ਚੀਜ਼ਾਂ ਦੀ ਗਿਣਤੀ ਕੀਤੀ ਅਤੇ ਕਾਗਜ਼ ਉਤੇ ਲਿਖ ਲਈ।

ਜਦੋਂ ਮੈਂ ਉਹਦੇ ਕੋਲ ਹੋਇਆ ਤਾਂ ਉਸ ਨੇ ਜਲਦੀ ਨਾਲ ਕਾਗਜ਼ ਉਲਟਾ ਕਰ ਦਿੱਤਾ ਤੇ ਕੌੜਭਰੀ ਨਜ਼ਰ ਨਾਲ ਮੇਰੇ ਵੱਲ ਵੇਖਿਆ।

"ਫਿਕਰ ਨਾ ਕਰ, ਮੈਂ ਵੇਖਦਾ ਨਹੀਂ," ਮੈਂ ਜਲਦੀ ਨਾਲ ਕਿਹਾ।

ਮੈਂ ਬਟਾਲੀਅਨ ਦੇ ਹੈਡ-ਕੁਆਰਟਰ ਫੋਨ ਕਰ ਕੇ ਹੁਕਮ ਦਿੱਤਾ ਕਿ ਦੋ ਬਾਲਟੀਆਂ ਪਾਣੀ ਫੌਰਨ ਗਰਮ ਕੀਤਾ ਜਾਵੇ ਅਤੇ ਹੱਥ ਮੂੰਹ ਧੋਣ ਵਾਲੀ ਚਿਰਮਚੀ ਸਮੇਤ ਮੇਰੇ ਮੋਰਚੇ ਵਿਚ ਲਿਆਂਦਾ ਜਾਵੇ। ਜਦੋਂ ਸਾਰਜੈਂਟ ਨੇ ਮੇਰੇ ਹੁਕਮ ਨੂੰ ਦੁਹਰਾ ਕੇ ਪੁੱਛਿਆ ਤਾਂ ਮੈਂ ਉਹਦੀ ਆਵਾਜ਼ ਵਿਚੋਂ ਹੈਰਾਨੀ ਭਾਂਪ ਲਈ ਸੀ। ਮੈਂ ਉਸ ਨੂੰ ਆਖਿਆ ਕਿ ਮੈਂ ਹੱਥ ਮੂੰਹ ਧੋਣਾ ਚਾਹੁੰਦਾ ਹਾਂ। ਕਿਉਂਕਿ ਰਾਤ ਦਾ ਡੇੜ ਵਜਿਆ ਸੀ, ਇਸ ਲਈ ਮਾਸਲੋਵ ਵਾਂਗ ਉਸ ਨੇ ਵੀ ਸੋਚਿਆ ਹੋਵੇਗਾ ਕਿ ਜਾਂ ਮੈਂ ਘੁਟ ਬਹੁਤੀ ਪੀ ਲਈ ਹੈ ਜਾਂ ਮੇਰੇ ਕਰਨ ਗੋਚਰਾ ਕੋਈ ਕੰਮ ਨਹੀਂ। ਮੈਂ ਪੰਜਵੀਂ ਕੰਪਨੀ ਦੇ ਇਕ ਚੁਸਤ ਚਲਾਕ ਸੈਨਿਕ ਤਸਾਰੀਵਨੀ ਨੂੰ ਹੁਕਮ ਵੀ ਦਿੱਤਾ ਕਿ ਇਕ ਸੁਨੇਹਾ ਲੈ ਕੇ ਰੈਜਮੈਂਟ ਦੇ ਹੈਡ-ਕੁਆਰਟਰ ਜਾਣ ਲਈ ਤਿਆਰ ਹੋ ਜਾਵੇ।

ਟੈਲੀਫੋਨ ਉਤੇ ਗੱਲ ਕਰਦਿਆਂ, ਮੈਂ ਮੇਜ਼ ਦੇ ਇਕ ਪਾਸੇ ਖੜਾ ਸਾਂ ਤੇ ਮੈਂ ਕੰਨਖੀਆਂ ਨਾਲ ਵੇਖਿਆ ਕਿ ਮੁੰਡੇ ਨੇ ਕਾਗਜ਼ ਉਤੇ ਲੰਮੇ ਦਾਅ ਤੇ ਚੌੜੇ ਦਾਅ ਲਕੀਰਾਂ ਪਾ ਲਈਆਂ ਸਨ ਤੇ ਧੁਰ ਖੱਬੇ ਖਾਨੇ ਵਿਚ ਬੱਚਿਆਂ ਵਾਂਗ ਮੋਟਾ ਮੋਟਾ ਕਰ ਕੇ ਲਿਖ ਰਿਹਾ ਸੀ: "2... 4,5..." ਮੈਂ ਨਹੀਂ ਸਮਝ ਸਕਿਆ ਕਿ ਇਹਨਾਂ ਹਿੰਦਸਿਆਂ ਦਾ ਕੀ ਮਤਲਬ ਸੀ ਤੇ ਉਸ ਨੇ ਹੋਰ ਕੀ ਕੁਝ ਲਿਖਿਆ ਸੀ।



ਉਹ ਆਪਣੀ ਕਮੀਜ਼ ਦੀ ਬਾਂਹ ਨਾਲ ਕਾਗਜ਼ ਨੂੰ ਕੱਜ ਕੇ ਰੱਖਦਿਆਂ ਤੇਜ਼ ਤੇਜ਼ ਸਾਹ ਲੈਂਦਾ, ਕਾਗਜ਼ ਉਤੇ ਕਲਮ ਝਰੀਟਦਾ ਬੜੀ ਦੇਰ ਤੱਕ, ਤਕਰੀਬਨ ਇਕ ਘੰਟੇ ਤੱਕ ਲਿਖਦਾ ਰਿਹਾ। ਉਹਦੀਆਂ ਉਂਗਲਾਂ ਝਰੀਟੀਆਂ ਤੇ ਛਿੱਲੀਆਂ ਗਈਆਂ ਹੋਈਆਂ ਸਨ, ਉਸ ਦੇ ਨਹੁੰ ਟੁੱਟੇ ਹੋਏ ਸਨ। ਉਸ ਦੀ ਗਰਦਨ ਤੇ ਉਸ ਦੇ ਕੰਨਾਂ ਨੂੰ ਬੜੇ ਚਿਰ ਤੋਂ ਧੋਤਾ ਨਹੀਂ ਸੀ ਗਿਆ। ਕਿਸੇ ਕਿਸੇ ਵੇਲੇ ਉਹ ਲਿਖਣਾ ਬੰਦ ਕਰ ਦੇਂਦਾ, ਘਬਰਾਹਟ ਨਾਲ ਆਪਣੇ ਬੁਲ੍ਹ ਟੁਕਦਾ, ਕਿਸੇ ਗੱਲ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦਾ ਸੋਚਦਾ, ਤੇ ਫੇਰ ਲਿਖਣ ਲੱਗ ਜਾਂਦਾ।

ਗਰਮ ਤੇ ਠੰਡਾ ਪਾਣੀ ਅੰਦਰ ਲੈ ਆਂਦਾ ਗਿਆ ਸੀ। ਮੈਂ ਕਿਸੇ ਨੂੰ ਅੰਦਰ ਨਹੀਂ ਸੀ ਆਉਣ ਦਿੱਤਾ ਅਤੇ ਬਾਲਟੀਆਂ ਤੇ ਚਿਰਮਚੀ ਆਪ ਮੋਰਚੇ ਅੰਦਰ ਲੈ ਕੇ ਆਇਆ ਸੀ। ਪਰ ਉਹ ਅਜੇ ਵੀ ਆਪਣੀ ਕਲਮ ਘਸੀਟੀ ਜਾ ਰਿਹਾ ਸੀ। ਪਾਣੀ ਨੂੰ ਗਰਮ ਰੱਖਣ ਵਾਸਤੇ ਮੈਂ ਇਕ ਬਾਲਟੀ ਅੰਗੀਠੀ ਦੇ ਉਪਰ ਟਿਕਾ ਦਿੱਤੀ।

ਲਿਖਣਾ ਬੰਦ ਕਰ ਕੇ, ਉਸ ਨੇ ਲਿਖੇ ਹੋਏ ਕਾਗਜ਼ਾਂ ਦੀ ਤਹਿ ਲਾਈ, ਉਹਨਾਂ ਨੂੰ ਲਿਫਾਫੇ ਵਿਚ ਪਾਇਆ, ਗੂੰਦ ਲੱਗੇ ਸਿਰੇ ਉਤੇ ਜ਼ਬਾਨ ਫੇਰੀ ਤੇ ਬੜੇ ਧਿਆਨ ਨਾਲ ਬੰਦ ਕਰ ਦਿੱਤਾ। ਫੇਰ ਉਸ ਨੇ ਇਕ ਵੱਡਾ ਲਿਫਾਫਾ ਲਿਆ, ਪਹਿਲੇ ਲਿਫਾਫੇ ਨੂੰ ਇਸ ਵਿਚ ਪਾਇਆ ਤੇ ਓਸੇ ਤਰ੍ਹਾਂ ਬੜੇ ਧਿਆਨ ਨਾਲ ਬੰਦ ਕਰ ਦਿੱਤਾ।

ਮੈਂ ਲਿਫਾਫਾ ਹਰਕਾਰੇ ਦੇ ਹੱਥ ਫੜਾਇਆ ਜਿਹੜਾ ਬਾਹਰ ਬੈਠਾ ਉਡੀਕ ਰਿਹਾ ਸੀ।

"ਰੈਜਮੈਂਟ ਦੇ ਹੈਡ-ਕੁਆਰਟਰ ਫੌਰਨ ਲੈ ਜਾ। ਬਹੁਤ ਜ਼ਰੂਰੀ ਹੈ। ਵਾਪਸ ਆ ਕੇ ਕਰਾਯੇਵ ਨੂੰ ਇਤਲਾਹ ਦੇ।"

ਇਸ ਤੋਂ ਮਗਰੋਂ ਮੈਂ ਵਾਪਸ ਅੰਦਰ ਆਇਆ ਤੇ ਇਕ ਬਾਲਟੀ ਦੇ ਪਾਣੀ ਨੂੰ ਨਿਘਾ ਕਰਨ ਲਈ ਉਹਦੇ ਵਿਚ ਕੁਝ ਠੰਡਾ ਪਾਣੀ ਮਿਲਾਇਆ। ਮੁੰਡੇ ਨੇ ਜੈਕਟ ਇਕ ਪਾਸੇ ਰੱਖੀ, ਚਿਰਮਚੀ ਵਿਚ ਬਹਿ ਗਿਆ ਤੇ ਹੱਥ ਮੂੰਹ ਧੋਣ ਲੱਗਾ।

ਮੈਂ ਆਪਣੇ ਆਪ ਨੂੰ ਉਹਦੇ ਅੱਗੇ ਗੁਨਾਹਗਾਰ ਮਹਿਸੂਸ ਕਰ ਰਿਹਾ ਸਾਂ। ਮੇਰੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰ ਕੇ ਉਹ ਨਿਰਸੰਦੇਹ ਹਦਾਇਤਾਂ ਦੇ ਮੁਤਾਬਿਕ ਹੀ ਚਲ ਰਿਹਾ ਸੀ ਤੇ ਮੈਂ ਉਸ ਨੂੰ ਦਬਕੇ ਮਾਰੇ ਸਨ, ਡਰਾਇਆ ਧਮਕਾਇਆ ਸੀ, ਉਹਦੇ ਪਾਸੋਂ ਉਹ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਸੀ ਜਿਸ ਨੂੰ ਜਾਣਨ ਦਾ ਮੇਰਾ ਕੋਈ ਮਤਲਬ ਨਹੀਂ ਸੀ। ਸਭ ਨੂੰ ਪਤਾ ਹੈ ਕਿ ਸੂਹੀਆਂ ਕੋਲ ਐਸੇ ਭੇਤ ਹੁੰਦੇ ਹਨ ਜਿਨ੍ਹਾਂ ਦਾ ਪਤਾ ਲਾਉਣ ਦੀ ਵੱਡੇ ਅਫਸਰਾਂ ਨੂੰ ਵੀ ਇਜਾਜ਼ਤ ਨਹੀਂ ਹੁੰਦੀ।

ਤੇ ਹੁਣ ਮੈਂ ਉਹਦੀ ਇਸ ਤਰ੍ਹਾਂ ਸੇਵਾ ਕਰਨ ਨੂੰ ਤਿਆਰ ਸਾਂ ਜਿਸ ਤਰ੍ਹਾਂ ਕੋਈ ਆਯਾ ਕਰਦੀ ਹੈ। ਮੈਂ ਤਾਂ ਇਹ ਵੀ ਚਾਹੁੰਦਾ ਸਾਂ ਕਿ ਉਹਦੇ ਹੱਥ ਪੈਰ ਆਪ ਧੋ ਦੇਵਾਂ, ਪਰ ਮੈਂ ਆਪਣੇ ਆਪ ਨੂੰ ਤਿਆਰ ਨਾ ਕਰ ਸਕਿਆ। ਉਹ ਮੇਰੇ ਵਾਲੇ ਪਾਸੇ ਨਹੀਂ ਸੀ ਵੇਖ ਰਿਹਾ, ਤੇ ਜੇ ਉਹ ਮੇਰੇ ਵੱਲ ਇਸ ਤਰ੍ਹਾਂ ਧਿਆਨ ਨਾ ਰੱਖ ਰਿਹਾ ਹੁੰਦਾ ਤਾਂ ਮੈਂ ਮੋਰਚੇ ਦੇ ਅੰਦਰ ਨਹੀਂ ਸੀ ਹੋਣਾ।

"ਲਿਆ ਮੈਂ ਤੇਰਾ ਪਿੰਡਾ ਪੂੰਝ ਦੇਵਾਂ," ਮੈਂ ਝਿਜਕਦਿਆਂ ਹੋਇਆਂ ਪੇਸ਼ਕਸ਼ ਕੀਤੀ।

"ਮੈਂ ਆਪੇ ਪੂੰਝ ਲਵਾਂਗਾ," ਉਸ ਨੇ ਤੋੜ ਕੇ ਜਵਾਬ ਦਿੱਤਾ।

ਮੇਰੇ ਸਾਮ੍ਹਣੇ ਇਸ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ ਕਿ ਇਕ ਸਾਫ ਸੁਥਰਾ ਤੌਲੀਆ ਤੇ ਸੂਤੀ ਕਮੀਜ਼ ਫੜ ਕੇ ਅੰਗੀਠੀ ਦੇ ਕੋਲ ਖੜਾ ਰਹਾਂ, ਜਿਹੜੀ ਉਸ ਨੇ ਪਾਉਣੀ ਸੀ। ਅਤੇ ਟੀਨ ਦੇ ਡਬੇ ਵਿਚ ਬਾਜਰੇ ਦੇ ਦਲੀਏ ਤੇ ਗੋਸ਼ਤ ਨੂੰ ਹਿਲਾਵਾਂ। ਇਹ ਮੇਰਾ ਰਾਤ ਦਾ ਖਾਣਾ ਸੀ ਜਿਹੜਾ ਖੁਸ਼ਕਿਸਮਤੀ ਨਾਲ ਉਸ ਦਿਨ ਤਰਕਾਲੀਂ ਮੈਂ ਖਾਧਾ ਨਹੀਂ ਸੀ।

ਹੱਥ-ਮੂੰਹ ਧੋ ਕੇ ਉਹ ਕੱਕੇ ਵਾਲਾਂ ਤੇ ਗੋਰੀ ਚਮੜੀ ਵਾਲਾ ਮੁੰਡਾ ਨਜ਼ਰ ਆਉਣ ਲੱਗ ਪਿਆ। ਸਿਰਫ ਹਵਾ ਜਾਂ ਧੁਪ ਸਦਕਾ ਉਹਦਾ ਮੂੰਹ ਤੇ ਉਹਦੇ ਹੱਥ ਰਤਾ ਕੁ ਸਾਂਵਲੇ ਸਨ। ਉਸ ਦੇ ਛੋਟੇ ਛੋਟੇ ਗੁਲਾਬੀ ਰੰਗ ਦੇ ਪਤਲੇ ਜਿਹੇ ਕੰਨ ਸਨ ਜਿਹੜੇ, ਮੈਂ ਵੇਖਿਆ, ਇਕੋ ਜਿਹੇ ਨਹੀਂ ਸਨ। ਸੱਜਾ ਕੰਨ ਪੱਧਰਾ ਜਿਹਾ ਸੀ ਤੇ ਖੱਬਾ ਮਾੜਾ ਜਿਹਾ ਬਾਹਰ ਨੂੰ ਨਿਕਲਿਆ ਹੋਇਆ।

ਉਸ ਦੇ ਚਿਹਰੇ ਦਾ ਖਾਸ ਧਿਆਨ ਖਿਚਣ ਵਾਲਾ ਨਕਸ਼ ਉਹਦੀਆਂ ਅੱਖਾਂ ਸਨ—ਵੱਡੀਆਂ ਵੱਡੀਆਂ ਹਰੀ ਭਾਹ ਮਾਰਦੀਆਂ ਅੱਖਾਂ ਤੇ ਦੋਵਾਂ ਦੇ ਵਿਚਾਲੇ ਚੋਖੀ ਸਾਰੀ ਵਿੱਥ। ਮੈਂ ਏਹੋ ਜਿਹੀਆਂ ਅੱਖਾਂ ਪਹਿਲਾਂ ਕਦੇ ਨਹੀਂ ਸਨ ਵੇਖੀਆਂ ਜਿਨ੍ਹਾਂ ਵਿਚਾਲੇ ਏਨੀ ਬਹੁਤੀ ਵਿੱਥ ਹੋਵੇ।

ਉਸ ਨੇ ਰਗੜ ਕੇ ਆਪਣਾ ਪਿੰਡਾ ਪੂੰਝਿਆ ਅਤੇ ਮੇਰੇ ਹੱਥੋਂ ਕਮੀਜ਼ ਫੜ ਕੇ, ਜਿਸ ਨੂੰ ਮੈਂ ਅੰਗੀਠੀ ਦੇ ਨੇੜੇ ਕਰ ਕੇ ਨਿਘੀ ਕਰ ਦਿੱਤਾ ਸੀ, ਉਸ ਨੇ ਗਲ ਪਾ ਲਈ, ਬੜੇ ਧਿਆਨ ਨਾਲ ਬਾਹਵਾਂ ਉਪਰ ਚੁੱਕ ਲਈਆਂ ਤੇ ਮੇਜ਼ ਕੋਲ ਬਹਿ ਗਿਆ। ਉਸ ਦੇ ਚਿਹਰੇ ਤੋਂ ਚੌਕਸੀ ਤੇ ਬੇਗਾਨਗੀ ਕੁਝ ਕੁਝ ਘਟ ਗਈ ਸੀ। ਉਹ ਥੱਕਿਆ ਹੋਇਆ, ਗੰਭੀਰ ਤੇ ਸੋਚਾਂ ਵਿਚ ਡੁੱਬਾ ਲੱਗ ਰਿਹਾ ਸੀ।

ਮੇਰਾ ਖਿਆਲ ਸੀ ਕਿ ਉਹ ਖਾਣੇ ਉਤੇ ਟੁਟ ਪਵੇਗਾ, ਪਰ ਉਹਨੇ ਇਉਂ ਥੋੜਾ ਜਿਹਾ ਖਾਧਾ ਜਿਵੇਂ ਉਸ ਨੂੰ ਭੁੱਖ ਨਾ ਹੋਵੇ ਤੇ ਡੱਬਾ ਪਰੇ ਕਰ ਦਿੱਤਾ। ਫੇਰ ਉਸ ਨੇ ਮੇਰੇ ਲੜਾਈ ਦੇ ਰਾਸ਼ਨ ਦੇ ਬਿਸਕੁਟਾਂ ਨਾਲ ਬਹੁਤ ਹੀ ਮਿੱਠੀ—ਮੈਂ ਖੰਡ ਦਾ ਸਰਫਾ ਨਹੀਂ ਸੀ ਕੀਤਾ—ਚਾਹ ਪੀਤੀ ਅਤੇ ਖੜੇ ਹੋ ਕੇ ਹੌਲੀ ਜਿਹੀ ਆਖਿਆ:

"ਸ਼ੁਕਰੀਆ।"

ਇੰਚਰ ਨੂੰ ਮੈਂ ਚਿਰਮਚੀ ਬਾਹਰ ਰੱਖ ਦਿੱਤੀ ਸੀ। ਚਿਰਮਚੀ ਵਿਚਲਾ ਪਾਣੀ ਇਉਂ ਕਾਲਾ ਸੀ ਜਿਵੇਂ ਸਿਆਹੀ ਹੋਵੇ। ਸਿਰਫ ਉਪਰ ਉਪਰ ਸਬੂਣੀ ਝੱਗ ਹੀ ਹਰਿਆਲੀ ਦੀ ਭਾਹ ਮਾਰਦੀ ਸੀ। ਇਸ ਤੋਂ ਮਗਰੋਂ ਮੈਂ ਫੱਟੇ ਉਤੇ ਸਿਰ੍ਹਾਣੇ ਨੂੰ ਰੁਖ ਸਿਰ ਟਿਕਾ ਦਿੱਤਾ। ਮੁੰਡਾ ਮੇਰੇ ਬਿਸਤਰੇ ਵਿਚ ਵੜ ਗਿਆ ਅਤੇ ਕੰਧ ਵੱਲ ਮੂੰਹ ਕਰ ਕੇ ਗੱਲ੍ਹ ਹੇਠ ਹੱਥ ਰੱਖ ਕੇ ਲੰਮਾ ਪੈ ਗਿਆ। ਜੋ ਕੁਝ ਵੀ ਮੈਂ ਕੀਤਾ ਸੀ ਉਸ ਨੇ ਇਸ ਨੂੰ ਕਰਨਾ ਜ਼ਰੂਰੀ ਸਮਝਿਆ ਸੀ। ਤੇ ਮੈਨੂੰ ਸਮਝ ਆ ਗਈ ਕਿ ਉਹ "ਪਰਲੇ ਕੰਢਿਓਂ" ਕੋਈ ਪਹਿਲੀ ਵਾਰ ਹੀ ਨਹੀਂ ਸੀ ਆਇਆ ਅਤੇ ਉਹਨੂੰ ਪਤਾ ਸੀ ਕਿ ਉਹਦੇ ਪਹੁੰਚਣ ਦੀ ਖਬਰ ਜਿਉਂ ਹੀ ਆਰਮੀ ਹੈਡ-ਕੁਆਰਟਰ ਪੁਜੇਗੀ ਫੌਰਨ ਹੁਕਮ ਜਾਰੀ ਕਰ ਦਿੱਤਾ ਜਾਏਗਾ ਕਿ ਉਸ ਨਾਲ "ਅਹਿਮ ਵਿਅਕਤੀ ਵਾਲਾ ਸਲੂਕ"

ਕੀਤਾ ਜਾਏ। ਮੈਂ ਉਹਦੇ ਉਪਰ ਦੋ ਕੰਬਲ ਪਾਏ ਤੇ ਉਹਨੂੰ ਸਭ ਪਾਸਿਆਂ ਤੋਂ ਢੱਕ ਦਿੱਤਾ ਜਿਵੇਂ ਮੇਰੀ ਮਾਂ ਕਰਦੀ ਹੁੰਦੀ ਸੀ ਜਦੋਂ ਮੈਂ ਹਾਲੇ ਬਹੁਤ ਛੋਟਾ ਸਾਂ...

2

ਇਸ ਗੱਲ ਦਾ ਖਿਆਲ ਰੱਖਦਿਆਂ ਕਿ ਕੋਈ ਖੜਾਕ ਨਾ ਹੋਵੇ, ਮੈਂ ਆਪਣਾ ਲੋਹ ਟੋਪ ਪਾਇਆ, ਵੱਡੇ ਕੋਟ ਉਤੇ ਕੇਪ ਪਹਿਨਿਆ, ਆਟੋਮੈਟਿਕ ਗੰਨ ਫੜੀ ਅਤੇ ਪੱਬਾਂ ਭਾਰ ਬਾਹਰ ਨਿਕਲ ਗਿਆ ਤੇ ਸੰਤਰੀ ਨੂੰ ਕਿਹਾ ਕਿ ਮੇਰੇ ਹੁਕਮ ਬਗੈਰ ਕਿਸੇ ਨੂੰ ਵੀ ਅੰਦਰ ਨਾ ਜਾਣ ਦਿੱਤਾ ਜਾਵੇ।

ਰਾਤ ਉਦਾਸ ਸੀ। ਕਣੀਆਂ ਪੈਣੋਂ ਤਾਂ ਭਾਵੇਂ ਹਟ ਗਈਆਂ ਸਨ ਪਰ ਜ਼ੋਰਦਾਰ ਉਤਰੀ ਹਵਾ ਚਲ ਰਹੀ ਸੀ, ਅਤੇ ਹਨੇਰਾ ਤੇ ਠੰਡ ਸੀ।

ਮੇਰਾ ਮੋਰਚਾ ਦਨੀਪਰ ਤੋਂ ਅੱਧੇ ਮੀਲ ਤੇ ਝਾੜੀਆਂ ਵਿਚ ਸੀ। ਦਨੀਪਰ ਦਰਿਆ ਸਾਡੇ ਤੇ ਜਰਮਨਾਂ ਦੇ ਵਿਚਾਲੇ ਵਹਿ ਰਿਹਾ ਸੀ। ਪਾਰਲਾ ਕੰਢਾ ਇਸ ਖੇਤਰ ਵਿਚ ਸਭ ਤੋਂ ਉੱਚੀ ਥਾਂ ਸੀ ਤੇ ਸਾਡੀ ਮੁਖ ਕਤਾਰਬੰਦੀ ਪਿਛੇ ਵਧੇਰੇ ਢੁਕਵਿਆਂ ਮੋਰਚਿਆਂ ਵਿਚ ਸੀ। ਦਰਿਆ ਦੇ ਬਿਲਕੁਲ ਨਾਲ ਲਗਦੇ ਇਲਾਕੇ ਵਿਚ ਸਾਡੀਆਂ ਸਰਹੱਦੀ ਚੌਕੀਆਂ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਸਨ।

ਮੈਂ ਹਨੇਰੇ ਵਿਚ ਦੁਸ਼ਮਣ ਵਾਲੇ ਕੰਢੇ ਤੋਂ ਉਠਦੀ ਦੁਰੇਡੀ ਰੋਸ਼ਨੀ ਤੋਂ ਅਗਵਾਈ ਲੈਂਦਾ ਝਾੜੀਆਂ ਵਿਚੋਂ ਦੀ ਲੰਘਦਾ ਗਿਆ। ਜਰਮਨ ਕਤਾਰਬੰਦੀ ਵਿਚ ਏਧਰੋਂ ਓਧਰੋਂ ਰਾਕਟਾਂ ਦੇ ਗੋਲੇ ਦਾਗੇ ਜਾ ਰਹੇ ਸਨ। ਰਾਤ ਦੀ ਖਾਮੋਸ਼ੀ ਵਿਚ ਰਹਿ ਰਹਿ ਕੇ ਮਸ਼ੀਨਗੰਨਾਂ ਦੀ ਤੜ ਤੜ ਸੁਣਾਈ ਦੇਂਦੀ ਸੀ। ਥੋੜੇ ਥੋੜੇ ਚਿਰ ਮਗਰੋਂ ਜਰਮਨ ਸਾਡੇ ਦਰਿਆ ਵਾਲੇ ਇਲਾਕੇ ਵਿਚ ਤੇ, ਸਾਡੀ ਰੈਜਮੈਂਟ ਦੇ ਕਮਾਂਡਰ ਦੇ ਲਫਜ਼ਾਂ ਵਿਚ, "ਰੁਕਾਵਟੀ ਸਾਧਨ" ਦੇ ਤੌਰ ਤੇ ਖੁਦ ਦਰਿਆ ਵਿਚ ਕੰਘੀ ਫੇਰਦੇ ਸਨ।

ਦਨੀਪਰ ਵੱਲ ਆ ਕੇ, ਮੈਂ ਉਸ ਖੰਦਕ ਵੱਲ ਤੁਰ ਪਿਆ ਜਿਥੇ ਸਾਡੀ ਸਭ ਤੋਂ ਨੇੜੇ ਦੀ ਸਰਹੱਦੀ ਚੌਕੀ ਸੀ ਅਤੇ ਚੌਕੀ ਦੀ ਪਲਟਣ ਦੇ ਕਮਾਂਡਿੰਗ ਅਫਸਰ ਨੂੰ ਬੁਲਾਇਆ।

ਜਦੋਂ ਉਹ ਸਾਹੋ ਸਾਹੀ ਹੋਇਆ ਆਇਆ ਤਾਂ ਅਸੀਂ ਇਕੱਠੇ ਹੀ ਕੰਢੇ ਦੇ ਨਾਲ ਨਾਲ ਬਾਹਰ ਨਿਕਲ ਗਏ। ਉਸ ਨੇ ਦੋ ਟੂਕ ਮੈਨੂੰ "ਮੁੰਡੇ" ਬਾਰੇ ਪੁੱਛਿਆ, ਸ਼ਾਇਦ ਇਹ ਸੋਚਦਿਆਂ ਕਿ ਮੈਂ ਉਸ ਮੁੰਡੇ ਦੀ ਹਿਰਾਸਤ ਦੇ ਸੰਬੰਧ ਵਿਚ ਆਇਆ ਸਾਂ। ਮੈਂ ਫੌਰਨ ਗੱਲ ਹੋਰ ਪਾਸੇ ਪਾ ਲਈ, ਪਰ ਮੇਰੀਆਂ ਸੋਚਾਂ ਮੁੜ ਮੁੜ ਉਸ ਮੁੰਡੇ ਵੱਲ ਪਰਤਦੀਆਂ ਰਹੀਆਂ।

ਮੈਂ ਹਨੇਰੇ ਵਿਚ ਲੁਕੇ ਹੋਏ ਦਰਿਆ ਦੇ ਪਸਾਰ ਵੱਲ ਝਾਕਿਆ। ਇਸ ਥਾਂ ਦਰਿਆ ਦਾ ਪਾਟ ਕੋਈ ਅੱਧਾ ਕੁ ਮੀਲ ਸੀ ਅਤੇ ਮੈਨੂੰ ਯਕੀਨ ਨਹੀਂ ਸੀ ਆਉਂਦਾ ਕਿ ਨਿੱਕਾ ਜਿਹਾ ਬੋਨਦਾਰੇਵ ਪਰਲੇ ਕੰਢਿਓਂ ਆਇਆ ਸੀ। ਉਹ ਕਿਹੜੇ ਲੋਕ ਸਨ ਜਿਹੜੇ ਉਸ ਨੂੰ ਪਾਰ ਲੈ ਕੇ ਗਏ ਸਨ ਤੇ ਉਹ ਕਿਥੇ ਸਨ? ਬੇੜੀ ਕਿਥੇ ਸੀ? ਸਰਹੱਦੀ ਚੌਕੀ 'ਤੇ ਗਸ਼ਤ ਕਰਨ ਵਾਲਿਆਂ ਦੀ ਇਸ 'ਤੇ ਨਜ਼ਰ ਕਿਉਂ ਨਾ ਪਈ? ਹੋ ਸਕਦਾ ਹੈ ਕਿ ਉਹਨਾਂ ਨੇ ਇਸ ਨੂੰ ਕੰਢੇ ਤੋਂ ਚੋਖੀ ਦੂਰ ਪਾਣੀ ਵਿਚ ਉਤਾਰ ਦਿੱਤਾ ਹੋਵੇ? ਪਰ ਉਹਨਾਂ ਨੇ ਇਸ ਲਿਸੇ ਤੇ ਕਮਜ਼ੋਰ ਜਿਹੇ ਮੁੰਡੇ ਨੂੰ ਪਤਝੜ ਦੇ ਠੰਡੇ ਮੌਸਮ ਵਿਚ ਪਾਣੀ ਵਿਚ ਕਿਵੇਂ ਉਤਾਰ ਦਿੱਤਾ?

ਸਾਡੀ ਡੀਵੀਜ਼ਨ ਦਨੀਪਰ ਪਾਰ ਕਰਨ ਦੀ ਤਿਆਰੀ ਕਰ ਰਹੀ ਸੀ। ਜਿਹੜੀ ਨੇਮਾਵਲੀ ਮੈਨੂੰ ਮਿਲੀ ਸੀ—ਤੇ ਮੈਂ ਇਸ ਨੂੰ ਓਨਾ ਚਿਰ ਪੜ੍ਹਦਾ ਗਿਆ ਜਿੰਨਾ ਚਿਰ ਇਹ ਮੈਨੂੰ ਜ਼ਬਾਨੀ ਯਾਦ ਨਹੀਂ ਹੋ ਗਈ—ਉਸ ਵਿਚ ਵੱਡੇ ਸਿਹਤਮੰਦ ਆਦਮੀਆਂ ਲਈ ਕਿਹਾ ਗਿਆ ਸੀ: "ਪਰ ਜੇ ਪਾਣੀ ਦਾ ਤਾਪਮਾਨ 15 ਦਰਜੇ ਸੈਂਟੀਗ੍ਰੇਡ ਤੋਂ ਹੇਠਾਂ ਹੋਵੇ ਤਾਂ ਚੰਗੇ ਤਾਰੂ ਨੂੰ ਵੀ ਤਰ ਕੇ ਪਾਰ ਜਾਣਾ ਬੇਹੱਦ ਮੁਸ਼ਕਲ ਲੱਗੇਗਾ, ਤੇ ਚੌੜੇ ਪਾਟ ਵਾਲੇ ਦਰਿਆ ਦੀ ਹਾਲਤ ਵਿਚ ਨਾਮੁਮਕਿਨ।" ਤੇ ਜੇ ਤਾਪਮਾਨ 15 ਦਰਜੇ ਦੀ ਥਾਂ 5 ਸੈਂਟੀਗ੍ਰੇਡ ਹੋਵੇ ਤਾਂ ਕੀ ਹੋਵੇ?

ਨਹੀਂ, ਜ਼ਾਹਿਰ ਹੈ ਕਿ ਬੇੜੀ ਕੰਢੇ ਦੇ ਕੋਲ ਆ ਗਈ ਸੀ, ਪਰ ਇਸ ਹਾਲਤ ਵਿਚ ਕਿਸੇ ਨੇ ਇਸ ਨੂੰ ਵੇਖਿਆ ਕਿਉਂ ਨਾ? ਇਹ ਕਿਸ ਤਰ੍ਹਾਂ ਹੋ ਗਿਆ ਕਿ ਉਹ ਮੁੰਡੇ ਨੂੰ ਕੰਢੇ ਉਤਾਰ ਕੇ ਕਿਸੇ ਦੀ ਨਜ਼ਰ ਵਿਚ ਆਏ ਬਗੈਰ ਨਿਕਲ ਗਈ? ਮੈਨੂੰ ਇਸ ਗੱਲ ਦਾ ਕੋਈ ਸਿਰ ਪੈਰ ਨਾ ਲਭ ਸਕਿਆ।

ਸਰਹੱਦੀ ਚੌਕੀ ਪੂਰੀ ਤਰ੍ਹਾਂ ਸਾਵਧਾਨ ਸੀ। ਦਰਿਆ ਦੇ ਕੋਲ ਸਿਰਫ ਸੱਜੇ ਪਾਸੇ ਦੇ ਇਕ ਮੋਰਚੇ ਵਿਚ ਅਸਾਂ ਇਕ ਝੋਕਾਂ ਲੈਂਦਾ ਸੈਨਿਕ ਵੇਖਿਆ। ਉਹ ਖੜਾ ਖੜੋਤਾ ਹੀ ਲੋਹ ਟੋਪ ਨੂੰ ਆਪਣੀਆਂ ਅੱਖਾਂ ਅੱਗੇ ਕਰ ਕੇ ਖ਼ੰਦਕ ਦੀ ਕੰਧ ਨਾਲ ਢਾਸਣਾ ਲਾਈ ਠੋਕਾ ਲੈ ਰਿਹਾ ਸੀ। ਸਾਡੇ ਨੇੜੇ ਪਹੁੰਚਣ ਉਤੇ ਉਸ ਨੇ ਸੁਤ-ਉਨੀਂਦੇ ਜਿਹੇ ਵਿਚ ਹੀ ਆਪਣੀ ਟਾਮੀ-ਗੱਨ ਦਾ ਕਲੱਚ ਦੱਬਿਆ ਤੇ ਸਾਡੇ ਉਤੇ ਗੋਲੀਆਂ ਦੀ ਬਾੜ੍ਹ ਵਰਾਉਣ ਲਈ ਘੋੜਾ ਦੱਬਣ ਨੂੰ ਤਿਆਰ ਹੋ ਗਿਆ। ਮੈਂ ਓਸੇ ਵੇਲੇ ਉਹਦੀ ਥਾਂ ਕਿਸੇ ਹੋਰ ਨੂੰ ਖੜਾ ਕਰਨ ਦਾ ਹੁਕਮ ਦਿੱਤਾ ਅਤੇ ਮੂੰਹ ਵਿਚ ਹੀ ਉਹਨੂੰ ਤੇ ਸਕੁਐਡ ਕਮਾਂਡਰ ਨੂੰ ਫਿਟਕਾਰਦਿਆਂ, ਉਸ ਨੂੰ ਸਜ਼ਾ ਦਿੱਤੀ।

ਚੱਕਰ ਲਾਉਣ ਤੋਂ ਮਗਰੋਂ ਅਸੀਂ ਸੱਜੀ ਬਾਹੀ ਇਕ ਆੜ ਵਾਲੀ ਥਾਂ ਜਾ ਬੈਠੇ ਅਤੇ ਜਵਾਨਾਂ ਨਾਲ ਸਿਗਰਟ ਪੀਣ ਲੱਗੇ। ਖੰਦਕ ਵਿਚ ਚਾਰ ਸੈਨਿਕ ਸਨ ਤੇ ਇਹ ਮਸ਼ੀਨ-ਗੱਨ ਰੱਖਣ ਦੀ ਥਾਂ ਵਾਲੀ ਇਕ ਲੰਮੀ ਖੰਦਕ ਸੀ।

"ਪਤਾ ਲੱਗਾ ਕਿ ਉਹ ਮੁੰਡੂ ਕੌਣ ਸੀ, ਕਾਮਰੇਡ ਲੈਫਟੀਨੈਂਟ?" ਉਹਨਾਂ ਵਿਚੋਂ ਇਕ ਜਣੇ ਨੇ ਭਰੜਾਈ ਆਵਾਜ਼ ਵਿਚ ਮੈਨੂੰ ਪੁੱਛਿਆ। ਉਹ ਮਸ਼ੀਨ-ਗੱਨ ਕੋਲ ਖੜਾ ਸੀ ਤੇ ਸਿਗਰਟ ਨਹੀਂ ਸੀ ਪੀ ਰਿਹਾ।

"ਕੀ ਆਖਿਆ?" ਮੈਂ ਚੌਕਸੀ ਨਾਲ ਜਵਾਬ ਦਿੱਤਾ।

"ਕੁਝ ਨਹੀਂ। ਮੈਂ ਸੋਚਦਾ ਸਾਂ ਕਿ ਇਹ ਮਜ਼ਾਕ ਦੀ ਗੱਲ ਨਹੀਂ। ਇਸ ਤਰ੍ਹਾਂ ਦੇ ਮੌਸਮ ਵਿਚ ਕੋਈ ਕੁੱਤੇ ਨੂੰ ਘਰੋਂ ਨਹੀਂ ਕਢਦਾ, ਤੇ ਉਹ ਦਰਿਆ ਪਾਰ ਕਰਦਾ ਹੈ। ਉਸ ਨੂੰ ਕੀ ਲੋੜ ਸੀ ਇਸ ਦੀ? ਜਾਪਦਾ ਹੈ ਕਿ ਉਹ ਪਾਰ ਜਾਣ ਲਈ ਕਿਸੇ ਬੇੜੀ ਦੀ ਤੱਕ ਵਿਚ ਹੋਵੇਗਾ। ਕਿਉਂ? ਦਾਲ ਵਿਚ ਕੁਝ ਕਾਲਾ ਜਾਪਦਾ ਹੈ। ਪੜਤਾਲ ਕਰਨ ਦੀ ਲੋੜ ਹੈ। ਉਸ ਦੇ ਨਮਦੇ ਕਸਣੇ ਚਾਹੀਦੇ ਹਨ ਕਿ ਸਭ ਕੁਝ ਸਾਫ ਸਾਫ ਦੱਸ ਦੇਵੇ।"

"ਹਾਂ, ਦਾਲ ਵਿਚ ਕੁਝ ਕਾਲਾ ਤਾਂ ਹੈ," ਇਕ ਹੋਰ ਸੈਨਿਕ ਨੇ ਕੱਚ-ਪੱਕ ਜਿਹੀ ਗੱਲ ਆਖੀ। "ਭੇੜੀਏ ਦੇ ਬੱਚੇ ਵਾਂਗ ਬੈਠਾ ਘੂਰੀਆਂ ਵੱਟਦਾ ਹੈ ਤੇ ਮੂੰਹੋਂ ਇਕ ਲਫਜ਼ ਨਹੀਂ ਕੱਢਦਾ। ਤੇ ਉਹਨੇ ਕਪੜੇ ਕਿਉਂ ਲਾਹੇ ਹੋਏ ਨੇ?"

3-284

"ਇਹ ਮੁੰਡਾ ਨੋਵੋਸੇਲਕੀ ਤੋਂ ਹੈ," ਮੈਂ ਹੌਲੀ ਹੌਲੀ ਸਿਗਰਟ ਦਾ ਕਸ਼ ਲੈਂਦਿਆਂ ਝੂਠ ਬੋਲਿਆ। ਨੋਵੋਸੇਲਕੀ ਸਾਡੇ ਤੋਂ ਚਾਰ ਕਿਲੋਮੀਟਰ ਉਤੇ ਅੱਧ-ਸੜਿਆ ਇਕ ਵੱਡਾ ਸਾਰਾ ਪਿੰਡ ਸੀ। "ਜਰਮਨਾਂ ਨੇ ਉਹਦੀ ਮਾਂ ਨੂੰ ਜਰਮਨੀ ਭੇਜ ਦਿੱਤਾ ਤੇ ਉਸ ਨੂੰ ਸਮਝ ਨਹੀਂ ਆਉਂਦੀ ਕਿ ਕੀ ਕਰੇ। ਵਿਚਾਰਾ ਗਭਰੇਟ ਬੜਾ ਨਿਰਾਸ ਹੈ।"

"ਹੱਛਾ, ਇਹ ਗੱਲ ਏ!"

"ਵਿਚਾਰਾ ਮੁੰਡਾ ਬਹੁਤ ਦਿਲਗੀਰ ਹੈ," ਇਕ ਜਵਾਨ ਨੇ ਹਮਦਰਦੀ ਦਾ ਹੌਕਾ ਭਰਦਿਆਂ ਆਖਿਆ। ਇਹ ਵਡੇਰੀ ਉਮਰ ਦਾ ਸੈਨਿਕ ਸੀ ਤੇ ਮੇਰੇ ਸਾਮ੍ਹਣੇ ਨਿੱਠ ਕੇ ਬੈਠਾ ਸਿਗਰਟ ਪੀ ਰਿਹਾ ਸੀ। ਉਸ ਦੇ ਸਿਗਰਟ ਦੀ ਚਮਕ ਉਸ ਦੇ ਚੌੜੇ ਕਾਲੇ ਚਿਹਰੇ ਨੂੰ ਰੁਸ਼ਨਾ ਰਹੀ ਸੀ ਜਿਹੜਾ ਕਈ ਦਿਨਾਂ ਦੀ ਵਧੀ ਦਾੜ੍ਹੀ ਨਾਲ ਭਰਿਆ ਹੋਇਆ ਸੀ। "ਡਾਢਾ ਦੁਖੀ ਹੋਵੇਗਾ। ਯੂਰਲੋਵ ਹਮੇਸ਼ਾ ਲੋਕਾਂ ਦਾ ਬੁਰਾ ਹੀ ਸੋਚਦਾ ਰਹਿੰਦਾ ਹੈ, ਹਮੇਸ਼ਾ ਇਹ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਲੋਕ ਕੇਡੇ ਖਰਾਬ ਹਨ। ਇਹ ਗੱਲ ਸਹੀ ਨਹੀਂ," ਉਸ ਨੇ ਮਸ਼ੀਨ-ਗੱਨ ਕੋਲ ਖੜੇ ਸੈਨਿਕ ਨੂੰ ਸੰਬੋਧਨ ਕਰਦਿਆਂ ਮਲਕੜੇ ਜਿਹੇ ਫੈਸਲਾਕੁਨ ਅੰਦਾਜ਼ ਨਾਲ ਕਿਹਾ।

"ਮੈਂ ਚੌਕਸ ਹਾਂ," ਯੂਰਲੋਵ ਨੇ ਦ੍ਰਿੜ੍ਹਤਾ ਨਾਲ ਆਖਿਆ। "ਤੂੰ ਮੈਨੂੰ ਕੋਈ ਮਿਹਣਾ ਨਹੀਂ ਦੇ ਸਕਦਾ, ਮੈਨੂੰ ਬਦਲ ਨਹੀਂ ਸਕਦਾ। ਮੈਂ ਤੇਰੇ ਇਹਨਾਂ ਬੀਬੇ ਜਿਹੇ ਭਰੋਸੇਯੋਗ ਲੋਕਾਂ ਨੂੰ ਵੇਖ ਨਹੀਂ ਸਕਦਾ। ਏਸ ਭਰੋਸੇ ਸਦਕਾ ਹੀ ਸਰਹੱਦਾਂ ਤੋਂ ਮਾਸਕੋ ਤੱਕ ਧਰਤੀ ਲਹੂ ਵਿਚ ਗੜੁਚ ਹੈ। ਮੈਨੂੰ ਤਾਂ ਰੱਜ ਆ ਗਿਆਂ ਹੈ। ਤੇ ਜੇ ਤੇਰੇ ਅੰਦਰ ਏਨੀ ਹੀ ਰਹਿਮ-ਦਿਲੀ ਤੇ ਨੇਕੀ ਭਰੀ ਹੋਈ ਹੈ, ਤਾਂ ਥੋੜੀ ਜਿਹੀ ਇਹਨਾਂ ਜਰਮਨਾਂ ਨੂੰ ਕਿਉਂ ਨਹੀਂ ਦੇਂਦਾ ਤਾਂ ਜੋ ਉਹਨਾਂ ਦੀਆਂ ਆਤਮਾਵਾਂ ਵੀ ਨਰਮ ਕੋਮਲ ਹੋ ਜਾਣ! ਤੁਸੀਂ, ਕਾਮਰੇਡ ਸੀਨੀਅਰ ਲੈਫਟੀਨੈਂਟ, ਇਹ ਦੱਸੋ ਮੈਨੂੰ ਕਿ ਉਹਦੇ ਕਪੜੇ ਕਿਧਰ ਗਏ? ਤੇ ਸਭ ਤੋਂ ਵੱਡੀ ਗੱਲ ਕਿ ਉਹ ਪਾਣੀ ਵਿਚ ਕੀ ਕਰ ਰਿਹਾ ਸੀ? ਦਾਲ ਵਿਚ ਕੁਝ ਕਾਲਾ ਹੈ, ਮੈਂ ਤੁਹਾਨੂੰ ਦੱਸਾਂ।"

"ਵੇਖੋ ਇਹਦੇ ਵੱਲ, ਵੱਡੇ ਅਫਸਰਾਂ ਅੱਗੇ ਸਵਾਲ ਕਰਦਾ ਜੇ," ਵਡੇਰੀ ਉਮਰ ਦੇ ਸੈਨਿਕ ਨੇ ਵਿਅੰਗ ਨਾਲ ਆਖਿਆ। "ਤੂੰ ਏਸ ਮੁੰਡੇ ਦੀ ਗੱਲ ਛੱਡ ਦੇ। ਤੇਰੇ ਬਗੈਰ ਹੀ ਉਹ ਨਜਿਠ ਲੈਣਗੇ ਸਭ ਕੁਝ। ਚੰਗਾ ਹੋਵੇ ਜੇ ਤੂੰ ਇਹ ਪੁੱਛੇਂ ਕਿ ਸਾਡੀ ਕਮਾਂਡ ਵੋਦਕਾ ਬਾਰੇ ਕੀ ਸੋਚਦੀ ਹੈ। ਲਹੂ ਜੰਮਦਾ ਜਾਂਦਾ ਹੈ ਏਥੇ, ਤੇ ਸਾਡੇ ਕੋਲ ਸਰੀਰ ਗਰਮਾਉਣ ਨੂੰ ਕੁਝ ਨਹੀਂ। ਇਹ ਪੁੱਛ ਕਿ ਛੇਤੀ ਹੀ ਕੁਝ ਵੰਡੀ ਜਾਵੇਗੀ ਕਿ ਨਹੀਂ। ਮੁੰਡੇ ਨਾਲ ਉਹ ਸਾਡੇ ਬਗੈਰ ਹੀ ਨਜਿੱਠ ਲੈਣਗੇ..."

...ਮੈਂ ਫੌਜੀਆਂ ਕੋਲ ਕੁਝ ਬਹੁਤਾ ਚਿਰ ਹੀ ਬੈਠਾ ਰਿਹਾ, ਤੇ ਫੇਰ ਇਹ ਚੇਤਾ ਆ ਜਾਣ ਮਗਰੋਂ ਕਿ ਛੇਤੀ ਹੀ ਖੋਲਿਨ ਆਉਣ ਵਾਲਾ ਹੋਵੇਗਾ, ਮੈਂ ਉਹਨਾਂ ਨੂੰ ਅਲਵਿਦਾ ਆਖੀ ਤੇ ਵਾਪਸ ਮੁੜ ਪਿਆ। ਮੈਂ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਕੋਈ ਮੇਰੀ ਅਗਵਾਨੀ ਕਰੇ ਤੇ ਛੇਤੀ ਹੀ ਇਸ ਉਤੇ ਪਛਤਾਇਆ। ਹਨੇਰੇ ਵਿਚ ਮੈਂ ਆਪਣਾ ਰਾਹ ਭੁਲ ਗਿਆ ਅਤੇ ਸੰਤਰੀਆਂ ਦੀਆਂ ਤਿਖੀਆਂ ਵੰਗਾਰਾਂ ਤੇ ਝਾੜਾਂ ਸੁਣਦਾ ਹੋਇਆ ਝਾੜੀਆਂ ਵਿਚ ਠੇਡੇ ਖਾਂਦਾ ਫਿਰਿਆ। ਠੰਡੀ ਹਵਾ ਦਾ ਸੁੰਨ ਕੀਤਾ ਹੋਇਆ ਮੈਂ ਕੋਈ ਅੱਧੇ ਘੰਟੇ ਮਗਰੋਂ ਆਪਣੇ ਮੋਰਚੇ ਵਿਚ ਪਹੁੰਚਿਆ।

ਮੈਨੂੰ ਹੈਰਾਨੀ ਹੋਈ ਕਿ ਮੁੰਡਾ ਸੁੱਤਾ ਨਹੀਂ ਸੀ ਹੋਇਆ।

ਉਹ ਕਮੀਜ਼ ਪਾਈ ਬੈਠਾ ਸੀ ਤੇ ਆਪਣੇ ਪੈਰ ਉਹਨੇ ਫੱਟੇ ਤੋਂ ਹੇਠਾਂ ਲਮਕਾਏ ਹੋਏ ਸਨ। ਅੰਗੀਠੀ ਚਿਰੋਕਣੀ ਬੁਝ ਗਈ ਹੋਈ ਸੀ ਤੇ ਮੋਰਚੇ ਵਿਚ ਕਾਫੀ ਠੰਡ ਸੀ—ਹਵਾ ਵਿਚ ਆਪਣੇ ਸਾਹ ਦੀ ਹਵਾੜ ਦਿਖਾਈ ਦੇਂਦੀ ਸੀ।

"ਅਜੇ ਆਏ ਨਹੀਂ?" ਮੁੰਡੇ ਨੇ ਸਿੱਧਾ ਸਵਾਲ ਪੁੱਛਿਆ।

"ਨਹੀਂ। ਤੂੰ ਸੌਂ ਜਾ, ਸੌਂ ਜਾ। ਜਦੋਂ ਆ ਗਏ ਮੈਂ ਤੈਨੂੰ ਜਗਾ ਦੇਵਾਂਗਾ।"

"ਤੇ ਉਹ ਪਹੁੰਚ ਗਿਆ ਏ?"

"ਉਹ ਕੌਣ?" ਮੈਂ ਸਮਝਿਆ ਨਹੀਂ ਸੀ।

"ਹਰਕਾਰਾ। ਪੈਕਟ ਲੈ ਕੇ।"

"ਪਹੁੰਚ ਗਿਆ," ਮੈਂ ਕਿਹਾ, ਭਾਵੇਂ ਮੈਨੂੰ ਪਤਾ ਕੁਝ ਨਹੀਂ ਸੀ। ਹਰਕਾਰੇ ਨੂੰ ਭੇਜਣ ਤੋਂ ਬਾਦ ਮੈਂ ਉਹਦੇ ਜਾਂ ਸੁਨੇਹੇ ਬਾਰੇ ਸਭ ਕੁਝ ਭੁਲ ਗਿਆ ਸਾਂ।



ਕੁਝ ਪਲ ਲਈ ਮੁੰਡਾ ਸੋਚਾਂ ਵਿਚ ਡੁੱਬਾ ਲੈਂਪ ਵੱਲ ਝਾਕਦਾ ਰਿਹਾ ਤੇ ਫੇਰ ਅਚਾਨਕ, ਤੇ ਮੇਰੇ ਖਿਆਲ ਮੁਤਾਬਿਕ, ਉਤਸੁਕਤਾ ਨਾਲ ਉਸ ਨੇ ਪੁੱਛਿਆ :

"ਤੁਸੀਂ ਏਥੇ ਹੀ ਸੀ ਜਦੋਂ ਮੈਂ ਸੁੱਤਾ ਹੋਇਆ ਸਾਂ ? ਕੀ ਮੈਂ ਸੁੱਤਾ ਪਿਆ ਬਰੜਾਇਆ ਸਾਂ ?"

"ਨਹੀਂ, ਮੈਂ ਤਾਂ ਸੁਣਿਆ ਨਹੀਂ। ਕਿਉਂ ?"

"ਨਹੀਂ, ਪਹਿਲਾਂ ਤਾਂ ਮੈਂ ਨਹੀਂ ਸੀ ਬਰੜਾਉਂਦਾ। ਪਰ ਹੁਣ–ਪਤਾ ਨਹੀਂ। ਮੈਂ ਕੁਝ ਘਾਬਰ ਜਿਹਾ ਜਾਂਦਾ ਹਾਂ," ਉਸ ਨੇ ਇਕਬਾਲ ਕੀਤਾ।

ਓਸੇ ਵੇਲੇ ਖੋਲਿਨ ਆ ਪਹੁੰਚਾ। ਉੱਚਾ ਲੰਮਾ, ਕਾਲੇ ਵਾਲਾਂ ਵਾਲਾ ਸਤਾਈ ਵਰ੍ਹਿਆਂ ਦਾ ਸੁਹਣਾ ਜਵਾਨ। ਵੱਡਾ ਸਾਰਾ ਜਰਮਨ ਸੂਟਕੇਸ ਫੜੀ ਉਹ ਫੁਰਤੀ ਨਾਲ ਮੋਰਚੇ ਦੇ ਅੰਦਰ ਆ ਗਿਆ। ਉਸ ਨੇ ਬਿਨਾਂ ਅਟਕਿਆਂ ਸੂਟਕੇਸ ਮੇਰੇ ਹਵਾਲੇ ਕਰ ਦਿੱਤਾ ਤੇ ਦੌੜ ਕੇ ਮੁੰਡੇ ਦੇ ਕੋਲ ਹੋਇਆ।

"ਇਵਾਨ !"

ਖੋਲਿਨ ਨੂੰ ਵੇਖਦਿਆਂ ਹੀ ਮੁੰਡੇ ਵਿਚ ਜਾਨ ਆ ਗਈ ਤੇ ਉਹ ਮੁਸਕ੍ਰਾਇਆ। ਉਹ ਪਹਿਲੀ ਵਾਰੀ ਮੁਸਕ੍ਰਾਇਆ ਸੀ, ਖੁਸ਼ੀਭਰੀ ਮੁਸਕਾਨ, ਬੱਚਿਆਂ ਵਰਗੀ।

ਇਹ ਮਿੱਤਰਾਂ ਦੀ, ਬਹੁਤ ਗੂੜ੍ਹੇ ਮਿੱਤਰਾਂ ਦੀ ਮਿਲਣੀ ਸੀ, ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪਲ ਮੈਂ ਏਥੇ ਬੇਲੋੜਾ ਸਾਂ। ਉਹਨਾਂ ਨੇ ਜੱਫੀ ਪਾਈ ਜਿਵੇਂ ਵੱਡੇ ਪਾਉਂਦੇ ਹਨ। ਖੋਲਿਨ ਨੇ ਮੁੰਡੇ ਨੂੰ ਕਈ ਵਾਰੀ ਚੁੰਮਿਆ, ਫੇਰ ਪਿੱਛੇ ਹਟ ਗਿਆ, ਫੇਰ ਉਸ ਦੇ ਲਿਸੇ ਜਿਹੇ ਸੌੜੇ ਮੋਢਿਆਂ ਨੂੰ ਫੜ ਲਿਆ, ਸਰੂਰੀਆਂ ਅੱਖਾਂ ਨਾਲ ਉਹਦੇ ਵੱਲ ਵੇਖਿਆ ਤੇ ਆਖਿਆ :

"ਕਾਤਾਸੋਨੋਵ ਬੇੜੀ ਲੈ ਕੇ ਦੀਕੋਵਕਾ ਬੈਠਾ ਇੰਤਜ਼ਾਰ ਕਰ ਰਿਹਾ ਹੈ, ਤੇ ਤੂੰ ਏਥੇ ਹੈਂ..."

"ਦੀਕੋਵਕਾ ਵਿਚ ਜਰਮਨਾਂ ਦਾ ਕੋਈ ਅੰਤ ਨਹੀਂ, ਕੰਢੇ ਤੱਕ ਪਹੁੰਚਣਾ ਮੁਸ਼ਕਲ ਹੈ," ਮੁੰਡੇ ਨੇ ਦੋਸ਼ੀਆਂ ਵਾਂਗ ਮੁਸਕ੍ਰਾ ਕੇ ਆਖਿਆ। "ਮੈਂ ਸੋਸਨੋਵਕਾ ਤੋਂ ਤਰ ਕੇ ਆ ਗਿਆ। ਅੱਧ ਵਿਚ ਪਹੁੰਚ ਕੇ ਮੈਂ ਥੱਕ ਗਿਆ, ਨਾਲੇ ਸਰੀਰ ਆਕੜ ਗਿਆ। ਮੈਂ ਸੋਚਿਆ ਮਰ ਗਿਆ।"

"ਕੀ ਆਖਿਆ, ਤਰ ਕੇ ਆ ਗਿਆ ?" ਖੋਲਿਨ ਹੈਰਾਨ ਹੋਇਆ ਬੋਲ ਉੱਠਿਆ।

"ਇਕ ਗੇਲੀ ਉਤੇ। ਨਾਰਾਜ਼ ਨਾ ਹੋ। ਹੋਰ ਕੋਈ ਚਾਰਾ ਨਹੀਂ ਸੀ। ਬੇੜੀਆਂ ਚੜ੍ਹਦੇ ਪਾਣੀ ਵੱਲ ਸਨ ਤੇ ਸਾਰੀਆਂ ਨਿਗਰਾਨੀ ਹੇਠ। ਹਨੇਰੇ ਵਿਚ ਤੁਹਾਡੀ ਡੋਂਗੀ ਨੂੰ ਲਭਣਾ ਜੋਖੋ ਵਿਚ ਪੈਣ ਵਾਲੀ ਗੱਲ ਸੀ। ਉਹਨਾਂ ਨੇ ਮਿੰਟਾਂ ਸਕਿੰਟਾਂ ਵਿਚ ਮੈਨੂੰ ਆ ਦੱਬਣਾ ਸੀ ! ਪਤਾ ਈ, ਮੈਂ ਥੱਕ ਗਿਆ, ਤੇ ਉਹ ਗੇਲੀ ਮਰੋੜੇ ਖਾਂਦੀ ਤੇ ਤਿਲਕਦੀ ਜਾਂਦੀ ਸੀ ਤੇ ਫੇਰ ਮੇਰੀ ਲੱਤ ਸੁੰਨ ਹੋ ਕੇ ਆਕੜ ਗਈ। ਮੈਂ ਸੋਚਿਆ, ਮੁਕੀ ਕਹਾਣੀ ! ਪਾਣੀ ਦੀ ਧਾਰ ਮੈਨੂੰ ਵਹਾ ਕੇ ਲੈ ਗਈ, ਪਤਾ ਨਹੀਂ ਮੈਂ ਕਿੱਦਾਂ ਪਾਰ ਆ ਗਿਆ।"

ਸੋਸਨੋਵਕਾ ਦੁਸ਼ਮਣ ਦੇ ਪਾਸੇ ਚੜ੍ਹਦੇ ਪਾਣੀ ਵੱਲ ਇਕ ਬਸਤੀ ਸੀ ਤੇ ਮੁੰਡਾ ਤਕਰੀਬਨ ਦੋ ਮੀਲ ਤੱਕ ਜ਼ਰੂਰ ਵਹਿ ਕੇ ਆਇਆ ਹੋਵੇਗਾ। ਜੇ ਉਸ ਅਕਤੂਬਰ ਦੀ ਹਨੇਰੀ ਰਾਤ, ਠੰਡੇ ਪਾਣੀ ਵਿਚ ਲੱਤਾਂ ਬਾਹਵਾਂ

ਮਾਰਦਾ ਇਹ ਨਿੱਕਾ ਜਿਹਾ ਕਮਜ਼ੋਰ ਮੁੰਡਾ ਡੁੱਬਿਆ ਨਹੀਂ ਸੀ ਤਾਂ ਗੱਲ ਚਮਤਕਾਰ ਤੋਂ ਘਟ ਨਹੀਂ ਸੀ।

ਖੋਲਿਨ ਨੇ ਪਾਸਾ ਮੋੜਿਆ, ਇਕਦਮ ਆਪਣੀ ਮਜ਼ਬੂਤ ਬਾਂਹ ਵਧਾਈ ਤੇ ਮੇਰੇ ਨਾਲ ਹੱਥ ਮਿਲਾਇਆ। ਫੇਰ ਉਸ ਨੇ ਸੂਟਕੇਸ ਚੁਕਿਆ, ਮਲਕੜੇ ਜਿਹੇ ਇਸ ਨੂੰ ਫੱਟੇ ਉਤੇ ਰਖਿਆ ਤੇ ਕੜਿਕ ਕਰ ਕੇ ਤਾਲਾ ਖੋਹਲਿਆ।

"ਜਾ ਕਾਰ ਨੂੰ ਏਥੇ ਲੈ ਆ, ਅਸੀ ਨੇੜੇ ਨਹੀਂ ਜਾ ਸਕਦੇ। ਤੇ ਸੰਤਰੀ ਨੂੰ ਕਹਿ ਦੇ ਕਿ ਨਾ ਕਿਸੇ ਨੂੰ ਅੰਦਰ ਆਉਣ ਦੇਵੇ ਨਾ ਆਪ ਹੀ ਆਵੇ। ਅਸੀਂ ਨਹੀਂ ਚਾਹੁੰਦੇ ਕਿ ਸਾਨੂੰ ਕੋਈ ਵੇਖੇ। ਸਮਝ ਗਿਆ?"

ਲੈਫਟੀਨੈਂਟ ਕਰਨਲ ਗਰਿਆਜ਼ਨੋਵ ਦੇ ਇਹ ਲਫਜ਼ "ਸਮਝ ਗਿਆ" ਸਿਰਫ ਸਾਡੀ ਡੀਵੀਜ਼ਨ ਵਿਚ ਹੀ ਨਹੀਂ, ਸਗੋਂ ਸਾਰੇ ਆਰਮੀ ਹੈਡ-ਕੁਆਰਟਰ ਵਿਚ ਹੀ ਮਸ਼ਹੂਰ ਹੋ ਗਏ ਸਨ।

ਕਾਰ ਲਭ ਕੇ ਅਤੇ ਡਰਾਈਵਰ ਨੂੰ ਮੋਰਚੇ ਤੱਕ ਪਹੁੰਚਣ ਦਾ ਰਾਹ ਵਿਖਾ ਕੇ, ਦੱਸ ਮਿੰਟ ਬਾਦ ਜਦੋਂ ਮੈਂ ਵਾਪਸ ਆਇਆ ਤਾਂ ਮੁੰਡੇ ਦੀ ਸ਼ਕਲ ਹੀ ਬਦਲੀ ਹੋਈ ਸੀ।

ਉਸ ਨੇ ਛੋਟੀ ਜਿਹੀ ਫੌਜੀਆਂ ਵਾਲੀ ਕਮੀਜ਼ ਪਾਈ ਹੋਈ ਸੀ ਜਿਹੜੀ ਪ੍ਰਤੱਖ ਤੌਰ ਤੇ ਉਹਦੇ ਲਈ ਉਚੇਚੀ ਬਣਵਾਈ ਗਈ ਸੀ। ਇਸ ਉਤੇ ਦੇਸ਼ਭਗਤਕ ਜੰਗ ਦਾ ਤਮਗਾ ਤੇ "ਬਹਾਦਰੀ ਲਈ" ਨਵਾਂ ਨਕੋਰ ਮੈਡਲ ਲੱਗਾ ਹੋਇਆ ਸੀ। ਬਰਫ ਵਾਂਗ ਚਿੱਟੀ ਗਲ ਦੀ ਪੱਟੀ, ਗੂੜ੍ਹੇ ਨੀਲੇ ਰੰਗ ਦੀ ਬਿਰਜਸ ਤੇ ਲਿਸ਼ਕਾਂ ਮਾਰਦੇ ਲੰਮੇ ਬੂਟ ਪਾਏ ਹੋਏ ਸਨ। ਹੁਣ ਉਹ ਰੰਗਰੂਟ ਲੱਗਦਾ ਸੀ—ਰੈਜਮੈਂਟ ਵਿਚ ਕਈ ਸਨ—ਸਿਰਫ ਏਨੀ ਗੱਲ ਸੀ ਕਿ ਉਹਦੀ ਕਮੀਜ਼ ਦੇ ਮੋਢਿਆਂ ਉਤੇ ਕੋਈ ਫੀਤੀ ਨਹੀਂ ਸੀ ਲੱਗੀ ਹੋਈ ਅਤੇ ਅਸਲੀ ਰੰਗਰੂਟ ਬੜੇ ਤਗੜੇ ਤੇ ਤੰਦਰੁਸਤ ਲੱਗਦੇ ਸਨ।

ਉਹ ਸ਼ਾਂਤ ਚਿੱਤ ਇਕ ਸਟੂਲ ਉਤੇ ਬੈਠਾ ਖੋਲਿਨ ਨਾਲ ਗੱਲਾਂ ਕਰ ਰਿਹਾ ਸੀ। ਜਦੋਂ ਮੈਂ ਅੰਦਰ ਆਇਆ ਤਾਂ ਉਹ ਚੁੱਪ ਕਰ ਗਏ ਅਤੇ ਮੈਨੂੰ ਜਾਪਿਆ ਕਿ ਖੋਲਿਨ ਨੇ ਮੈਨੂੰ ਬਾਹਰ ਕਾਰ ਵੱਲ ਭੇਜਿਆ ਹੀ ਇਸ ਲਈ ਸੀ ਕਿ ਉਹ ਕਿਸੇ ਹੋਰ ਦੀ ਮੌਜੂਦਗੀ ਬਗੈਰ ਗੱਲਬਾਤ ਕਰ ਸਕਣ।

"ਕਿਉਂ, ਕਿਧਰ ਰਿਹਾ ਏਨਾ ਚਿਰ ਤੂੰ?" ਉਸ ਨੇ ਆਖਿਆ ਪਰ ਉਹ ਅਪ੍ਰਸੰਨ ਨਜ਼ਰ ਆ ਰਿਹਾ ਸੀ। "ਇਕ ਮੱਗ ਫੜ ਹੋਰ ਤੇ ਬਹਿ ਜਾ।"

ਜਿਹੜਾ ਖਾਣਾ ਉਹ ਲੈ ਕੇ ਆਇਆ ਸੀ ਉਹ ਮੇਜ਼ ਉਤੇ ਸਾਫ ਸੁਥਰੇ ਕਾਗ਼ਜ਼ ਨਾਲ ਕੱਜਿਆ ਪਿਆ ਸੀ। ਸੂਰ ਦੀ ਚਰਬੀ ਸੀ, ਸਲਾਮੀ ਸੀ, ਦੋ ਗੋਸ਼ਤ ਦੇ ਡੱਬੇ ਸਨ, ਬਿਸਕੁਟਾਂ ਦਾ ਇਕ ਪੈਕਟ ਸੀ, ਦੋ ਹੋਰ ਲਿਫਾਫਿਆਂ ਵਿਚ ਖਾਣ ਦੀਆਂ ਚੀਜ਼ਾਂ ਸਨ ਅਤੇ ਇਕ ਕਪੜੇ ਵਿਚ ਵਲ੍ਹੇਟੀ ਫਲਾਸਕ ਸੀ। ਇਕ ਨਵਾਂ ਨਕੋਰ, ਮੁੰਡੇ ਦੇ ਮੇਚੇ ਦਾ ਭੇਡ ਦੀ ਖੱਲ ਦਾ ਕੋਟ, ਤੇ ਕੰਨ-ਪਟੀਆਂ ਵਾਲੀ ਫਰ ਦੀ ਬਣੀ ਇਕ ਅਫਸਰਾਂ ਵਾਲੀ ਟੋਪੀ ਫੱਟੇ ਉਤੇ ਪਈ ਸੀ।

ਖੋਲਿਨ ਨੇ ਬ੍ਰੈਡ ਦੇ ਛੋਟੇ ਛੋਟੇ ਟੁਕੜੇ ਕੀਤੇ ਤੇ ਫੇਰ ਫਲਾਸਕ ਵਿਚੋਂ ਤਿੰਨਾਂ ਮਗਾਂ ਵਿਚ ਵੋਦਕਾ ਪਾਈ—ਆਪਣੇ ਤੇ ਮੇਰੇ ਵਾਸਤੇ ਅੱਧਾ ਅੱਧਾ ਮਗ ਅਤੇ ਮੁੰਡੇ ਵਾਸਤੇ ਪੋਟਾ ਕੁ ਭਰ।

"ਸਾਡੀ ਮੁਲਾਕਾਤ ਲਈ!" ਖੋਲਿਨ ਨੇ ਚੁਲਬੁਲੇ ਅੰਦਾਜ਼ ਨਾਲ ਆਪਣਾ ਮਗ ਚੁਕਦਿਆਂ ਆਖਿਆ।

"ਮੇਰੇ ਹਮੇਸ਼ਾ ਹੀ ਵਾਪਸ ਮੁੜ ਆਉਣ ਲਈ," ਮੁੰਡੇ ਨੇ ਗੰਭੀਰਤਾ ਨਾਲ ਆਖਿਆ।

ਖੋਲਿਨ ਨੇ ਫੁਰਤੀਲੀ ਨਜ਼ਰ ਉਹਦੇ ਵੱਲ ਵੇਖਿਆ ਤੇ ਜਾਮ ਪੇਸ਼ ਕਰਦਿਆਂ ਕਿਹਾ:

"ਇਸ ਵਾਸਤੇ ਕਿ ਤੂੰ ਸੂਵੋਰੋਵ ਸਿਖਲਾਈ ਸਕੂਲ ਜਾਵੇਂ ਤੇ ਅਫਸਰ ਬਣ ਕੇ ਨਿਕਲੇਂ।"

"ਨਹੀਂ, ਇਹ ਬਾਦ ਵਿਚ!" ਮੁੰਡੇ ਨੇ ਰੋਸ ਕੀਤਾ। "ਜਿੰਨਾ ਚਿਰ ਲੜਾਈ ਜਾਰੀ ਹੈ, ਓਨਾ ਚਿਰ, ਮੇਰੇ ਹਮੇਸ਼ਾ ਵਾਪਸ ਮੁੜ ਆਉਣ ਲਈ," ਉਸ ਨੇ ਦ੍ਰਿੜ੍ਹਤਾ ਨਾਲ ਦੁਹਰਾਇਆ।

"ਠੀਕ ਹੈ, ਜਿਵੇਂ ਤੂੰ ਚਾਹੇਂ। ਤੇਰੇ ਭਵਿਖ ਲਈ। ਫਤਿਹ ਲਈ।"

ਅਸੀਂ ਮਗ ਟਕਰਾਏ ਤੇ ਪੀ ਗਏ। ਮੁੰਡਾ ਵੋਦਕਾ ਪੀਣ ਨਹੀਂ ਸੀ ਗਿੱਝਾ ਹੋਇਆ। ਉਸ ਨੂੰ ਉਥੂ ਆ ਗਿਆ ਤੇ ਉਹਦੀਆਂ ਅੱਖਾਂ ਵਿਚ ਪਾਣੀ

ਆ ਗਿਆ ਜਿਹੜੇ ਉਸ ਨੇ ਲੁਕਵੇਂ ਅੰਦਾਜ਼ ਨਾਲ ਪੂੰਝ ਲਿਆ। ਖੋਲਿਨ ਦੀ ਰੀਸ ਕਰਦਿਆਂ, ਉਸ ਨੇ ਰੋਟੀ ਦਾ ਇਕ ਟੁਕੜਾ ਫੜਿਆ ਤੇ ਇਸ ਨੂੰ ਖਾਣ ਤੋਂ ਪਹਿਲਾਂ ਚੋਖਾ ਚਿਰ ਸੁੰਘਦਾ ਰਿਹਾ।

ਖੋਲਿਨ ਨੇ ਬੜੇ ਸੁਚੱਜੇ ਢੰਗ ਨਾਲ ਕੁਝ ਸੈਂਡਵਿਚ ਬਣਾਏ ਤੇ ਮੁੰਡੇ ਨੂੰ ਪੇਸ਼ ਕੀਤੇ। ਮੁੰਡੇ ਨੇ ਸੈਂਡਵਿਚ ਚੁਕਿਆ ਤੇ ਹੌਲੀ ਹੌਲੀ ਖਾਣ ਲੱਗਾ ਜਿਵੇਂ ਕਿਸੇ ਦੁਚਿੱਤੀ ਵਿਚ ਹੋਵੇ।

"ਤੂੰ ਵੀ ਖਾ, ਖਾ!" ਖੋਲਿਨ ਨੇ ਬੜੇ ਸਵਾਦ ਨਾਲ ਸੈਂਡਵਿਚਾਂ ਉਤੇ ਹੱਲਾ ਬੋਲਦਿਆਂ ਆਖਿਆ।

"ਆਦਤ ਨਹੀਂ ਰਹੀ," ਮੁੰਡੇ ਨੇ ਲੰਮਾ ਸਾਹ ਲਿਆ। "ਮੈਂ ਨਹੀਂ ਖਾ ਸਕਦਾ।"

ਖੋਲਿਨ ਨਾਲ ਗੱਲ ਕਰਦਿਆਂ ਉਹ ਉਸ ਨੂੰ "ਤੂੰ" ਕਹਿੰਦਾ ਸੀ ਤੇ ਸਿਰਫ ਉਹਦੇ ਵੱਲ ਹੀ ਵੇਖੀ ਜਾਂਦਾ ਸੀ ਤੇ ਮੇਰੇ ਵੱਲ ਉਹਦਾ ਉੱਕਾ ਹੀ ਕੋਈ ਧਿਆਨ ਨਹੀਂ ਸੀ ਜਾਪਦਾ। ਵੋਦਕਾ ਪੀ ਕੇ ਮੈਂ ਤੇ ਖੋਲਿਨ ਨੇ ਤਾਂ ਜਿਵੇਂ ਕਹਿੰਦੇ ਹਨ, "ਬਾਹਵਾਂ ਟੰਗ ਲਈਆਂ ਸਨ"। ਪਰ ਮੁੰਡੇ ਨੇ ਨਿੱਕੇ ਨਿੱਕੇ ਦੋ ਸੈਂਡਵਿਚ ਖਾਣ ਮਗਰੋਂ, ਆਪਣੇ ਰੁਮਾਲ ਨਾਲ ਹੱਥ ਮੂੰਹ ਪੂੰਝ ਲਿਆ ਤੇ ਕਿਹਾ:

"ਬਸ, ਬਹੁਤ ਖਾ ਲਿਆ।"

ਖੋਲਿਨ ਨੇ ਰੰਗ ਬਰੰਗੇ ਕਾਗਜ਼ਾਂ ਵਿਚ ਲਪੇਟੇ ਚਾਕਲੇਟ ਮੇਜ਼ ਉਤੇ ਢੇਰੀ ਕਰ ਦਿੱਤੇ। ਮਠਿਆਈ ਵੇਖ ਕੇ ਮੁੰਡੇ ਦੇ ਚਿਹਰੇ ਉਤੇ ਖੁਸ਼ੀ ਨਾਲ ਰਤਾ ਜਿੰਨੀ ਵੀ ਰੌਣਕ ਨਹੀਂ ਆਈ, ਜਿਵੇਂ ਕਿ ਉਸ ਦੀ ਉਮਰ ਦੇ ਬੱਚਿਆਂ ਨਾਲ ਆਮ ਕਰ ਕੇ ਹੁੰਦਾ ਹੈ। ਉਸ ਨੇ ਬੜੇ ਆਰਾਮ ਤੇ ਬੇਦਿਲੀ ਜਿਹੀ ਨਾਲ ਚਾਕਲੇਟ ਦੀ ਇਕ ਟਿੱਕੀ ਚੁੱਕ ਲਈ, ਜਿਵੇਂ ਕਿਤੇ ਉਹ ਰੋਜ਼ ਹੀ ਮਿੱਠੀ ਚਾਕਲੇਟ ਖਾਂਦਾ ਹੋਵੇ, ਇਸ ਉਤੋਂ ਕਾਗਜ਼ ਲਾਹਿਆ, ਇਕ ਦੰਦੀ ਵੱਢੀ ਤੇ ਚਾਕਲੇਟ ਦੀਆਂ ਗੋਲੀਆਂ ਨੂੰ ਧੱਕ ਕੇ ਮੇਜ਼ ਦੇ ਵਿਚਕਾਰ ਕਰ ਕੇ ਆਖਿਆ:

"ਲਓ ਖਾਓ।"

"ਨਹੀਂ ਭਰਾਵਾ," ਖੋਲਿਨ ਨੇ ਆਖਿਆ। "ਵੋਦਕਾ ਤੋਂ ਮਗਰੋਂ ਮਿੱਠਾ ਨਹੀਂ ਚਲਦਾ।"

"ਤਾਂ ਫੇਰ ਚਲੀਏ," ਮੁੰਡੇ ਨੇ ਅਚਾਨਕ ਖੜੇ ਹੋ ਕੇ ਮੇਜ਼ ਤੋਂ ਨਜ਼ਰਾਂ ਪਰੇ ਹਟਾਉਂਦਿਆਂ ਆਖਿਆ। "ਲੈਫਟੀਨੈਂਟ ਕਰਨਲ ਮੈਨੂੰ ਉਡੀਕ ਰਿਹਾ ਏ, ਬੈਠੇ ਕਿਉਂ ਹਾਂ?... ਚਲੀਏ!" ਉਸ ਨੇ ਤਕਾਜ਼ਾ ਕੀਤਾ।

"ਹੁਣੇ ਚਲਦੇ ਹਾਂ," ਖੋਲਿਨ ਨੇ ਕੁਝ ਕੁਝ ਹੈਰਾਨ ਹੁੰਦਿਆਂ ਕਿਹਾ। ਉਸ ਨੇ ਫਲਾਸਕ ਹੱਥ ਵਿਚ ਫੜੀ ਹੋਈ ਸੀ। ਜ਼ਾਹਿਰ ਹੈ ਕਿ ਮਗ ਭਰਨ ਦਾ ਇਰਾਦਾ ਸੀ ਪਰ ਮੁੰਡੇ ਨੂੰ ਉਠ ਖੜੋਤਾ ਵੇਖ ਕੇ ਉਸ ਨੇ ਫਲਾਸਕ ਫੇਰ ਜਿਥੇ ਪਈ ਸੀ ਰੱਖ ਦਿੱਤੀ। "ਹੁਣੇ ਚਲਦੇ ਹਾਂ," ਉਸ ਨੇ ਉਦਾਸ ਲਹਿਜੇ ਨਾਲ ਆਪਣੇ ਲਫਜ਼ ਦੁਹਰਾਏ ਤੇ ਖੜਾ ਹੋ ਗਿਆ।

ਇੱਚਰ, ਮੁੰਡੇ ਨੇ ਫਰ ਦੀ ਟੋਪੀ ਪਾ ਕੇ ਵੇਖੀ:

"ਇਹ ਤਾਂ ਬਹੁਤ ਵੱਡੀ ਹੈ!"

"ਛੋਟੀ ਕੋਈ ਹੈ ਨਹੀਂ ਸੀ। ਮੈਂ ਆਪ ਚੁਣੀ ਸੀ," ਖੋਲਿਨ ਨੇ ਅੱਧ-ਪਚੱਧ ਸਫਾਈ ਪੇਸ਼ ਕਰਦਿਆਂ ਕਿਹਾ। "ਓਨਾ ਚਿਰ ਹੀ ਹੈ ਜਿੰਨਾ ਚਿਰ ਉਥੇ ਨਹੀਂ ਪਹੁੰਚਦੇ। ਕੁਝ ਸੋਚ ਲਵਾਂਗੇ..."

ਉਸ ਨੇ ਅਫਸੋਸ ਜਿਹੇ ਨਾਲ ਮੇਜ਼ ਉਤੇ ਪਈਆਂ ਖਾਣ ਦੀਆਂ ਚੀਜ਼ਾਂ ਵੱਲ ਵੇਖਿਆ, ਫਲਾਸਕ ਚੁੱਕੀ, ਇਸ ਨੂੰ ਹਿਲਾਇਆ, ਉਦਾਸੀ ਭਰੇ ਢੰਗ ਨਾਲ ਮੇਰੇ ਨਾਲ ਅੱਖਾਂ ਮਿਲਾ ਕੇ ਇਕ ਲੰਮਾ ਸਾਹ ਲਿਆ:

"ਕਿੰਨੀਆਂ ਵਧੀਆ ਚੀਜ਼ਾਂ ਜ਼ਾਇਆ ਜਾ ਰਹੀਆਂ ਨੇ, ਹੈਂ!"

"ਇਹਦੇ ਵਾਸਤੇ ਰਹਿਣ ਦੇ ਏਥੇ," ਮੁੰਡੇ ਨੇ ਖਿੱਝ ਕੇ ਘੂਰੀ ਵੱਟਦਿਆਂ ਆਖਿਆ। "ਤੈਨੂੰ ਭੋਖੜਾ ਤਾਂ ਨਹੀਂ ਵਰਤਿਆ ਹੋਇਆ?"

"ਕੀ ਗੱਲਾਂ ਕਰਦਾ ਏਂ! ਪਰ ਇਹ ਫਲਾਸਕ ਸਰਕਾਰੀ ਹੈ," ਖੋਲਿਨ ਨੇ ਮਜ਼ਾਕੀਆ ਢੰਗ ਨਾਲ ਕਿਹਾ। "ਤੇ ਮਿਠੀਆਂ ਗੋਲੀਆਂ ਦੀ ਇਹਨੂੰ ਲੋੜ ਨਹੀਂ।"

"ਕੰਜੂਸ ਨਾ ਬਣ।"

"ਖੈਰ, ਇਸ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਸਕਦਾ, ਮੈਂ ਸਮਝਦਾ ਹਾਂ,"

ਖੋਲਿਨ ਨੇ ਆਖਿਆ ਤੇ ਮੈਨੂੰ ਸੰਬੋਧਨ ਕੀਤਾ : "ਸੰਤਰੀ ਨੂੰ ਰਾਹ ਵਿਚੋਂ ਪਾਸੇ ਕਰ ਦੇ। ਤੇ ਇਸ ਗੱਲ ਦਾ ਧਿਆਨ ਰੱਖ ਕਿ ਸਾਨੂੰ ਕੋਈ ਵੇਖ ਨਾ ਲਵੇ।"

ਮੈਂ ਆਪਣੀ ਗਿੱਲੀ ਕੇਪ ਮੋਢਿਆਂ ਉਤੇ ਸੁੱਟੀ ਤੇ ਮੁੰਡੇ ਦੇ ਕੋਲ ਹੋ ਗਿਆ। ਉਸਦੇ ਭੇਡ ਦੀ ਖੱਲ ਦੇ ਕੋਟ ਦੀਆਂ ਹੁੱਕਾਂ ਬੰਦ ਕਰ ਕੇ ਖੋਲਿਨ ਨੇ ਡੀਂਗ ਮਾਰੀ :

"ਕਾਰ ਵਿਚ ਬਥੇਰਾ ਘਾਹ ਪਿਆ ਹੈ—ਪੂਰਾ ਮੂਸਲ ਹੀ ਸਮਝ! ਮੈਂ ਕੰਬਲ ਤੇ ਸਿਰ੍ਹਾਣੇ ਵੀ ਲੈ ਕੇ ਆਇਆ ਸਾਂ। ਅੰਦਰ ਵੜਨ ਦੀ ਦੇਰ ਹੈ ਅਸੀਂ ਹੈਡ-ਕੁਆਰਟਰ ਤੱਕ ਸੁੱਤੇ ਜਾਣਾ ਹੈ।"

"ਚੰਗਾ, ਅਲਵਿਦਾ, ਵਾਨੀਉਸ਼ਾ," ਮੈਂ ਆਪਣਾ ਹੱਥ ਅੱਗੇ ਕਰਦਿਆਂ ਕਿਹਾ।

"ਅਲਵਿਦਾ ਨਹੀਂ, ਫੇਰ ਮਿਲਣ ਤੱਕ!" ਉਸ ਨੇ ਆਪਣਾ ਨਿੱਕਾ ਜਿਹਾ ਹੱਥ ਫੜਾਉਂਦਿਆਂ, ਤੇ ਘੂਰੀ ਵੱਟ ਕੇ ਗੰਭੀਰਤਾ ਨਾਲ ਮੇਰੀ ਗ਼ਲਤੀ ਦਰੁਸਤ ਕੀਤੀ।

ਕੈਨਵਸ ਦੀ ਛੱਤ ਵਾਲੀ "ਦੋਜ" ਮੋਰਚੇ ਤੋਂ ਦਸ ਕੁ ਕਦਮਾਂ ਦੀ ਵਿਥ ਉਤੇ ਖੜੀ ਸੀ। ਮੈਂ ਉਸ ਨੂੰ ਮੁਸ਼ਕਲ ਨਾਲ ਹੀ ਵੇਖ ਸਕਿਆ ਸਾਂ।

"ਰੋਦੀਓਨੋਵ!" ਮੈਂ ਸਹਿਜੇ ਜਿਹੇ ਸੰਤਰੀ ਨੂੰ ਵਾਜ ਮਾਰੀ।

"ਹਾਜ਼ਰ, ਕਾਮਰੇਡ ਸੀਨੀਅਰ ਲੈਫਟੀਨੈਂਟ," ਮੇਰੇ ਪਿਛਲੇ ਪਾਸੇ ਤੋਂ ਬਿਲਕੁਲ ਨੇੜਿਓਂ ਉਹਦੀ ਭਰੜਾਈ ਹੋਈ ਆਵਾਜ਼ ਆਈ।

"ਸਟਾਫ ਦੇ ਮੋਰਚੇ ਵਿਚ ਚਲਾ ਜਾ। ਮੈਂ ਹੁਣੇ ਤੈਨੂੰ ਬੁਲਾਵਾਂਗਾ।"

ਸੈਨਿਕ ਹਨੇਰੇ ਵਿਚ ਗ਼ਾਇਬ ਹੋ ਗਿਆ।

ਮੈਂ ਏਧਰ ਓਧਰ ਫਿਰ ਕੇ ਵੇਖਿਆ, ਪਰ ਨੇੜੇ ਤੇੜੇ ਕੋਈ ਵੀ ਨਹੀਂ ਸੀ। "ਦੋਜ" ਦਾ ਡਰਾਈਵਰ ਆਪਣੇ ਭੇਡ ਦੀ ਖੱਲ ਦੇ ਕੋਟ ਉਤੇ ਕੇਪ ਪਾਈ ਕਾਰ ਦੇ ਸਟੀਅਰਿੰਗ ਕੋਲ ਬੈਠਾ ਸੁੱਤਾ ਹੋਇਆ ਸੀ ਜਾਂ ਝੋਕਾਂ ਲੈ ਰਿਹਾ ਸੀ।

ਮੈਂ ਮੋਰਚੇ ਵੱਲ ਮੁੜਿਆ, ਟੋਹ ਕੇ ਬੂਹਾ ਲਭਿਆ ਤੇ ਖੋਹਲਿਆ।

"ਆ ਜਾਓ।"

ਮੁੰਡਾ ਤੇ ਖੋਲਿਨ ਸੂਟਕੇਸ ਚੁੱਕੀ ਮੇਰੇ ਕੋਲੋਂ ਦੀ ਲੰਘ ਕੇ ਕਾਰ ਵਿਚ ਸਰਕ ਗਏ। ਤਰਪਾਲ ਦੀ ਸਰਸਰ ਤੇ ਹੌਲੀ ਹੌਲੀ ਕੋਈ ਗੱਲ ਕਰਨ ਦੀ ਆਵਾਜ਼ ਸੁਣੀ। ਖੋਲਿਨ ਨੇ ਡਰਾਈਵਰ ਨੂੰ ਜਗਾਇਆ ਸੀ। ਇਸ ਤੋਂ ਮਗਰੋਂ ਇੰਜਨ ਚਾਲੂ ਹੋਇਆ ਤੇ ਕਾਰ ਅਗਾਂਹ ਤੁਰ ਪਈ।

3

ਸਾਰਜੈਂਟ-ਮੇਜਰ ਕਾਤਾਸੋਨੋਵ, ਜਿਹੜਾ ਡੀਵੀਜ਼ਨ ਦੀ ਸੂਹੀਆ ਕੰਪਨੀ ਦੀ ਪਲਟਣ ਦਾ ਕਮਾਂਡਰ ਸੀ, ਤਿੰਨ ਦਿਨ ਮਗਰੋਂ ਮੁੜਿਆ।


ਉਹ ਤੀਹਾਂ ਤੋਂ ਵਧ ਦਾ ਇਕ ਮਧਰੇ ਕੱਦ ਦਾ ਛੀਟਕਾ ਜਿਹਾ ਆਦਮੀ ਸੀ। ਛੋਟਾ ਜਿਹਾ ਮੂੰਹ, ਛੋਟਾ ਜਿਹਾ ਉਪਰਲਾ ਬੁੱਲ੍ਹ, ਨਿੱਕੀਆਂ ਨਿੱਕੀਆਂ ਨਾਸਾਂ ਵਾਲਾ ਪੱਧਰਾ ਨੱਕ ਤੇ ਨਿੱਕੀਆਂ ਨਿੱਕੀਆਂ ਸਲੇਟੀ-ਨੀਲੇ ਰੰਗ ਦੀਆਂ ਚੁਲਬਲੀਆਂ ਅੱਖਾਂ। ਉਸ ਦੇ ਦਿਲ-ਖਿਚਵੇਂ, ਸਨਿਮਰ ਚਿਹਰੇ ਨੂੰ ਵੇਖ ਕੇ ਖ਼ਰਗੋਸ਼ ਦਾ ਚੇਤਾ ਆ ਜਾਂਦਾ ਸੀ। ਕਾਤਾਸੋਨੋਵ ਇਕ ਨਿਮਾਣਾ, ਚੁਪ-ਰਹਿਣਾ ਤੇ ਸੰਗ-ਸੰਕੋਚ ਵਾਲਾ ਆਦਮੀ ਸੀ। ਉਹ ਪ੍ਰਤੱਖ ਰੂਪ ਵਿਚ ਥਥਲਾ ਕੇ ਗੱਲ ਕਰਦਾ ਸੀ। ਹੋ ਸਕਦਾ ਹੈ ਕਿ ਉਹ ਏਸੇ ਕਾਰਨ ਹੀ ਲੋਕਾਂ ਵਿਚ ਏਨਾ ਸੰਗਦਾ ਤੇ ਚੁੱਪ ਰਹਿੰਦਾ ਹੋਵੇ। ਇਹ ਵਿਸ਼ਵਾਸ ਕਰਨਾ ਹੀ ਮੁਸ਼ਕਲ ਸੀ ਕਿ ਉਹ ਸਾਡੀ ਆਰਮੀ ਵਿਚ ਬੰਦੀ ਦੀ ਪਛਾਣ ਕਰਨ ਦਾ ਸਭ ਤੋਂ ਵਧੀਆ ਸ਼ਿਕਾਰੀ ਸੀ। ਡੀਵੀਜ਼ਨ ਵਿਚ ਪਿਆਰ ਨਾਲ ਉਸ ਨੂੰ "ਕਾਤਾਸੋਨਿਚ" ਕਹਿੰਦੇ ਸਨ।

ਕਾਤਾਸੋਨੋਵ ਨੂੰ ਵੇਖ ਕੇ ਮੈਨੂੰ ਮੁੰਡੇ ਬੋਨਦਾਰੇਵ ਦੀ ਯਾਦ ਆ ਗਈ। ਪਿਛਲੇ ਕੁਝ ਦਿਨਾਂ ਤੋਂ ਉਹ ਮੈਨੂੰ ਅਕਸਰ ਯਾਦ ਆ ਜਾਂਦਾ ਰਿਹਾ ਸੀ। ਮੈਂ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਮੌਕਾ ਮਿਲਣ ਉਤੇ ਕਾਤਾਸੋਨੋਵ ਨੂੰ ਉਸ ਮੁੰਡੇ ਬਾਰੇ ਪੁਛਾਂਗਾ। ਉਹ ਉਸ ਨੂੰ ਜ਼ਰੂਰ ਜਾਣਦਾ ਹੋਵੇਗਾ। ਕਿਉਂਕਿ ਇਹ ਕਾਤਾਸੋਨੋਵ ਹੀ ਤਾਂ ਸੀ ਜਿਹੜਾ ਉਸ ਰਾਤ ਬੇੜੀ ਲੈ ਕੇ ਦੀਕੋਵਕਾ ਵਿਖੇ ਉਸ ਨੂੰ ਉਡੀਕਦਾ ਰਿਹਾ ਸੀ। ਜਿਥੇ "ਜਰਮਨਾਂ ਦਾ ਕੋਈ ਅੰਤ ਨਹੀਂ, ਕੰਢੇ ਤੱਕ ਪਹੁੰਚਣਾ ਮੁਸ਼ਕਲ ਹੈ।"

ਸਟਾਫ ਦੇ ਮੋਰਚੇ ਵਿਚ ਆ ਕੇ, ਉਸ ਨੇ ਆਪਣੀ ਕਿਰਮਚੀ ਸਿਰੇ ਵਾਲੀ ਖੰਦਕੀ ਟੋਪੀ ਨਾਲ ਹੱਥ ਛੁਹਾਇਆ ਤੇ ਜਿੰਨਾ ਚਿਰ ਮੈਂ ਬਾਬੂਆਂ ਦੀ ਝਾੜ-ਝਪਟ ਕਰਦਾ ਰਿਹਾ ਉਹ ਆਪਣਾ ਪਿਠੂ ਲਾਹੇ ਬਗੈਰ ਬੂਹੇ ਕੋਲ ਖੜਾ ਸਬਰ ਨਾਲ ਉਡੀਕਦਾ ਰਿਹਾ।

ਉਹ ਉਲਝਣ ਵਿਚ ਫਸੇ ਹੋਏ ਸਨ, ਤੇ ਮੈਂ ਗੁੱਸੇ ਵਿਚ ਆਇਆ ਤੇ ਖਿਝਿਆ ਹੋਇਆ ਸਾਂ—ਹੁਣੇ ਹੀ ਮੈਂ ਟੈਲੀਫੋਨ ਉਤੇ ਮਾਸਲੋਵ ਦਾ ਜ਼ਿੱਚ ਕਰਨ ਵਾਲਾ ਲੈਕਚਰ ਸੁਣਿਆ ਸੀ। ਉਹ ਲਗਪਗ ਮੈਨੂੰ ਰੋਜ਼ ਹੀ ਫੋਨ ਕਰਦਾ, ਸਵੇਰ ਵੇਲੇ ਸਭ ਤੋਂ ਪਹਿਲਾ ਕੰਮ ਤੇ ਹਮੇਸ਼ਾ ਇਕੋ ਗੱਲ—ਇਤਲਾਹਾਂ, ਬਿਆਨਾਂ, ਖਾਕਿਆਂ ਤੇ ਨਕਸ਼ਿਆਂ ਦੀ ਮੰਗ। ਮੈਨੂੰ ਸ਼ੱਕ ਸੀ ਕਿ ਇਸ ਤਰ੍ਹਾਂ ਦੇ ਹਿਸਾਬ ਕਿਤਾਬ ਦਾ ਨੇਮ ਉਸ ਦੇ ਆਪਣੇ ਦਿਮਾਗ਼ ਦੀ ਹੀ ਕਾਢ ਸੀ। ਕਾਗ਼ਜ਼ੀ ਕਾਰਵਾਈ ਨਾਲ ਉਹਨੂੰ ਬੜੀ ਮੁਹੱਬਤ ਸੀ।

ਉਸ ਦੀ ਗੱਲ ਸੁਣ ਕੇ, ਬੰਦਾ ਸੋਚਣ ਲੱਗਦਾ ਕਿ ਜੇ ਇਹ ਸਾਰੇ ਕਾਗ਼ਜ਼-ਪੱਤਰ ਬਾਕਾਇਦਾ ਵੇਲੇ ਸਿਰ ਰੈਜਮੈਂਟ ਦੇ ਹੈਡ-ਕੁਆਰਟਰ ਪਹੁੰਚਦੇ ਰਹਿਣ ਤਾਂ ਲੜਾਈ ਜਲਦੀ ਖਤਮ ਹੋ ਜਾਏਗੀ ਤੇ ਸਾਡੀ ਫਤਿਹ ਹੋਵੇਗੀ। ਜਾਪਦਾ ਸੀ ਜਿਵੇਂ ਸਭ ਕੁਝ ਮੇਰੇ ਉਤੇ ਹੀ ਨਿਰਭਰ ਕਰਦਾ ਹੋਵੇ। ਮਾਸਲੋਵ ਦਾ ਤਕਾਜ਼ਾ ਸੀ ਕਿ ਮੈਂ "ਜੀਅ ਜਾਨ" ਨਾਲ ਇਹ ਕੰਮ ਕਰਾਂ। ਮੈਂ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਦਾ ਸਾਂ, ਪਰ ਮੁਸ਼ਕਲ ਇਹ ਸੀ ਕਿ ਬਟਾਲੀਅਨ ਵਿਚ ਸਾਡੇ ਕੋਲ ਨਾ ਕੋਈ ਸਹਾਇਕ ਸਨ ਤੇ ਨਾ ਹੀ ਤਜਰਬੇਕਾਰ ਲਿਖਾ-ਪੜ੍ਹੀ ਕਰਨ ਵਾਲੇ ਬੰਦੇ ਸਨ। ਅਸੀਂ, ਆਮ ਕਰ ਕੇ ਹੀ, ਕੰਮ ਵਿਚ ਪਛੜ ਜਾਂਦੇ ਸਾਂ ਤੇ ਹਰ ਵਾਰੀ ਕਿਸੇ ਨਾ ਕਿਸੇ ਗ਼ਲਤੀ ਦੇ ਗੁਨਾਹਗਾਰ ਬਣਦੇ ਸਾਂ। ਮੈਂ ਕਈ ਵਾਰੀ ਇਹ ਸੋਚਦਾ ਸਾਂ ਕਿ ਇਸ ਸਾਰੇ ਦਫਤਰੀ ਕੰਮ ਨੂੰ ਸੰਭਾਲਣ ਨਾਲੋਂ ਤਾਂ ਮੈਦਾਨ ਵਿਚ ਲੜਨਾ ਵਧੇਰੇ ਸੌਖਾ ਹੈ, ਅਤੇ ਮੈਂ ਉਸ ਵਕਤ ਦੀ ਇੰਤਜ਼ਾਰ ਵਿਚ ਸਾਂ ਜਦੋਂ ਅਸਲੀ ਅਰਥਾਂ ਵਿਚ ਬਟਾਲੀਅਨ ਕਮਾਂਡਰ ਆਵੇਗਾ ਤੇ ਮੇਰੇ ਹੱਥਾਂ ਵਿਚੋਂ ਇਹ ਸਾਰਾ ਕੰਮ ਸੰਭਾਲ ਲਵੇਗਾ।



ਜਿਸ ਵੇਲੇ ਮੈਂ ਬਾਬੂਆਂ ਦੀ ਝਾੜ ਝੰਭ ਕਰ ਰਿਹਾ ਸਾਂ ਉਸ ਵੇਲੇ ਕਾਤਾਸੋਨੋਵ ਚੁਪ ਕਰ ਕੇ ਬੂਹੇ ਵਿਚ ਖੜਾ ਇੰਤਜ਼ਾਰ ਕਰ ਰਿਹਾ ਸੀ। ਆਪਣੀ ਖੰਦਕੀ ਟੋਪੀ ਉਸ ਨੇ ਆਪਣੇ ਹੱਥ ਵਿਚ ਫੜੀ ਹੋਈ ਸੀ।

"ਤੂੰ ਕਿਸ ਦੀ, ਮੇਰੀ ਉਡੀਕ ਵਿਚ ਏਂ?" ਆਖਰ ਮੈਂ ਉਸ ਨੂੰ ਸੰਬੋਧਨ ਕਰਦਿਆਂ ਪੁੱਛਿਆ, ਭਾਵੇਂ ਇਹ ਗੱਲ ਮੈਨੂੰ ਪੁੱਛਣ ਦੀ ਲੋੜ ਨਹੀਂ ਸੀ। ਮਾਸਲੋਵ ਨੇ ਮੈਨੂੰ ਖਬਰਦਾਰ ਕਰ ਦਿੱਤਾ ਸੀ ਕਿ ਕਾਤਾਸੋਨੋਵ ਆ ਰਿਹਾ ਹੈ, ਅਤੇ ਆਖਿਆ ਸੀ ਕਿ ਮੈਂ ਉਸ ਨੂੰ ਨਿਗਰਾਨ ਚੌਕੀ ਵਿਚ ਜਾ ਲੈਣ ਦੇਵਾਂ ਤੇ ਉਸ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਾਂ।

"ਹਾਂ," ਕਾਤਾਸੋਨੋਵ ਨੇ ਮੁਸਕ੍ਰਾ ਕੇ ਸੰਗਦਿਆਂ ਹੋਇਆਂ ਕਿਹਾ। "ਮੈਂ ਜਰਮਨਾਂ ਉਤੇ ਨਜ਼ਰ ਮਾਰਨਾ ਚਾਹੁੰਦਾ ਹਾਂ।"

"ਠੀਕ ਹੈ, ਜ਼ਰੂਰ ਮਾਰ ਨਜ਼ਰ," ਆਪਣੇ ਲਫਜ਼ਾਂ ਦੀ ਅਹਿਮੀਅਤ ਵਧਾਉਣ ਵਾਸਤੇ ਥੋੜੇ ਜਿਹੇ ਵਕਫੇ ਬਾਦ, ਮੈਂ ਦਿਆਲਤਾ ਨਾਲ ਕਿਹਾ ਤੇ ਹਰਕਾਰੇ ਨੂੰ ਹੁਕਮ ਦਿੱਤਾ ਕਿ ਉਸ ਨੂੰ ਬਟਾਲੀਅਨ ਦੀ ਨਿਗਰਾਨ ਚੌਕੀ ਤੇ ਲੈ ਜਾਵੇ।

ਦੋ ਘੰਟੇ ਮਗਰੋਂ, ਰੈਜਮੈਂਟ ਦੇ ਹੈਡ-ਕੁਆਰਟਰ ਆਪਣੀ ਰਿਪੋਰਟ ਭੇਜਣ ਤੋਂ ਬਾਦ, ਮੈਂ ਬਟਾਲੀਅਨ ਦੇ ਲੰਗਰ ਵਿਚ ਖਾਣੇ ਦਾ ਮੁਆਇਨਾ ਕਰਨ ਗਿਆ ਤੇ ਓਥੋਂ ਝਾੜੀਆਂ ਵਿਚੋਂ ਦੀ ਨਿਗਰਾਨ ਚੌਕੀ ਵੱਲ ਤੁਰ ਪਿਆ।

ਕਾਤਾਸੋਨੋਵ ਤਿੰਨ-ਪਸਾਰੀ ਦੂਰਬੀਨ ਨਾਲ "ਜਰਮਨਾਂ ਵੱਲ ਨਜ਼ਰ ਮਾਰ ਰਿਹਾ ਸੀ।" ਮੈਂ ਵੀ ਨਜ਼ਰ ਮਾਰ ਕੇ ਵੇਖਿਆ, ਭਾਵੇਂ ਮੈਂ ਸਭ ਕੁਝ ਤੋਂ ਜਾਣੂ ਸਾਂ।

ਧੀਮੀ ਚਾਲ ਵਹਿੰਦੇ ਦਨੀਪਰ ਤੋਂ ਪਾਰ, ਹਵਾ ਕਾਰਨ ਜਿਸ ਦੀ ਸਤਹ ਦਾਗ਼ਦਾਰ ਨਜ਼ਰ ਆਉਂਦੀ ਸੀ, ਦੁਸ਼ਮਣ ਦਾ ਕੰਢਾ ਸੀ। ਪਾਣੀ ਦੇ ਕਿਨਾਰੇ ਦੇ ਨਾਲ ਨਾਲ ਰੇਤ ਦੀ ਇਕ ਸੌੜੀ ਪੱਟੀ ਸੀ। ਇਸ ਦੇ ਉਪਰ ਇਕ ਥੜੇ ਵਰਗਾ ਕਿੰਗਰਾ ਸੀ ਜਿਹੜਾ ਇਕ ਮੀਟਰ ਤੋਂ ਘਟ ਉੱਚਾ ਨਹੀਂ ਹੋਵੇਗਾ ਤੇ ਇਸ ਤੋਂ ਅੱਗੇ ਢਾਲਵਾਂ ਮਿਟਿਆਲਾ ਕੰਢਾ ਜਿਸ ਉਤੇ ਥਾਂ ਪਰ ਥਾਂ

ਝਾੜੀਆਂ ਉੱਗੀਆਂ ਹੋਈਆਂ ਸਨ। ਰਾਤ ਵੇਲੇ ਦੁਸ਼ਮਣ ਦੀਆਂ ਸਰਹੱਦੀ ਚੌਕੀਆਂ ਇਸ ਪਾਸੇ ਗਸ਼ਤ ਕਰਦੀਆਂ ਸਨ। ਇਸ ਤੋਂ ਅੱਗੇ ਤਕਰੀਬਨ ਅੱਠ ਮੀਟਰ ਉੱਚਾ ਲਗਪਗ ਖੜੇ-ਦਾਅ ਦਾ ਇਕ ਢਾਹਿਆ ਸੀ। ਇਸ ਢਾਹੇ ਦੀ ਸਿਖਰ ਉਪਰ ਦੁਸ਼ਮਣ ਦੇ ਅੱਗਲੇ ਇਲਾਕੇ ਦੀਆਂ ਖੰਦਕਾਂ ਸਨ। ਉਸ ਵੇਲੇ ਸਿਰਫ ਨਿਗਰਾਨ ਹੀ ਡਿਊਟੀ ਉਤੇ ਸਨ, ਬਾਕੀ ਸਾਰੇ ਆਪਣੇ ਬੰਕਰਾਂ ਵਿਚ ਆਰਾਮ ਕਰ ਰਹੇ ਸਨ। ਰਾਤ ਪੈਣ ਉਤੇ ਜਰਮਨ ਰਿੜ੍ਹ ਕੇ ਖੰਦਕਾਂ ਵਿਚ ਆ ਜਾਣਗੇ, ਹਨੇਰੇ ਵਿਚ ਬੇਹਿਸਾਬੀਆਂ ਗੋਲੀਆਂ ਚਲਾਉਂਦੇ ਰਹਿਣਗੇ ਤੇ ਤੜਕੇ ਤੱਕ ਚਾਨਣ ਕਰਨ ਵਾਲੇ ਰਾਕਟ ਛਡਦੇ ਰਹਿਣਗੇ।

ਦੂਜੇ ਪਾਸੇ ਕੰਢੇ ਦੀ ਰੇਤਲੀ ਪੱਟੀ ਉਤੇ ਪੰਜ ਲਾਸ਼ਾਂ ਪਈਆਂ ਹਨ। ਇਹਨਾਂ ਵਿਚੋਂ ਤਿੰਨ, ਇਕ ਦੂਜੀ ਤੋਂ ਹਟਵੀਆਂ ਵੱਖ ਵੱਖ ਅੰਦਾਜ਼ ਵਿਚ ਪਈਆਂ, ਪ੍ਰਤੱਖ ਰੂਪ ਵਿਚ ਗਲਸੜ ਰਹੀਆਂ ਹਨ। ਇਕ ਹਫਤਾ ਹੋ ਗਿਆ ਹੈ ਮੈਂ ਇਹਨਾਂ ਨੂੰ ਏਥੇ ਹੀ ਪਈਆਂ ਵੇਖ ਰਿਹਾ ਹਾਂ। ਦੋ ਨਵੀਆਂ ਲਾਸ਼ਾਂ ਉੱਚੇ ਕੰਢੇ ਦੇ ਨਾਲ ਕੋਲੋ ਕੋਲ ਸਿੱਧਾ ਸਾਡੀ ਨਿਗਰਾਨ ਚੌਕੀ ਵੱਲ ਮੂੰਹ ਕਰਕੇ ਰੱਖੀਆਂ ਹੋਈਆਂ ਹਨ। ਦੋਹਾਂ ਦੇ ਉਤਲੇ ਕਪੜੇ ਲਾਹ ਲਏ ਗਏ ਹਨ ਤੇ ਉਹਨਾਂ ਦੇ ਪੈਰੀਂ ਬੂਟ ਵੀ ਨਹੀਂ। ਇਕ ਦੇ ਗਲ ਜਹਾਜ਼ੀਆਂ ਦੀ ਧਾਰੀਦਾਰ ਬੰਡੀ ਪਈ ਹੋਈ ਹੈ ਜਿਸ ਨੂੰ ਦੂਰਬੀਨ ਨਾਲ ਸਾਫ ਵੇਖਿਆ ਜਾ ਸਕਦਾ ਹੈ।

"ਲਿਆਖੋਵ ਤੇ ਮਾਰੋਜ਼," ਦੂਰਬੀਨ ਉਤੇ ਅੱਖਾਂ ਟਿਕਾਈ ਕਾਤਾਸੋਨੋਵ ਨੇ ਆਖਿਆ।

ਇਹ ਉਸ ਦੇ ਸਾਥੀ ਸਨ। ਡੀਵੀਜ਼ਨ ਦੀ ਸੂਹੀਆ ਕੰਪਨੀ ਵਿਚ ਦੋਵੇਂ ਸਾਰਜੈਂਟ ਸਨ। ਦੂਰਬੀਨ ਵਿਚੋਂ ਦੀ ਵੇਖਦਿਆਂ ਹੋਇਆਂ, ਉਹ ਆਪਣੀ ਥਥਲੀ ਆਵਾਜ਼ ਵਿਚ ਮੈਨੂੰ ਹੋਈ ਬੀਤੀ ਸੁਣਾਉਣ ਲੱਗ ਪਿਆ।

...ਚਾਰ ਦਿਨ ਪਹਿਲਾਂ ਇਕ ਜਾਸੂਸ ਟੋਲੀ—ਪੰਜ ਬੰਦੇ—ਭੇਤ ਜਾਣਨ ਵਾਸਤੇ ਕਿਸੇ ਨੂੰ ਬੰਦੀ ਬਣਾ ਕੇ ਲਿਆਉਣ ਵਾਸਤੇ ਪਾਰਲੇ ਕੰਢੇ ਗਈ ਸੀ। ਉਹਨਾਂ ਨੇ ਲਹਿੰਦੇ ਪਾਸੇ ਵਲੋਂ ਦਰਿਆ ਪਾਰ ਕੀਤਾ। ਉਹਨਾਂ ਨੇ ਬਿਨਾਂ ਕਿਸੇ ਸ਼ੋਰ—ਸ਼ਰਾਬੇ ਦੇ ਇਕ ਨੂੰ ਕਾਬੂ ਕਰ ਕੇ ਬੰਦੀ ਬਣਾ ਲਿਆ,

ਪਰ ਵਾਪਸ ਮੁੜਦੇ ਵੇਲੇ ਜਰਮਨਾਂ ਨੇ ਉਹਨਾਂ ਨੂੰ ਵੇਖ ਲਿਆ। ਉਹਨਾਂ ਵਿਚੋਂ ਤਿੰਨ ਜਣੇ ਫੜੇ ਹੋਏ ਜਰਮਨ ਕੈਦੀ ਦੇ ਨਾਲ ਕਿਸ਼ਤੀ ਵੱਲ ਪਿਛੇ ਹਟਣ ਲੱਗ ਪਏ ਤੇ ਬਚ ਕੇ ਨਿਕਲ ਗਏ। ਪਰ ਉਹਨਾਂ ਵਿਚੋਂ ਇਕ ਜਣਾ ਮਾਰਿਆ ਗਿਆ—ਇਕ ਸੁਰੰਗ ਫਟ ਜਾਣ ਨਾਲ, ਅਤੇ ਜਿਸ ਵੇਲੇ ਉਹ ਕਿਸ਼ਤੀ ਵਿਚ ਸਵਾਰ ਹੋ ਰਹੇ ਸਨ ਉਸ ਵੇਲੇ ਕੈਦੀ ਮਸ਼ੀਨ-ਗੰਨ ਦੀਆਂ ਗੋਲੀਆਂ ਦੀ ਵਾਛੜ ਨਾਲ ਫੱਟੜ ਹੋ ਗਿਆ। ਜਹਾਜ਼ੀਆਂ ਦੀ ਬੰਡੀ ਵਾਲਾ ਲਿਆਖੋਵ ਤੇ ਮਾਰੋਜ਼ ਆਪਣੇ ਪਿਛਾਂਹ ਜਾਂਦੇ ਸਾਥੀਆਂ ਨੂੰ ਓਟ ਦੇਣ ਲਈ ਜਰਮਨਾਂ ਨੂੰ ਨੇੜੇ ਆਉਣ ਤੋਂ ਰੋਕਣ ਵਿਚ ਲੱਗੇ ਰਹੇ ਸਨ।

ਉਹ ਇਸ ਝੜਪ ਵਿਚ ਮਾਰੇ ਗਏ। ਜਰਮਨਾਂ ਨੇ ਉਹਨਾਂ ਦੇ ਕਪੜੇ ਲਾਹ ਦਿੱਤੇ, ਰਾਤ ਵੇਲੇ ਉਹਨਾਂ ਦੀਆਂ ਲਾਸ਼ਾਂ ਨੂੰ ਧੂਹ ਕੇ ਦਰਿਆ ਤੇ ਲੈ ਆਏ ਤੇ ਉਹਨਾਂ ਨੂੰ ਇਸ ਤਰ੍ਹਾਂ ਰੱਖ ਦਿੱਤਾ ਤਾਂ ਜੋ ਉਰਾਰ ਤੋਂ ਅਸੀਂ ਉਹਨਾਂ ਨੂੰ ਵੇਖ ਸਕੀਏ। ਦੂਜਿਆਂ ਨੂੰ ਸਬਕ ਸਿਖਾਉਣ ਲਈ...

"ਇਹਨਾਂ ਨੂੰ ਚੁੱਕ ਲਿਆਉਣਾ ਚਾਹੀਦਾ ਹੈ," ਕਾਤਾਸੋਨੋਵ ਨੇ ਇਕ ਹੌਕਾ ਲੈ ਕੇ ਆਪਣੀ ਗੱਲ ਮੁਕਾਈ।

ਜਦੋਂ ਅਸੀਂ ਬੰਕਰ ਵਿਚੋਂ ਬਾਹਰ ਨਿਕਲੇ ਤਾਂ ਮੈਂ ਉਸ ਨੂੰ ਬੋਨਦਾਰੇਵ ਬਾਰੇ ਪੁੱਛਿਆ।

"ਵਾਨੀਊਸ਼ਕਾ?" ਕਾਤਾਸੋਨੋਵ ਨੇ ਮੇਰੇ ਵੱਲ ਵੇਖਿਆ ਤੇ ਇਕ ਨਿਘੀ ਕੋਮਲ ਮੁਸਕਾਨ ਨਾਲ ਉਹਦਾ ਚਿਹਰਾ ਟਹਿਕ ਪਿਆ। "ਕਮਾਲ ਦਾ ਮੁੰਡਾ ਹੈ! ਬੜਾ ਸਿਰੜੀ ਸੁਭਾ ਹੈ। ਕੱਲ੍ਹ ਬੜਾ ਹੱਲਾ ਗੁੱਲਾ ਮਚਾਇਆ ਉਹਨੇ।"

"ਉਹ ਕਿਉਂ?"

"ਲੜਾਈ ਤਾਂ, ਵੇਖੋ ਨਾ, ਉਹਦੇ ਵਰਗਿਆਂ ਦਾ ਕੰਮ ਨਹੀਂ। ਉਸ ਨੂੰ ਸਕੂਲ ਭੇਜਿਆ ਜਾ ਰਿਹਾ ਹੈ—ਸੂਵੋਰੋਵ ਸੈਨਿਕ ਸਕੂਲ। ਕਮਾਂਡਰ ਨੇ ਹੁਕਮ ਜਾਰੀ ਕਰ ਦਿੱਤਾ ਹੈ। ਪਰ ਉਹ ਸੁਣਦਾ ਹੀ ਨਹੀਂ ਕਿਸੇ ਦੀ। ਸਿਰਫ ਇਕੋ ਜਵਾਬ ਦੇਂਦਾ ਹੈ—ਲੜਾਈ ਤੋਂ ਮਗਰੋਂ। ਅਖੇ, ਹੁਣ ਮੈਂ ਲੜਾਈ ਨੂੰ ਜਾਣਾ ਹੈ। ਮੈਂ ਜਾਸੂਸੀ ਕਰਾਂਗਾ।"

"ਪਰ, ਜੇ ਕਮਾਂਡਰ ਨੇ ਹੁਕਮ ਜਾਰੀ ਕਰ ਦਿੱਤਾ ਹੈ ਤਾਂ ਇਹ ਚੰਗੀ ਗੱਲ ਨਹੀਂ, ਜਾਸੂਸੀ ਕਰਨ ਜਾਣਾ।"

"ਹਾਂ, ਪਰ ਉਸ ਨੇ ਰੁਕਣਾ ਨਹੀਂ। ਉਹਦੇ ਅੰਦਰ ਨਫਰਤ ਖੌਲ ਰਹੀ ਹੈ। ਜੇ ਉਹਨਾਂ ਨੇ ਨਾ ਭੇਜਿਆ ਤਾਂ ਓਸ ਆਪੇ ਚਲੇ ਜਾਣਾ ਹੈ। ਪਹਿਲਾਂ ਇਸ ਤਰ੍ਹਾਂ ਕਰ ਚੁੱਕਾ ਹੈ," ਕਾਤਾਸੋਨੋਵ ਨੇ ਹੌਕਾ ਭਰ ਕੇ ਆਖਿਆ। ਘੜੀ ਉਤੇ ਨਜ਼ਰ ਮਾਰ ਕੇ ਉਸ ਨੇ ਜਲਦੀ ਨਾਲ ਕਿਹਾ: "ਉਫ, ਮੈਨੂੰ ਚਲਣਾ ਚਾਹੀਦਾ ਹੈ। ਤੋਪਖਾਨੇ ਦੀ ਨਿਗਰਾਨ ਚੌਕੀ ਨੂੰ ਰਾਹ ਏਹੋ ਹੈ?"

ਇਕ ਪਲ ਮਗਰੋਂ ਉਹ ਖੜਾਕ ਕੀਤੇ ਬਗੈਰ ਕਦਮ ਰੱਖਦਾ ਤੇ ਸਾਵਧਾਨੀ ਨਾਲ ਝਾੜੀਆਂ ਨੂੰ ਪਾਸੇ ਕਰ ਕੇ ਰਾਹ ਬਣਾਉਂਦਾ ਅੱਗੇ ਵਧਦਾ ਜ਼ਾ ਰਿਹਾ ਸੀ।

* * *

ਕਾਤਾਸੋਨੋਵ ਨੇ ਸਾਡੀ ਬਟਾਲੀਅਨ ਅਤੇ ਸਾਡੇ ਸੱਜੇ ਪਾਸੇ ਦੀ ਤੀਜੀ ਬਟਾਲੀਅਨ ਦੀਆਂ ਨਿਗਰਾਨ ਚੌਕੀਆਂ, ਅਤੇ ਤੋਪਖਾਨੇ ਦੀਆਂ ਚੌਕੀਆਂ ਤੋਂ ਜਰਮਨਾਂ ਉਤੇ "ਨਜ਼ਰ ਮਾਰਦਿਆਂ" ਅਤੇ ਆਪਣੀ ਡਾਇਰੀ ਵਿਚ ਲਿਖਦਿਆਂ ਤੇ ਖਾਕੇ ਬਣਾਉਂਦਿਆਂ ਦੋ ਦਿਨ ਤੇ ਦੋ ਰਾਤਾਂ ਗੁਜ਼ਾਰ ਦਿੱਤੀਆਂ। ਮੈਨੂੰ ਖਬਰ ਦਿੱਤੀ ਗਈ ਸੀ ਕਿ ਸਾਡੀ ਨਿਗਰਾਨ ਚੌਕੀ ਵਿਚ ਉਹ ਪੂਰੀ ਰਾਤ ਦੂਰਬੀਨ ਅੱਗੇ ਬੈਠਾ ਰਿਹਾ ਸੀ ਅਤੇ ਅਗਲੇ ਦਿਨ ਸਵੇਰੇ, ਦੁਪਹਿਰੇ ਤੇ ਤਰਕਾਲਾਂ ਵੇਲੇ ਵੀ ਓਥੇ ਹੀ ਸੀ। ਮੈਂ ਇਸ ਗੱਲੋਂ ਹੈਰਾਨ ਸਾਂ ਕਿ ਇਹ ਆਦਮੀ ਸੌਂਦਾ ਕਦੋਂ ਹੈ।

ਤੀਜੇ ਦਿਨ ਸਵੇਰ ਵੇਲੇ ਖੋਲਿਨ ਪਹੁੰਚ ਗਿਆ। ਉਹ ਗੋਲੀ ਵਾਂਗ ਸਟਾਫ ਦੇ ਮੋਰਚੇ ਵਿਚ ਆ ਵੜਿਆ ਤੇ ਹਰ ਇਕ ਨਾਲ ਬੜੇ ਜੋਸ਼-ਖਰੋਸ਼ ਨਾਲ ਦੁਆ-ਸਲਾਮ ਕੀਤੀ। "ਲੈ ਫੜ, ਤੇ ਇਹ ਨਾ ਆਖੀਂ ਕਿ ਮੈਂ ਕੰਜੂਸ ਹਾਂ," ਉਸ ਨੇ ਆਖਿਆ ਤੇ ਓਨਾ ਚਿਰ ਮੇਰਾ ਹੱਥ ਘੁੱਟੀ ਰਖਿਆ ਜਿੰਨਾ ਚਿਰ ਉਂਗਲਾਂ ਦੀਆਂ ਗੰਢਾਂ ਕੜਕਣ ਨਹੀਂ ਲੱਗ ਪਈਆਂ ਤੇ ਮੈਂ ਦਰਦ ਨਾਲ ਤੜਫ ਨਹੀਂ ਉਠਿਆ।

4-284

"ਮੈਨੂੰ ਤੇਰੀ ਲੋੜ ਪਵੇਗੀ," ਉਸ ਨੇ ਆਖਿਆ ਤੇ ਫੇਰ ਟੈਲੀਫੋਨ ਚੁਕ ਕੇ ਤੀਜੀ ਬਟਾਲੀਅਨ ਨਾਲ ਮਿਲਾਇਆ ਤੇ ਇਸ ਦੇ ਕਮਾਂਡਿੰਗ ਅਫਸਰ, ਕਪਤਾਨ ਰਿਆਬਤਸੇਵ ਨਾਲ ਗੱਲ ਕੀਤੀ।

"...ਕਾਤਾਸੋਨੋਵ ਆ ਰਿਹਾ ਹੈ ਤੇਰੇ ਵੱਲ, ਉਸ ਨੂੰ ਪੂਰੀ ਸਹਾਇਤਾ ਮਿਲੇ।... ਉਹ ਇਸ ਬਾਰੇ ਸਭ ਕੁਝ ਆਪ ਦੱਸ ਦੇਵੇਗਾ।... ਤੇ ਉਸ ਨੂੰ ਗਰਮ ਗਰਮ ਖਾਣਾ ਖੁਆਈਂ।... ਹੋਰ ਸੁਣ: ਜੇ ਤੋਪਖਾਨੇ ਤੋਂ ਜਾਂ ਹੋਰ ਕਿਸੇ ਥਾਂ ਤੋਂ ਕੋਈ ਮੇਰੇ ਬਾਰੇ ਪੁੱਛੇ ਤਾਂ ਉਹਨਾਂ ਨੂੰ ਆਖੀਂ ਕਿ ਇਕ ਵਜੇ ਤੋਂ ਮਗਰੋਂ ਮੈਂ ਤੇਰੇ ਹੈਡ-ਕੁਆਰਟਰ ਵਿਚ ਹੋਵਾਂਗਾ। ਤੇ ਮੈਨੂੰ ਤੇਰੀ ਵੀ ਲੋੜ ਹੈ। ਬਚਾਓ ਦੀ ਸਕੀਮ ਤਿਆਰ ਰੱਖੀਂ ਤੇ ਆਪਣੀ ਥਾਂ ਉਤੇ ਰਹੀਂ।"

ਉਸ ਨੇ ਰਿਆਬਤਸੇਵ ਨਾਲ "ਤੂੰ" ਆਖ ਕੇ ਗੱਲ ਕੀਤੀ ਸੀ ਭਾਵੇਂ ਉਹ ਉਹਦੇ ਨਾਲੋਂ ਦਸ ਸਾਲ ਵੱਡਾ ਸੀ। ਮੇਰੇ ਤੇ ਰਿਆਬਤਸੇਵ ਨਾਲ ਉਹ ਮਾਤਹਿਤਾਂ ਵਰਗਾ ਸਲੂਕ ਕਰਦਾ ਸੀ, ਭਾਵੇਂ ਉਹ ਸਾਡਾ ਅਫਸਰ ਨਹੀਂ ਸੀ। ਇਹ ਉਸ ਦਾ ਅੰਦਾਜ਼ ਹੀ ਸੀ। ਉਹ ਡੀਵੀਜ਼ਨ ਦੇ ਹੈਡ-ਕੁਆਰਟਰ ਦੇ ਅਫਸਰਾਂ ਤੇ ਸਾਡੀ ਰੈਜਮੈਂਟ ਦੇ ਕਮਾਂਡਰ ਨਾਲ ਵੀ ਬਿਲਕੁਲ ਏਸੇ ਅੰਦਾਜ਼ ਨਾਲ ਗੱਲ ਕਰਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਾਡੇ ਸਾਰਿਆਂ ਵਾਸਤੇ ਉਚੇਰੇ ਅਮਲੇ ਦਾ ਪ੍ਰਤਿਨਿਧ ਸੀ, ਪਰ ਤਾਂ ਵੀ ਗੱਲ ਸਿਰਫ ਏਨੀ ਹੀ ਨਹੀਂ ਸੀ। ਖੁਫੀਆ ਮਹਿਕਮੇ ਦੇ ਬਹੁਤੇ ਅਫਸਰਾਂ ਵਾਂਗ ਉਸ ਦਾ ਇਹ ਵਿਸ਼ਵਾਸ ਸੀ ਕਿ ਸੈਨਾ ਦੀ ਇਸ ਖਾਸ ਸ਼ਾਖ ਦੀ ਆਰਮੀ ਵਿਚ ਸਭ ਤੋਂ ਵਧ ਅਹਿਮੀਅਤ ਹੈ ਅਤੇ ਇਸ ਲਈ ਉਸ ਦੀ ਸਹਾਇਤਾ ਕਰਨਾ ਹਰ ਇਕ ਦਾ ਫਰਜ਼ ਹੈ।

ਹੁਣ ਵੀ, ਟੈਲੀਫੋਨ ਦਾ ਚੋਂਗਾ ਰੱਖ ਕੇ, ਉਸ ਨੇ ਮੈਨੂੰ ਇਹ ਪੁੱਛਣ ਦੀ ਖੇਚਲ ਕੀਤੇ ਬਗੈਰ ਹੀ ਕਿ ਮੈਂ ਵਿਹਲਾ ਵੀ ਹਾਂ ਜਾਂ ਨਹੀਂ, ਹੁਕਮੀ ਲਹਿਜੇ ਵਿਚ ਮੈਨੂੰ ਆਖਿਆ:

"ਬਚਾਓ ਸਕੀਮ ਵਾਲਾ ਨਕਸ਼ਾ ਫੜ ਲੈ ਤੇ ਚਲ ਤੇਰੇ ਦੱਸਤੇ ਵੇਖੀਏ।"

ਮੈਨੂੰ ਉਸ ਦਾ ਇਹ ਹੁਕਮੀ ਲਹਿਜਾ ਪਸੰਦ ਨਹੀਂ ਪਰ ਜਾਸੂਸਾਂ ਕੋਲੋਂ ਉਹਦੇ ਬਾਰੇ ਬੜਾ ਕੁਝ ਸੁਣਿਆ ਹੋਣ ਕਰਕੇ—ਉਹਨਾਂ ਨੇ ਮੈਨੂੰ ਉਸ ਦੀ



ਬਹਾਦਰੀ ਤੇ ਚਤਰਾਈ ਦੀਆਂ ਕਹਾਣੀਆਂ ਦੱਸੀਆਂ ਹੋਈਆਂ ਸਨ—ਮੈਂ ਚੁਪ ਕੀਤਾ ਰਿਹਾ ਤੇ ਉਸ ਨੂੰ ਉਹ ਕੁਝ ਮਾਫ ਕਰ ਦਿੱਤਾ ਜੋ ਕੁਝ ਮੈਂ ਕਿਸੇ ਹੋਰ ਨੂੰ ਕਦੇ ਮਾਫ ਨਹੀਂ ਸੀ ਕਰਨਾ। ਮੇਰੇ ਕਰਨ ਗੋਚਰਾ ਕੋਈ ਜ਼ਰੂਰੀ ਕੰਮ ਨਹੀਂ ਸੀ, ਪਰ ਮੈਂ ਜਾਣ-ਬੁਝ ਕੇ ਆਖਿਆ ਕਿ ਮੈਨੂੰ ਹੈਡ-ਕੁਆਰਟਰ ਵਿਚ ਕੁਝ ਚਿਰ ਹੋਰ ਠਹਿਰਨਾ ਪਵੇਗਾ। ਅਤੇ ਉਹ ਇਹ ਆਖ ਕੇ ਮੋਰਚੇ ਤੋਂ ਬਾਹਰ ਹੋ ਗਿਆ ਕਿ ਕਾਰ ਵਿਚ ਉਹ ਮੇਰੀ ਉਡੀਕ ਕਰੇਗਾ।

ਕੋਈ ਪੰਦਰਾਂ ਕੁ ਮਿੰਟਾਂ ਵਿਚ, ਰੈਜਮੈਂਟ ਦੇ ਹੁਕਮਾਂ ਦੀ ਫਾਈਲ ਅਤੇ ਰਫਲ ਦੱਸਤੇ ਦੇ ਕਾਰਡਾਂ ਉਤੇ ਨਜ਼ਰ ਮਾਰਨ ਮਗਰੋਂ, ਮੈਂ ਬਾਹਰ ਆ ਗਿਆ। ਖੁਫੀਆ ਮਹਿਕਮੇ ਦੀ ਕੈਨਵੈਸ ਦੀ ਛੱਤ ਵਾਲੀ "ਦੋਜ" ਥੋੜੀ ਜਿਹੀ ਹਟਵੀਂ ਫਰ ਦੇ ਰੁਖਾਂ ਹੇਠਾਂ ਖੜੀ ਸੀ। ਉਸ ਦਾ ਡਰਾਈਵਰ ਆਪਣੀ ਟਾਮੀ-ਗੱਨ ਮੋਢੇ ਉਤੇ ਲਮਕਾਈ ਕਾਰ ਦੇ ਕੋਲ ਅੱਗੇ ਪਿੱਛੇ ਟਹਿਲ ਰਿਹਾ ਸੀ। ਖੋਲਿਨ ਆਪਣੇ ਸਾਮ੍ਹਣੇ ਇਕ ਵੱਡਾ ਸਾਰਾ ਨਕਸ਼ਾ ਫੈਲਾ ਕੇ ਕਾਰ ਦੇ ਸਟੀਅਰਿੰਗ ਅੱਗੇ ਬੈਠਾ ਹੋਇਆ ਸੀ। ਉਹਦੇ ਕੋਲ ਹੀ ਕਾਤਾਸੋਨੋਵ ਬੈਠਾ

ਹੋਇਆ ਸੀ ਜਿਸ ਨੇ ਰਖਿਆ ਦੀ ਸਕੀਮ ਦਾ ਨਕਸ਼ਾ ਹੱਥ ਵਿਚ ਫੜਿਆ ਹੋਇਆ ਸੀ। ਉਹ ਗੱਲਾਂ ਕਰ ਰਹੇ ਸਨ ਪਰ ਜਦੋਂ ਮੈਂ ਕੋਲ ਪਹੁੰਚ ਗਿਆ ਤਾਂ ਉਹ ਚੁਪ ਕਰ ਗਏ ਤੇ ਮੇਰੇ ਵੱਲ ਵੇਖਣ ਲੱਗੇ। ਕਾਤਾਸੋਨੋਵ ਜਲਦੀ ਨਾਲ ਛਾਲ ਮਾਰ ਕੇ ਕਾਰ ਵਿਚੋਂ ਬਾਹਰ ਆ ਗਿਆ ਅਤੇ ਆਪਣੀ ਆਮ ਵਰਗੀ ਸੰਗਾਊ ਮੁਸਕਾਨ ਨਾਲ ਮੇਰਾ ਸਵਾਗਤ ਕੀਤਾ।

"ਠੀਕ ਹੈ, ਜਾ ਫੇਰ," ਖੋਲਿਨ ਨੇ ਨਕਸ਼ੇ ਨੂੰ ਤੇ ਸਕੀਮ ਦੇ ਖਾਕੇ ਨੂੰ ਵਲ੍ਹੇਟਦਿਆਂ ਤੇ ਕਾਰ ਵਿਚੋਂ ਬਾਹਰ ਆਉਂਦਿਆਂ ਆਖਿਆ। "ਵੇਖ ਕਿ ਸਭ ਕੁਝ ਠੀਕ ਠਾਕ ਹੈ ਤੇ ਆਰਾਮ ਕਰ। ਦੋ ਤਿੰਨ ਘੰਟਿਆਂ ਤੱਕ ਮੈਂ ਆ ਜਾਵਾਂਗਾ।"

ਮੈਂ ਕਈ ਰਸਤਿਆਂ ਵਿਚੋਂ ਇਕ ਉਤੇ ਤੋਰ ਕੇ ਖੋਲਿਨ ਨੂੰ ਅਗਲਿਆਂ ਮੋਰਚਿਆਂ ਉਤੇ ਲੈ ਗਿਆ। "ਦੋਜ" ਤੀਜੀ ਬਟਾਲੀਅਨ ਵਾਲੇ ਪਾਸੇ ਚਲੀ ਗਈ। ਖੋਲਿਨ ਖੁਸ਼ੀ ਤੇ ਉਤਸਾਹ ਦੇ ਰੌਂ ਵਿਚ ਸੀ ਤੇ ਖੁਸ਼ੀ ਦੀ ਸੁਰ ਵਿਚ ਸੀਟੀ ਵਜਾਉਂਦਾ ਉਲਾਂਘਾਂ ਪੁਟਦਾ ਜਾ ਰਿਹਾ ਸੀ। ਪਾਲੇ ਤੇ ਸ਼ਾਂਤੀ ਦਾ ਦਿਨ ਸੀ, ਏਨੀ ਸ਼ਾਂਤੀ ਕਿ ਬੰਦੇ ਨੂੰ ਲਗਪਗ ਭੁਲ ਹੀ ਜਾਂਦਾ ਸੀ ਕਿ ਲੜਾਈ ਲੱਗੀ ਹੋਈ ਹੈ। ਪਰ ਲੜਾਈ ਤਾਂ ਹੋ ਰਹੀ ਸੀ, ਐਨ ਸਾਡੇ ਸਾਮ੍ਹਣੇ। ਜੰਗਲ ਦੇ ਸਿਰੇ ਦੇ ਨਾਲ ਨਾਲ ਸੱਜਰੀਆਂ ਖੰਦਕਾਂ ਪੁਟੀਆਂ ਗਈਆਂ ਸਨ ਤੇ ਖੱਬੇ ਪਾਸੇ ਤੋਂ ਇਕ ਰਸਤਾ ਤਾਲਮੇਲ ਰੱਖਣ ਵਾਲੀ ਖੰਦਕ ਨੂੰ ਜਾਂਦਾ ਸੀ—ਮਜ਼ਬੂਤ ਬਾਹੀਆਂ ਵਾਲੀ ਖੰਦਕ ਜਿਹੜੀ ਉਪਰੋਂ ਕੱਜੀ ਹੋਈ ਸੀ ਤੇ ਘਾਹ ਬੂਟਿਆਂ ਨਾਲ ਬੜੀ ਸਾਵਧਾਨੀ ਨਾਲ ਲੁਕਾ ਦਿੱਤੀ ਗਈ ਸੀ ਤੇ ਇਹ ਦਰਿਆ ਦੇ ਕੰਢੇ ਤੱਕ ਜਾਂਦੀ ਸੀ। ਸੌ ਮੀਟਰ ਤੋਂ ਵਧ ਲੰਮੀ ਸੀ ਇਹ ਖੰਦਕ।

ਬਟਾਲੀਅਨ ਵਿਚ ਆਦਮੀਆਂ ਦੀ ਗਿਣਤੀ ਕਿਉਂਕਿ ਘਟ ਸੀ ਇਸ ਲਈ ਰਾਤ ਵੇਲੇ ਇਸ ਖੰਦਕ ਦੀ ਖੁਦਾਈ ਕਰਨਾ (ਤੇ ਉਹ ਵੀ ਇਕੋ ਕੰਪਨੀ ਦੁਆਰਾ) ਕੋਈ ਸੌਖਾ ਕੰਮ ਨਹੀਂ ਸੀ। ਮੈਂ ਖੋਲਿਨ ਨੂੰ ਇਸ ਬਾਰੇ ਦੱਸਿਆ। ਮੇਰਾ ਖਿਆਲ ਸੀ ਕਿ ਉਹ ਸਾਡੇ ਕੀਤੇ ਕੰਮ ਦੀ ਤਾਰੀਫ ਕਰੇਗਾ, ਪਰ ਉਸ ਨੇ ਚੁਫੇਰੇ ਸਰਸਰੀ ਨਜ਼ਰ ਮਾਰੀ ਤੇ ਸਿਰਫ ਇਹ ਜਾਣਨ

ਵਿਚ ਦਿਲਚਸਪੀ ਜ਼ਾਹਿਰ ਕੀਤੀ ਕਿ ਬਟਾਲੀਅਨ ਦੀਆਂ ਨਿਗਰਾਨ ਚੌਕੀਆਂ ਕਿੱਥੇ ਕਿੱਥੇ ਹਨ। ਮੈਂ ਉਸ ਨੂੰ ਇਸ਼ਾਰਾ ਕਰ ਕੇ ਚੌਕੀਆਂ ਵਿਖਾਈਆਂ।

"ਕੇਡੀ ਚੁੱਪ ਹੈ!" ਉਸ ਨੇ ਹੈਰਾਨ ਹੁੰਦਿਆਂ ਆਖਿਆ ਅਤੇ ਜੰਗਲ ਦੇ ਸਿਰੇ ਦੇ ਕੋਲ ਕੁਝ ਝਾੜੀਆਂ ਦੇ ਪਿੱਛੇ ਪੁਜ਼ੀਸ਼ਨ ਲੈ ਲਈ ਜਿਥੋਂ ਉਸ ਨੇ ਆਪਣੀ ਦੂਰਬੀਨ ਨਾਲ ਦਨੀਪਰ ਤੇ ਇਸ ਦੇ ਕੰਢੇ ਦਾ ਮੁਆਇਨਾ ਕੀਤਾ। ਜਿਸ ਧੋੜੇ ਉਤੇ ਉਹ ਖੜਾ ਸੀ ਓਥੋਂ ਪਾਰਲੇ ਕੰਢੇ ਦਾ ਦ੍ਰਿਸ਼ ਸਪਸ਼ਟ ਵਿਖਾਈ ਦੇਂਦਾ ਸੀ। ਪਰ ਉਸ ਨੂੰ ਮੇਰੇ "ਦੋਸਤਿਆਂ" ਵਿਚ ਬਹੁਤੀ ਦਿਲਚਸਪੀ ਨਹੀਂ ਸੀ ਜਾਪਦੀ।

ਉਹ ਵੇਖ ਰਿਹਾ ਸੀ ਤੇ ਮੈਂ ਉਸ ਦੇ ਪਿੱਛੇ ਖੜਾ ਸਾਂ ਕਿ ਅਚਾਨਕ ਮੈਨੂੰ ਬੋਨਦਾਰੇਵ ਦਾ ਚੇਤਾ ਆ ਗਿਆ।

"ਉਹ ਮੁੰਡਾ ਜਿਹੜਾ ਮੇਰੇ ਕੋਲ ਆਇਆ ਸੀ, ਉਹ ਆਖਰ ਕੌਣ ਹੈ? ਕਿੱਥੋਂ ਹੈ?"

"ਮੁੰਡਾ?" ਖੋਲਿਨ ਨੇ ਬੇਧਿਆਨੀ ਵਿਚ ਸਵਾਲ ਕੀਤਾ। ਉਹ ਕਿਸੇ ਹੋਰ ਗੱਲ ਬਾਰੇ ਸੋਚ ਰਿਹਾ ਸੀ। "ਹੱਛਾ, ਇਵਾਨ!... ਖੁਤਖੁਤੀ ਲੱਗੀ ਹੋਈ ਹੈ—ਲੱਗ ਜਾਏਗਾ ਪਤਾ।" ਉਸ ਨੇ ਮਜ਼ਾਕ ਕੀਤਾ ਤੇ ਕਿਹਾ, "ਚਲ ਆ ਏਧਰ, ਤੇਰੀ ਮੀਟਰੋ ਅਜ਼ਮਾ ਕੇ ਵੇਖੀਏ।"

ਖੰਦਕ ਵਿਚ ਹਨੇਰਾ ਸੀ। ਚਾਨਣ ਵਾਸਤੇ ਕਿਧਰੇ ਕਿਧਰੇ ਵਿਰਲਾਂ ਰੱਖੀਆਂ ਗਈਆਂ ਸਨ ਪਰ ਉਹਨਾਂ ਨੂੰ ਟਹਿਣੀਆਂ ਨਾਲ ਢੱਕਿਆ ਹੋਇਆ ਸੀ। ਅਸੀਂ ਆਪਣੇ ਸਿਰ ਮਾੜੇ ਜਿਹੇ ਨੀਵੇਂ ਕਰ ਕੇ ਕੁਝ ਕੁਝ ਹਨੇਰੇ ਵਿਚ ਤੁਰ ਪਏ, ਅਤੇ ਇਸ ਤਰ੍ਹਾਂ ਜਾਪਦਾ ਸੀ ਕਿ ਇਸ ਸਿਲ੍ਹੇ ਤੇ ਹਨੇਰੇ ਰਸਤੇ ਦਾ ਕੋਈ ਅਖੀਰ ਨਹੀਂ ਹੋਣਾ। ਤਦ ਹੀ ਸਾਡੇ ਸਾਮ੍ਹਣੇ ਕੁਝ ਵਧੇਰੇ ਚਾਨਣ ਹੋ ਗਿਆ ਤੇ ਅਸੀਂ ਵੇਖਿਆ ਕਿ ਅਸੀਂ ਦਨੀਪਰ ਤੋਂ ਵੀਹ ਗਜ਼ ਦੇ ਅੰਦਰ ਅੰਦਰ ਰੱਖਿਆ ਚੌਕੀ ਦੀ ਖੰਦਕ ਵਿਚ ਪਹੁੰਚ ਗਏ ਸਾਂ।

ਸਕੁਐਡ ਦੇ ਕਮਾਂਡਰ ਨੌਜਵਾਨ ਸਾਰਜੈਂਟ ਦੀ ਗਠਵੇਂ ਸਰੀਰ ਤੇ ਚੌੜੀ-ਚਕਲੀ ਛਾਤੀ ਵਾਲੇ ਖੋਲਿਨ ਉਤੇ ਨਜ਼ਰ ਪਈ ਤਾਂ ਉਸ ਨੇ ਮੇਰੇ ਕੋਲ ਆ ਕੇ ਰਿਪੋਰਟ ਕੀਤੀ।

ਦਰਿਆ ਦਾ ਕੰਢਾ ਭਾਵੇਂ ਰੇਤਲਾ ਸੀ ਤਾਂ ਵੀ ਖੰਦਕ ਦੇ ਅੰਦਰ ਗਿੱਟੇ ਗਿੱਟੇ ਚੀਕਣਾ ਚਿੱਕੜ ਸੀ। ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਖੰਦਕ ਦਾ ਫਰਸ਼ ਦਰਿਆ ਦੇ ਪਾਣੀ ਦੀ ਪੱਧਰ ਨਾਲੋਂ ਨੀਵਾਂ ਸੀ।

ਮੈਨੂੰ ਪਤਾ ਸੀ ਕਿ ਖੋਲਿਨ ਜਦੋਂ ਚੰਗੇ ਰੌਂ ਵਿਚ ਹੋਵੇ ਤਾਂ ਉਹਨੂੰ ਗਪਸ਼ਪ ਲੜਾਉਣਾ ਤੇ ਹਾਸਾ ਮਜ਼ਾਕ ਕਰਨਾ ਚੰਗਾ ਲੱਗਦਾ ਹੈ। ਤੇ ਇਸ ਵੇਲੇ ਉਹਨੇ ਏਹੋ ਕੁਝ ਹੀ ਕੀਤਾ। ਉਸ ਨੇ ਜੇਬ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ ਅਤੇ ਮੈਨੂੰ ਤੇ ਸੈਨਿਕਾਂ ਨੂੰ ਸਿਗਰਟ ਪੇਸ਼ ਕੀਤੀ। ਸਿਗਰਟ ਸੁਲਘਾ ਕੇ ਉਸ ਨੇ ਖ਼ੁਸ਼ੀ ਵਿਚ ਆਉਂਦਿਆਂ ਕਿਹਾ :

"ਤੁਹਾਡੀ ਕੈਸੀ ਜ਼ਿੰਦਗੀ ਹੈ ਏਥੇ! ਤੁਹਾਨੂੰ ਇਹ ਯਕੀਨ ਹੀ ਨਹੀਂ ਆ ਸਕਦਾ ਕਿ ਲੜਾਈ ਹੋ ਰਹੀ ਹੈ। ਏਥੇ ਅਮਨ-ਚੈਨ ਤੇ ਸ਼ਾਂਤੀ ਏ।"

"ਆਰਾਮ ਘਰ ਹੈ ਕਿ!" ਇਕ ਲੰਮ-ਸਲੰਮੇ ਜਿਹੇ ਝੁਕੇ ਹੋਏ ਮੋਢਿਆਂ ਵਾਲੇ ਮਸ਼ੀਨਗੱਨ ਵਾਲੇ ਸਿਪਾਹੀ ਚੁਪਾਖਿਨ ਨੇ, ਜਿਸ ਨੇ ਰੂੰਦਾਰ ਜੈਕਟ ਤੇ ਪਤਲੂਣ ਪਾਈ ਹੋਈ ਸੀ, ਉਦਾਸ ਹੁੰਦਿਆਂ ਆਖਿਆ। ਉਸ ਨੇ ਆਪਣਾ ਲੋਹਟੋਪ ਲਾਹ ਕੇ ਬੇਲਚੇ ਦੇ ਦੱਸਤੇ ਉਤੇ ਟਿਕਾਇਆ ਤੇ ਚੁੱਕ ਕੇ ਖੰਦਕ ਦੀ ਬੰਨੀ ਤੋਂ ਉਪਰ ਕਰ ਦਿੱਤਾ। ਕੁਝ ਪਲ ਮਗਰੋਂ ਪਾਰਲੇ ਕੰਢੇ ਤੋਂ ਚਲਾਈਆਂ ਗਈਆਂ ਗੋਲੀਆਂ ਸ਼ਾਂ ਸ਼ਾਂ ਕਰਦੀਆਂ ਸਿਰ ਉਤੋਂ ਦੀ ਲੰਘ ਗਈਆਂ।

"ਨਿਸ਼ਾਨਚੀ?" ਖੋਲਿਨ ਨੇ ਪੁੱਛਿਆ।

"ਆਰਾਮ ਘਰ," ਚੁਪਾਖਿਨ ਨੇ ਕਠੋਰਤਾ ਨਾਲ ਦੁਹਰਾਇਆ। "ਪਿਆਰੇ ਰਿਸ਼ਤੇਦਾਰਾਂ ਦੀਆਂ ਨਜ਼ਰਾਂ ਸਾਮ੍ਹਣੇ ਚਿੱਕੜ-ਅਸ਼ਨਾਨ।"

ਓਸੇ ਹੀ ਹਨੇਰੀ ਖੰਦਕ ਦੇ ਰਸਤੇ ਅਸੀਂ ਨਿਗਰਾਨ ਚੌਕੀ ਵਾਪਸ ਆ ਗਏ। ਜਰਮਨ ਸਾਡੇ ਅਗਲੇ ਮੋਰਚਿਆਂ ਉਤੇ ਏਨਾ ਨੇੜੇ ਹੋ ਕੇ ਨਿਗਾਹ ਰਖਣ, ਖੋਲਿਨ ਨੂੰ ਇਹ ਗੱਲ ਪਸੰਦ ਨਹੀਂ ਸੀ। ਇਹ ਕੁਦਰਤੀ ਗੱਲ ਸੀ ਕਿ ਦੁਸ਼ਮਣ ਏਨਾ ਚੌਕਸ ਤੇ ਸਾਵਧਾਨ ਰਹੇ, ਪਰ ਖੋਲਿਨ ਅਚਾਨਕ ਹੀ ਉਦਾਸ ਤੇ ਚੁੱਪ ਹੋ ਗਿਆ।

ਨਿਗਰਾਨ ਚੌਕੀ ਵਾਪਸ ਆ ਕੇ ਉਹ ਤਕਰੀਬਨ ਦਸ ਮਿੰਟ ਤੱਕ ਦੂਰਬੀਨ ਨਾਲ ਸੱਜੇ ਕੰਢੇ ਦੀ ਪੜਤਾਲ ਕਰਦਾ ਰਿਹਾ, ਨਿਗਰਾਨੀ ਕਰਨ

ਵਾਲਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦਾ ਰਿਹਾ, ਰੋਜ਼ਨਾਮਚੇ ਨੂੰ ਫਰੋਲਦਾ ਰਿਹਾ ਤੇ ਉਹਨਾਂ ਨੂੰ ਇਸ ਗੱਲੋਂ ਝਾੜਾਂ ਪਾਉਂਦਾ ਰਿਹਾ ਕਿ ਉਹਨਾਂ ਨੂੰ ਕੁਝ ਵੀ ਆਉਂਦਾ ਨਹੀਂ ਲੱਗਦਾ, ਕਿ ਉਹਨਾਂ ਨੇ ਇਸ ਤਰ੍ਹਾਂ ਦੇ ਨਿਗੂਣੇ ਇੰਦਰਾਜ ਕੀਤੇ ਹੋਏ ਹਨ ਜਿਨ੍ਹਾਂ ਤੋਂ ਦੁਸ਼ਮਣ ਦੀ ਚਾਲ-ਢਾਲ ਤੇ ਰੋਜ਼ ਦੇ ਕਾਰਜਕਰਮ ਦਾ ਕੋਈ ਪਤਾ ਨਹੀਂ ਲੱਗਦਾ। ਮੈਂ ਉਹਦੇ ਨਾਲ ਸਹਿਮਤ ਨਹੀਂ ਸਾਂ, ਪਰ ਮੈਂ ਚੁੱਪ ਰਿਹਾ।

"ਤੈਨੂੰ ਪਤਾ ਹੈ ਕਿ ਓਥੇ ਰੇਤ ਵਿਚ ਕੌਣ ਹੈ?" ਉਸ ਨੇ ਮੈਨੂੰ ਪੁੱਛਿਆ। ਉਸ ਦਾ ਮਤਲਬ ਪਾਰਲੇ ਕੰਢੇ ਮਰੇ ਪਏ ਜਾਸੂਸਾਂ ਤੋਂ ਸੀ।

"ਹਾਂ। ਜਾਣਦਾ ਹਾਂ।"

"ਕੀ ਮਤਲਬ ਫੇਰ, ਤੂੰ ਓਥੋਂ ਉਹਨਾਂ ਨੂੰ ਲਿਆ ਨਹੀਂ ਸਕਦਾ?" ਉਹ ਘੂਰੀ ਵਟ ਕੇ ਬੋਲੀ ਗਿਆ। "ਇਕ ਘੰਟੇ ਦਾ ਕੰਮ ਹੈ। ਉਪਰੋਂ ਹਦਾਇਤਾਂ ਉਡੀਕਦਾ ਹੋਵੇਂਗਾ?"

ਬੰਕਰ ਵਿਚੋਂ ਅਸੀਂ ਬਾਹਰ ਆਏ ਤਾਂ ਮੈਂ ਪੁੱਛਿਆ :

"ਤੁਸੀਂ ਤੇ ਕਾਤਾਸੋਨੋਵ ਕੀ ਵੇਖਦੇ ਰਹੇ ਹੋ? ਹਮਲੇ ਦੀ ਤਿਆਰੀ ਹੋ ਰਹੀ ਹੈ?"

"ਨੋਟਿਸ ਤੋਂ ਸਭ ਕੁਝ ਪਤਾ ਲੱਗ ਜਾਏਗਾ!" ਖੋਲਿਨ ਕੁੱਦ ਕੇ ਪਿਆ, ਅਤੇ ਮੇਰੇ ਵੱਲ ਵੇਖੇ ਬਗੈਰ ਜੰਗਲ ਦੇ ਵਿਚੋਂ ਦੀ ਤੀਜੀ ਬਟਾਲੀਅਨ ਵਾਲੇ ਪਾਸੇ ਤੁਰ ਪਿਆ।

ਮੈਂ ਵੀ ਬਿਨਾਂ ਸੋਚਿਆਂ ਉਹਦੇ ਮਗਰ ਤੁਰ ਪਿਆ।

"ਤੇਰੀ ਹੋਰ ਨਹੀਂ ਲੋੜ ਮੈਨੂੰ!" ਉਸ ਨੇ ਅਚਾਨਕ ਮੇਰੇ ਵੱਲ ਵੇਖੇ ਬਗੈਰ, ਆਖਿਆ।

ਮੈਂ ਖੜਾ ਹੋ ਗਿਆ, ਹੱਕਾ ਬੱਕਾ ਹੋਇਆ ਉਸ ਦੀ ਪਿੱਠ ਵੱਲ ਵੇਖਦਾ ਰਿਹਾ ਤੇ ਫੇਰ ਹੈਡ-ਕੁਆਰਟਰ ਵਾਪਸ ਆ ਗਿਆ।

"ਠਹਿਰ ਜਾਏਂ ਨ...!" ਖੋਲਿਨ ਦੇ ਹਾਕਮਾਨਾ ਅੰਦਾਜ਼ ਤੋਂ ਮੈਨੂੰ ਖਿੱਝ ਆ ਗਈ ਸੀ। ਹੋਈ ਨਿਰਾਦਰੀ ਨਾਲ ਤਲਮਲਾਉਂਦਿਆਂ ਮੈਂ ਮੂੰਹ ਵਿਚ ਹੀ ਉਸ ਨੂੰ ਲਾਅਨਤ ਪਾਈ। ਕੋਲੋਂ ਲੰਘਦੇ ਇਕ ਸੈਨਿਕ ਨੇ ਮੈਨੂੰ ਸਲੂਟ

ਕੀਤਾ ਤੇ ਹੈਰਾਨੀ ਨਾਲ ਪਿੱਛੇ ਮੁੜ ਕੇ ਮੇਰੇ ਵੱਲ ਵੇਖਿਆ।

ਹੈਡ-ਕੁਆਰਟਰ ਵਿਚ ਬਾਬੂ ਨੇ ਇਤਲਾਹ ਦਿੱਤੀ :

"ਮੇਜਰ ਦਾ ਦੋ ਵਾਰੀ ਫੋਨ ਆਇਆ ਸੀ। ਤੁਹਾਨੂੰ ਰਿਪੋਰਟ ਕਰਨ ਲਈ ਹੁਕਮ ਦਿੱਤਾ ਸੀ।"

ਮੈਂ ਆਪਣੀ ਰੈਜਮੈਂਟ ਦੇ ਕਮਾਂਡਰ ਨੂੰ ਫੋਨ ਕੀਤਾ।

"ਤੁਹਾਡੇ ਓਥੇ ਕੀ ਹਾਲਤ ਹੈ?" ਉਸ ਨੇ ਆਪਣੀ ਠਰ੍ਹੰਮੇ ਵਾਲੀ ਧੀਮੀ ਆਵਾਜ਼ ਵਿਚ ਬੋਲਦਿਆਂ ਪਹਿਲਾ ਸਵਾਲ ਕੀਤਾ।

"ਆਮ ਵਰਗੀ, ਕਾਮਰੇਡ ਮੇਜਰ।"

"ਖੋਲਿਨ ਤੇਰੇ ਕੋਲ ਆਵੇਗਾ। ਜੋ ਕੁਝ ਕਰਨ ਦੀ ਲੋੜ ਹੋਵੇ ਕਰੀਂ ਤੇ ਉਸ ਨੂੰ ਹਰ ਕਿਸਮ ਦੀ ਸਹਾਇਤਾ ਦੇਵੀਂ।"

"ਗੋਲੀ ਮਾਰੋ ਇਸ ਖੋਲਿਨ ਨੂੰ!" ਮੈਂ ਆਪਣੇ ਆਪ ਨੂੰ ਕਿਹਾ।

ਇਕ ਪਲ ਚੁੱਪ ਰਹਿ ਕੇ ਮੇਜਰ ਨੇ ਆਖਿਆ :

"ਇਹ "ਵੋਲਗਾ" ਦੇ ਹੁਕਮ ਹਨ। ਇਕ ਸੌ ਇਕ ਨੇ ਮੈਨੂੰ ਫੋਨ ਕੀਤਾ ਸੀ।"

"ਵੋਲਗਾ" ਆਰਮੀ ਹੈਡ-ਕੁਆਰਟਰ ਸੀ। ਇਕ ਸੌ ਇਕ ਸਾਡੀ ਡੀਵੀਜ਼ਨ ਦਾ ਕਮਾਂਡਰ ਕਰਨਲ ਵੋਰੋਨੋਵ ਸੀ। "ਕੌਣ ਪਰਵਾਹ ਕਰਦਾ ਹੈ!" ਮੈਂ ਸੋਚਿਆ। "ਖੋਲਿਨ ਦੇ ਮਗਰ ਮਗਰ ਤਾਂ ਮੈਂ ਭੱਜਣਾ ਨਹੀਂ। ਜੋ ਕੁਝ ਉਹ ਆਖੇਗਾ, ਮੈਂ ਕਰ ਦੇਵਾਂਗਾ। ਉਹਦੇ ਅੱਗੇ ਪਿੱਛੇ ਤੁਰੇ ਫਿਰਨ ਨਾਲੋਂ ਤਾਂ, ਜਿਵੇਂ ਕਹਿੰਦੇ ਨੇ, ਫਾਹ ਲੈਣਾ ਚੰਗਾ।"

ਤੇ ਇਸ ਤਰ੍ਹਾਂ ਮੈਂ ਆਪਣੇ ਕੰਮ ਲੱਗਾ ਰਿਹਾ ਤੇ ਖੋਲਿਨ ਦਾ ਖਿਆਲ ਹੀ ਦਿਮਾਗ਼ ਵਿਚੋਂ ਕੱਢ ਦਿੱਤਾ।

ਦੁਪਹਿਰ ਤੋਂ ਮਗਰੋਂ ਮੈਂ ਬਟਾਲੀਅਨ ਦੀ ਮੈਡੀਕਲ ਚੌਕੀ ਜਾ ਵੜਿਆ। ਇਹ ਚੌਕੀ ਤੀਜੀ ਬਟਾਲੀਅਨ ਦੇ ਨਾਲ ਸੱਜੀ ਬਾਹੀ ਦੋ ਖੁਲ੍ਹੇ ਡੁਲ੍ਹੇ ਬੰਕਰਾਂ ਵਿਚ ਸੀ। ਇਹ ਇੰਤਜ਼ਾਮ ਬਹੁਤ ਬੇਆਰਾਮੀ ਵਾਲਾ ਸੀ, ਪਰ ਜਿਹੜੇ ਬੰਕਰ ਤੇ ਮੋਰਚੇ ਅਸੀਂ ਮੱਲੇ ਹੋਏ ਸਨ ਉਹ ਜਰਮਨਾਂ ਦੇ ਬਣਾਏ ਹੋਏ ਸਨ ਸਾਜ਼-ਸਾਮਾਨ ਵੀ ਉਹਨਾਂ ਦਾ ਹੀ ਰੱਖਿਆ ਹੋਇਆ ਸੀ ਇਸ ਲਈ

ਉਹਨਾਂ ਨੂੰ ਸਾਡਾ ਤਾਂ ਕੋਈ ਚਿੱਤ ਚੇਤਾ ਵੀ ਨਹੀਂ ਸੀ।

ਨੀਲੀਆਂ ਚਮਕਦਾਰ ਅੱਖਾਂ ਵਾਲੀ ਵੀਹਾਂ ਕੁ ਵਰ੍ਹਿਆਂ ਦੀ ਖ਼ੂਬਸੂਰਤ ਕੱਕੀ, ਨਵੀਂ ਫੌਜੀ ਸਹਾਇਕ-ਡਾਕਟਰ ਜਿਹੜੀ ਦਸ ਦਿਨ ਪਹਿਲਾਂ ਹੀ ਆਈ ਸੀ, ਨੇ ਆਪਣੇ ਫੁਲਵੇਂ ਕੇਸਾਂ ਉਤੇ ਬੱਝੇ ਜਾਲੀਦਾਰ ਰੁਮਾਲ ਨੂੰ ਹੱਥ ਛੁਹਾ ਕੇ ਅਜੀਬ ਢੰਗ ਨਾਲ ਸਲੂਟ ਕੀਤਾ ਅਤੇ ਕੰਬਦੀ ਥਿੜਕਦੀ ਆਵਾਜ਼ ਵਿਚ ਇਤਲਾਹ ਦਿਤੀ। ਮੈਂ ਇਸ ਬਾਰੇ ਉਹਨੂੰ ਕੁਝ ਨਹੀਂ ਆਖਿਆ ਸੀ। ਇਸ ਦਾ ਪੂਰਬ-ਅਧਿਕਾਰੀ, ਸੀਨੀਅਰ ਲੈਫਟੀਨੈਂਟ ਵੋਸਤਰੀਕੋਵ, ਜਿਹੜਾ ਦਮੇ ਦਾ ਰੋਗੀ ਇਕ ਪੁਰਾਣਾ ਫੌਜੀ ਸਹਾਇਕ-ਡਾਕਟਰ ਸੀ, ਪੰਦਰਾਂ ਕੁ ਦਿਨ ਹੋਏ ਲੜਾਈ ਦੇ ਮੈਦਾਨ ਵਿਚ ਮਾਰਿਆ ਗਿਆ ਸੀ। ਉਹ ਇਕ ਤਜਰਬਾਕਾਰ, ਬਹਾਦਰ ਤੇ ਕਾਬਿਲ ਆਦਮੀ ਸੀ। ਪਰ ਇਹ? ਹਾਲੇ ਤੱਕ ਤਾਂ ਮੈਂ ਉਸ ਉਤੇ ਖੁਸ਼ ਨਹੀਂ।

ਫੌਜੀ ਵਰਦੀ—ਚੌੜੀ ਪੇਟੀ ਨਾਲ ਲੱਕ ਤੋਂ ਕੱਸ ਕੇ ਬੰਨ੍ਹੀ ਹੋਈ ਸਾਫ ਸੁਥਰੀ ਫੌਜੀ ਕਮੀਜ਼, ਭਰਵੇਂ ਕੂਲ੍ਹਿਆਂ ਉਤੇ ਟਿਕੀ ਹੋਈ ਕਸਵੀਂ ਸਕਰਟ, ਤੇ ਸੁਡੌਲ ਲੱਤਾਂ ਉਤੇ ਕੂਲੇ ਚਮੜੇ ਦੇ ਬੂਟ—ਉਸ ਨੂੰ ਬੇਹੱਦ ਫੱਬ ਰਹੀ ਸੀ। ਸਾਡੀ ਨਵੀਂ ਫੌਜੀ ਸਹਾਇਕ-ਡਾਕਟਰ ਏਡੀ ਸੁਹਣੀ ਸੀ ਕਿ ਉਸ ਨੂੰ ਵੇਖਦਿਆਂ ਅੱਖਾਂ ਨਹੀਂ ਸਨ ਰੱਜਦੀਆਂ।

ਸੱਬਬ ਦੀ ਗੱਲ, ਉਹ ਤੇ ਮੈਂ ਦੋਵੇਂ ਗਰਾਈਂ ਸਾਂ—ਦੋਵੇਂ ਮਾਸਕੋ ਦੇ ਰਹਿਣ ਵਾਲੇ। ਲੜਾਈ ਨਾ ਲੱਗੀ ਹੁੰਦੀ ਤਾਂ ਸ਼ਾਇਦ ਉਸ ਨੂੰ ਵੇਖਦਿਆਂ ਹੀ ਮੈਂ ਉਹਦਾ ਦੀਵਾਨਾ ਹੋ ਜਾਂਦਾ, ਤੇ ਜੇ ਉਹਨੇ ਵੀ ਹੁੰਗਾਰਾ ਭਰਿਆ ਹੁੰਦਾ ਤਾਂ ਮੇਰੇ ਨਾਲੋਂ ਵਧ ਖੁਸ਼ ਕਿਸੇ ਨਹੀਂ ਸੀ ਹੋਣਾ। ਮੈਂ ਤਰਕਾਲਾਂ ਵੇਲੇ ਉਸ ਨੂੰ ਮਿਲਿਆ ਕਰਦਾ, ਗੋਰਕੀ ਪਾਰਕ ਵਿਚ ਉਹਦੇ ਨਾਲ ਨੱਚਦਾ ਤੇ ਰੁੱਖਾਂ ਵਿਚ ਕਿਧਰੇ ਉਸ ਨੂੰ ਚੁੰਮਦਾ। ਪਰ, ਬਦਕਿਸਮਤੀ, ਲੜਾਈ ਲੱਗੀ ਹੋਈ ਸੀ। ਮੈਂ ਬਟਾਲੀਅਨ ਦਾ ਕਮਾਂਡਰ ਸਾਂ ਤੇ ਮੇਰੇ ਵਾਸਤੇ ਉਹ ਬਟਾਲੀਅਨ ਦੀ ਸਹਾਇਕ-ਡਾਕਟਰ ਸੀ। ਤੇ ਸਹਾਇਕ-ਡਾਕਟਰ ਵੀ ਉਹ ਜਿਹੜੀ ਆਪਣਾ ਕੰਮ ਨਹੀਂ ਸੀ ਸੰਭਾਲ ਸਕਦੀ।

ਮੈਂ ਉਸਨੂੰ ਖਰ੍ਹਵੀ ਆਵਾਜ਼ ਵਿਚ ਦੱਸਿਆ ਕਿ ਕੰਪਨੀਆਂ ਵਿਚ ਫੋਰ



ਕਈਆਂ ਨੂੰ ਜੂਆਂ ਪੈ ਗਈਆਂ ਹਨ, ਕਿ ਜਵਾਨਾਂ ਦੇ ਕੱਛੇ ਬੁਨੈਣਾਂ ਚੰਗੀ ਤਰ੍ਹਾਂ ਸਾਫ ਨਹੀਂ ਹੁੰਦੀਆਂ ਤੇ ਨਹਾਉਣ ਧੋਣ ਦਾ ਅਜੇ ਕੋਈ ਚੰਗਾ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਮੈਂ ਕਈ ਹੋਰ ਸ਼ਿਕਾਇਤਾਂ ਕੀਤੀਆਂ ਅਤੇ ਉਸ ਨੂੰ ਯਾਦ ਕਰਾਇਆ ਕਿ ਉਹ ਕਮਾਂਡਿੰਗ ਅਫਸਰ ਹੈ। ਸਭ ਕੰਮ ਉਸ ਨੂੰ ਆਪ ਕਰਨ ਦੀ ਲੋੜ ਨਹੀਂ ਅਤੇ ਕੰਪਨੀ ਦੇ ਮੈਡੀਕਲ ਇਨਸਟਰਕਟਰਾਂ ਤੇ ਅਰਦਲੀਆਂ ਕੋਲੋਂ ਉਹਨਾਂ ਦਾ ਕੰਮ ਚੰਗੀ ਤਰ੍ਹਾਂ ਕਰਾਉਣਾ ਚਾਹੀਦਾ ਹੈ।

ਉਹ ਆਕੜ ਕੇ "ਸਾਵਧਾਨ" ਦੀ ਮੁਦਰਾ ਵਿਚ ਮੇਰੇ ਸਾਮ੍ਹਣੇ ਖੜੀ ਸੀ, ਸਿਰ ਝੁਕਾਇਆ ਹੋਇਆ ਤੇ ਨੀਵੀਂ ਕੰਬਦੀ ਆਵਾਜ਼ ਵਿਚ ਮੁੜ ਮੁੜ ਆਖਦੀ : "ਜੀ ਹਾਂ, ਜੀ ਹਾਂ, ਜੀ ਹਾਂ।" ਉਹ ਮੈਨੂੰ ਯਕੀਨ ਦੁਆ ਰਹੀ ਸੀ ਕਿ ਉਹ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰ ਰਹੀ ਹੈ ਅਤੇ ਛੇਤੀ "ਸਭ ਕੁਝ ਠੀਕ-ਠਾਕ ਹੋ ਜਾਏਗਾ।"

ਉਸ ਦੀ ਸੂਰਤ ਏਨੀ ਦਰਦਨਾਕ ਲੱਗ ਰਹੀ ਸੀ ਕਿ ਮੈਨੂੰ ਉਹਦੇ ਉਤੇ ਤਰਸ ਆਉਣ ਲੱਗਾ। ਪਰ ਮੈਂ ਇਸ ਤਰ੍ਹਾਂ ਦੇ ਜਜ਼ਬਿਆਂ ਵਿਚ ਨਹੀਂ ਵਹਿ ਸਕਦਾ ਸਾਂ—ਉਹਦੇ ਉਤੇ ਤਰਸ ਕਰਨ ਦਾ ਮੈਨੂੰ ਕੋਈ ਹੱਕ ਨਹੀਂ ਸੀ। ਸੁਰੱਖਿਆ ਸੈਨਾ ਵਿਚ ਇਹ ਭਾਵਨਾ ਵਾਜਬ ਤਾਂ ਸੀ, ਪਰ ਸਾਡੇ ਦੱਸਤੇ ਕਾਰਵਾਈ ਕਰਨ ਤੇ ਦਰਿਆ ਪਾਰ ਕਰਨ ਵਾਲੇ ਸਨ ਤੇ ਇਸ ਤਰ੍ਹਾਂ ਬਟਾਲੀਅਨ ਵਿਚ ਦਰਜਨਾਂ ਜ਼ਖ਼ਮੀ ਹੋ ਜਾਣਗੇ ਤੇ ਉਹਨਾਂ ਦੀਆਂ ਜਾਨਾਂ ਬਹੁਤ ਹੱਦ ਤੱਕ ਇਸ ਕੁੜੀ ਉਤੇ ਨਿਰਭਰ ਹੋਣਗੀਆਂ ਜਿਸ ਦੇ ਮੋਢਿਆਂ ਉਤੇ ਮੈਡੀਕਲ ਕੋਰ ਦੀਆਂ ਲੈਫਟੀਨੈਂਟ ਦੀਆਂ ਫੀਤੀਆਂ ਲੱਗੀਆਂ ਹੋਈਆਂ ਸਨ।

ਮੈਂ ਜਦੋਂ ਡਾਕਟਰੀ ਸਹਾਇਤਾ ਦੇ ਮੋਰਚੇ ਵਿਚੋਂ ਨਿਕਲਿਆ ਤਾਂ ਮੇਰਾ ਮਨ ਬੇਚੈਨ ਸੀ। ਸਹਾਇਕ-ਡਾਕਟਰ ਮੇਰੇ ਮਗਰ ਮਗਰ ਸੀ।

ਸਾਡੇ ਤੋਂ ਕੋਈ ਸੌ ਕਦਮਾਂ ਦੀ ਵਿੱਥ ਉਤੇ, ਸੱਜੇ ਪਾਸੇ, ਇਕ ਟਿੱਲਾ ਸੀ ਜਿਥੇ ਤੋਪਖਾਨੇ ਦੇ ਜਵਾਨਾਂ ਨੇ ਆਪਣੀ ਨਿਗਰਾਨ ਚੌਕੀ ਬਣਾਈ ਹੋਈ ਸੀ। ਇਸ ਟਿੱਲੇ ਦੇ ਹੇਠਾਂ, ਪਿਛਲੇ ਪਾਸੇ ਵੱਲ ਅਫਸਰਾਂ ਦੀ ਇਕ ਟੋਲੀ ਖੜੀ ਸੀ—ਖੋਲਿਨ, ਰਿਆਬਤਸੇਵ, ਮੇਰੇ ਜਾਣੂ ਤੋਪਖਾਨੇ ਦੇ ਕਮਾਂਡਰ, ਤੀਜੀ ਬਟਾਲੀਅਨ ਦੀ ਮਾਰਟਰ ਤੋਪਾਂ ਦੀ ਕੰਪਨੀ ਦਾ ਕਮਾਂਡਿੰਗ ਅਫਸਰ ਅਤੇ ਦੋ ਹੋਰ ਅਫਸਰ ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ ਸਾਂ। ਖੋਲਿਨ ਤੇ ਦੋ ਹੋਰ ਅਫਸਰਾਂ ਦੇ ਹੱਥਾਂ ਵਿਚ ਨਕਸ਼ੇ ਜਾਂ ਸਕੀਮਾਂ ਸਨ। ਜ਼ਾਹਿਰ ਸੀ ਕਿ ਖੰਦਕਾਂ ਉਤੇ ਧਾਵਾ ਬੋਲਣ ਦੀਆਂ ਤਿਆਰੀਆਂ ਹੋ ਰਹੀਆਂ ਸਨ, ਅਤੇ ਜਾਪਦਾ ਸੀ ਕਿ ਇਹ ਧਾਵਾ ਤੀਜੀ ਬਟਾਲੀਅਨ ਦੇ ਹਲਕੇ ਵਿਚ ਬੋਲਿਆ ਜਾਏਗਾ।

ਸਾਨੂੰ ਵੇਖ ਕੇ ਅਫਸਰਾਂ ਨੇ ਮੂੰਹ ਸਾਡੇ ਵੱਲ ਕਰ ਲਏ ਤੇ ਸਾਡੇ ਵੱਲ ਝਾਕਣ ਲੱਗੇ। ਰਿਆਬਤਸੇਵ, ਤੋਪਚੀ ਤੇ ਮਾਰਟਰ ਚਾਲਕ ਨੇ ਹੱਥ ਲਹਿਰਾ ਕੇ ਮੇਰਾ ਸਵਾਗਤ ਕੀਤਾ। ਮੈਂ ਹੱਥ ਹਿਲਾਇਆ। ਮੈਂ ਇਸ ਗੱਲ ਦੀ ਉਡੀਕ ਵਿਚ ਸਾਂ ਕਿ ਖੋਲਿਨ ਮੈਨੂੰ ਆਵਾਜ਼ ਦੇ ਕੇ ਬੁਲਾਵੇਗਾ—ਕਿਉਂਕਿ ਮੈਂ "ਉਸ ਨੂੰ ਹਰ ਕਿਸਮ ਦੀ ਸਹਾਇਤਾ ਦੇਣੀ" ਸੀ—ਪਰ ਉਹ ਨਕਸ਼ੇ ਉਤੇ ਅਫਸਰਾਂ

ਨੂੰ ਕੁਝ ਵਿਖਾਉਂਦਾ ਹੋਇਆ ਮੇਰੇ ਇਕ ਪਾਸੇ ਖੜਾ ਰਿਹਾ।

ਮੈਂ ਸਹਾਇਕ-ਡਾਕਟਰ ਨੂੰ ਸੰਬੋਧਨ ਕੀਤਾ:

"ਮੈਂ ਤੁਹਾਨੂੰ ਦੋ ਦਿਨ ਦੀ ਮੁਹਲਤ ਦੇਂਦਾ ਹਾਂ। ਸਭ ਕੁਝ ਠੀਕ-ਠਾਕ ਕਰ ਕੇ ਮੈਨੂੰ ਇਤਲਾਹ ਕਰੋ।"

ਉਸ ਨੇ ਕੁਝ ਆਖਿਆ ਜਿਸ ਦੀ ਮੈਨੂੰ ਸਮਝ ਨਾ ਆ ਸਕੀ।

ਮੈਂ ਰੁੱਖੇ ਜਿਹੇ ਢੰਗ ਨਾਲ ਸਲੂਟ ਮਾਰਿਆ ਤੇ ਆਪਣੇ ਮਨ ਨਾਲ ਫੈਸਲਾ ਕਰ ਕੇ ਅਗਾਂਹ ਹੋ ਗਿਆ ਕਿ ਪਹਿਲਾ ਹੀ ਮੌਕਾ ਮਿਲਣ ਉਤੇ ਇਸ ਸਹਾਇਕ-ਡਾਕਟਰ ਨੂੰ ਫਰਜ਼ ਤੋਂ ਮੁਕਤ ਕਰਨਾ ਹੈ। ਨਵਾਂ ਸਹਾਇਕ-ਡਾਕਟਰ ਮਰਦ ਹੋਣਾ ਜ਼ਰੂਰੀ ਹੈ।

ਮੈਂ ਦੁਪਹਿਰ ਮਗਰੋਂ ਦਾ ਸਾਰਾ ਵਕਤ ਬੰਕਰਾਂ ਤੇ ਮੋਰਚਿਆਂ ਦਾ ਮੁਆਇਨਾ ਕਰਦਿਆਂ, ਹਥਿਆਰਾਂ ਦੀ ਪੜਤਾਲ ਕਰਦਿਆਂ, ਉਹਨਾਂ ਜਵਾਨਾਂ ਨਾਲ ਗਪਸ਼ੱਪ ਮਾਰਦਿਆਂ ਜਿਹੜੇ ਮੈਡੀਕਲ ਬਟਾਲੀਆਨ ਤੋਂ ਵਾਪਸ ਪਰਤੇ ਸਨ ਅਤੇ ਉਹਨਾਂ ਨਾਲ ਡੋਮਿਨੋ ਖੇਡਦਿਆਂ ਕੰਪਨੀਆਂ ਵਿਚ ਬਿਤਾਇਆ।

ਰਾਤ ਪਈ ਜਦੋਂ ਮੈਂ ਆਪਣੇ ਮੋਰਚੇ ਵਿਚ ਵਾਪਸ ਆਇਆ ਤਾਂ ਖੋਲਿਨ ਉਥੇ ਮੌਜੂਦ ਸੀ। ਉਹ ਫੌਜੀ ਕਮੀਜ਼ ਤੇ ਪਤਲੂਣ ਵਿਚ ਹੀ ਮੇਰੇ ਬਿਸਤਰੇ ਉਤੇ ਲੱਤਾਂ ਪਸਾਰ ਕੇ ਘੂਕ ਸੁੱਤਾ ਪਿਆ ਸੀ। ਮੇਜ਼ ਉਤੇ ਇਕ ਰੁੱਕਾ ਝਰੀਟ ਕੇ ਰਖਿਆ ਹੋਇਆ ਸੀ: "18.30 ਵਜੇ ਜਗਾ ਦੇਵੀਂ। ਖੋਲਿਨ।"

ਮੈਂ ਐਨ ਉਸ ਨੂੰ ਜਗਾਉਣ ਵੇਲੇ ਹੀ ਆਇਆ ਸਾਂ। ਉਸ ਨੇ ਅੱਖਾਂ ਖੋਹਲੀਆਂ ਤੇ ਉੱਠ ਕੇ ਫੱਟੇ ਤੇ ਬਹਿ ਗਿਆ।

"ਸ਼ਾਬਾਸ਼, ਸ਼ਾਬਾਸ਼, ਚੰਗੀ ਚੀਜ਼ ਨੂੰ ਵੇਖਦਿਆਂ ਹੀ ਪਛਾਣ ਲੈਂਦਾ ਏਂ!" ਉਸ ਨੇ ਆਕੜ ਭੰਨ ਕੇ ਉਬਾਸੀ ਲੈਂਦਿਆਂ ਆਖਿਆ।

"ਕਿਹੜੀ?" ਮੈਂ ਥਿਟ ਥਿਟ ਵੇਖਦਿਆਂ ਪੁੱਛਿਆ।

"ਉਹ ਤੇਰੀ ਸਹਾਇਕ-ਡਾਕਟਰ। ਸੁਹਣੀ ਚੀਜ਼ ਹੈ ਗੁਦਗੁਦੀ ਜਿਹੀ," ਖੋਲਿਨ ਉਸ ਨੁਕਰ ਵੱਲ ਗਿਆ ਜਿਥੇ ਹੱਥ-ਮੂੰਹ ਧੋਣ ਵਾਲੀ ਚਿਰਮਚੀ

ਪਈ ਸੀ ਤੇ ਹੱਥ ਮੂੰਹ ਧੋਣ ਲੱਗ ਪਿਆ। "ਮੇਰੀ ਇਕ ਸਲਾਹ ਮੰਨ, ਦਿਨ ਵੇਲੇ ਉਹਦੇ ਨਾਲ ਨਾ ਫਿਰਿਆ ਕਰ। ਤੇਰੇ ਆਦਰ ਮਾਣ ਲਈ ਇਹ ਚੰਗੀ ਗੱਲ ਨਹੀਂ।"

"ਦਫਾ ਹੋ ਤੂੰ!" ਮੈਂ ਗੁੱਸੇ ਵਿਚ ਆ ਕੇ ਕੜਕਿਆ।

"ਗੁਸਤਾਖ਼ ਨਾ ਬਣ, ਗਾਲਤਸੇਵ," ਉਸ ਨੇ ਨੱਕ ਸੁਣਕਦਿਆਂ ਤੇ ਆਪਣੇ ਉਤੇ ਪਾਣੀ ਦੇ ਛਿੱਟੇ ਪਾਉਂਦਿਆਂ, ਖੁਸ਼ ਹੋ ਕੇ ਆਖਿਆ। "ਟਿੱਚਰ ਮਖੌਲ ਦੀ ਵੀ ਸਮਝ ਨਹੀਂ ਆਉਂਦੀ ਤੈਨੂੰ? ਤੇਰਾ ਇਹ ਤੌਲੀਆ ਮੈਲਾ ਹੈ, ਉਹ ਇਸ ਨੂੰ ਧੋ ਸਕਦੀ ਹੈ। ਮੈਨੂੰ ਤੇਰੇ ਜ਼ਾਬਤੇ ਦੀ ਬਹੁਤੀ ਸਮਝ ਨਹੀਂ ਆਉਂਦੀ।"

ਉਸ ਨੇ "ਮੈਲੇ" ਤੌਲੀਏ ਨਾਲ ਮੂੰਹ ਪੂੰਝਿਆ ਤੇ ਪੁੱਛਿਆ:

"ਕਿਸੇ ਨੇ ਮੇਰੇ ਬਾਰੇ ਕੁਝ ਪੁੱਛਿਆ?"

"ਪਤਾ ਨਹੀਂ, ਮੈਂ ਏਥੇ ਨਹੀਂ ਸੀ।"

"ਕਿਸੇ ਦਾ ਫੋਨ ਨਹੀਂ ਆਇਆ?"

"ਰੈਜਮੈਂਟ ਦੇ ਕਮਾਂਡਰ ਦਾ ਆਇਆ ਸੀ ਬਾਰਾਂ ਕੁ ਵਜੇ।"

"ਕੀ ਕਹਿੰਦਾ ਸੀ?"

"ਤੇਰੀ ਸਹਾਇਤਾ ਕਰਨ ਨੂੰ ਆਖਦਾ ਸੀ ਮੈਨੂੰ।"

"ਤੈਨੂੰ ਆਖਿਆ? ਕਮਾਲ ਹੈ!" ਖੋਲਿਨ ਨੇ ਖਸਿਆਣੀ ਹਾਸੀ ਹੱਸਦਿਆਂ ਆਖਿਆ। "ਚੰਗਾ ਬੰਦੋਬਸਤ ਹੈ, ਕਹਿਣਾ ਚਾਹੀਦਾ ਹੈ।" ਉਸ ਨੇ ਮਸ਼ਕਰੀ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਵੇਖਦਿਆ ਕਿਹਾ। "ਕੀ ਸਹਾਇਤਾ ਕਰ ਸਕਦਾ ਏਂ ਤੂੰ ਮੇਰੀ?"

ਉਸ ਨੇ ਸਿਗਰਟ ਸੁਲਘਾਈ ਤੇ ਬਾਹਰ ਚਲਾ ਗਿਆ, ਪਰ ਛੇਤੀ ਹੀ ਹੱਥ ਮਲਦਾ ਤੇ ਖੁਸ਼ ਖੁਸ਼ ਵਾਪਸ ਆ ਗਿਆ।

"ਰਾਤ ਬੜੀ ਖੁਸ਼ਗਵਾਰ ਹੈ, ਜਿਵੇਂ ਖਾਸ ਤੌਰ ਤੇ ਮੇਰੇ ਲਈ ਆਈ ਹੋਵੇ।...ਰੱਬ ਆਖਰ ਮਿਹਰਬਾਨ ਹੋ ਗਿਆ। ਤੂੰ ਰੱਬ ਨੂੰ ਮੰਨਦਾ ਏਂ? ਤੂੰ ਕਿਧਰ ਚਲਿਆ ਏਂ?" ਉਸ ਨੇ ਸਖ਼ਤੀ ਨਾਲ ਪੁੱਛਿਆ। "ਨਹੀਂ, ਤੂੰ ਬਾਹਰ ਨਾ ਜਾ, ਮੈਨੂੰ ਤੇਰੀ ਲੋੜ ਪੈ ਸਕਦੀ ਹੈ।"

ਉਹ ਫੱਟੇ ਉਤੇ ਬਹਿ ਗਿਆ ਤੇ ਗੁਣਗੁਣਾਉਣ ਲੱਗ ਪਿਆ। ਉਹ ਗਹਿਰੀ ਸੋਚ ਵਿਚ ਡੁੱਬਾ ਏਹੋ ਲਫਜ਼ ਮੁੜ ਮੁੜ ਦੁਹਰਾ ਰਿਹਾ ਸੀ :

ਹਾਏ, ਘੁਪ ਹਨੇਰੀ ਰਾਤ
ਲੱਗ ਰਿਹਾ ਹੈ ਮੈਨੂੰ ਡਰ
ਹਾਏ, ਮਾਰੂਸੀਆ ਮੈਨੂੰ
ਛਡ ਕੇ ਆ ਮੇਰੇ ਘਰ।

ਮੈਂ ਚੌਥੀ ਕੰਪਨੀ ਦੇ ਕਮਾਂਡਿੰਗ ਅਫਸਰ ਨਾਲ ਫੋਨ ਉਤੇ ਗੱਲ ਕੀਤੀ ਤੇ ਜਦੋਂ ਮੈਂ ਚੋਂਗਾ ਰਖਿਆ ਤਾਂ ਮੈਨੂੰ ਆ ਰਹੀ ਕਾਰ ਦੀ ਆਵਾਜ਼ ਸੁਣਾਈ ਦਿੱਤੀ। ਫੇਰ ਦਰਵਾਜ਼ੇ ਉਤੇ ਦਸਤਕ ਹੋਈ।

"ਅੰਦਰ ਆ ਜਾਓ।"

ਕਾਤਾਸੋਨੋਵ ਅੰਦਰ ਆ ਗਿਆ, ਦਰਵਾਜ਼ਾ ਢੋ ਦਿੱਤਾ ਤੇ ਆਪਣੀ ਖੰਦਕੀ ਟੋਪੀ ਨੂੰ ਹੱਥ ਛੁਹਾ ਕੇ ਰਿਪੋਰਟ ਕੀਤਾ :

"ਅਸੀਂ ਆ ਗਏ ਹਾਂ, ਕਾਮਰੇਡ ਕਪਤਾਨ।"

"ਸੰਤਰੀ ਨੂੰ ਭੇਜ ਦੇ!" ਖੋਲਿਨ ਨੇ ਆਪਣਾ ਗੀਤ ਬੰਦ ਕਰ ਕੇ ਜਲਦੀ ਨਾਲ ਖੜੇ ਹੁੰਦਿਆਂ ਮੈਨੂੰ ਆਖਿਆ।

ਅਸੀਂ ਕਾਤਾਸੋਨੋਵ ਦੇ ਪਿੱਛੇ ਪਿੱਛੇ ਬਾਹਰ ਆ ਗਏ। ਕਿਣਮਿਣ ਕਿਣਮਿਣ ਹੋ ਰਹੀ ਸੀ। ਮੋਰਚੇ ਦੇ ਕੋਲ ਹੀ ਕੈਨਵੈਸ ਦੀ ਛੱਤ ਵਾਲੀ ਜਾਣੀ-ਪਛਾਣੀ ਕਾਰ ਖੜੀ ਸੀ। ਜਿੰਨਾ ਚਿਰ ਸੰਤਰੀ ਹਨੇਰੇ ਵਿਚ ਗਾਇਬ ਨਹੀਂ ਹੋ ਗਿਆ, ਓਨਾ ਚਿਰ ਉਡੀਕਣ ਮਗਰੋਂ ਖੋਲਿਨ ਨੇ ਪਿਛਲੇ ਪਾਸੇ ਤੋਂ ਕੈਨਵੈਸ ਢਿੱਲੀ ਕੀਤੀ ਤੇ ਆਹਿਸਤਾ ਨਾਲ ਕਿਹਾ :

"ਇਵਾਨ।"

"ਹਾਂ," ਮਧਮ ਜਿਹੀ ਬਚਿਆਂ ਵਾਲੀ ਆਵਾਜ਼ ਵਿਚ ਜਵਾਬ ਆਇਆ, ਅਤੇ ਕੈਨਵੈਸ ਹੇਠੋਂ ਇਕ ਛੋਟਾ ਜਿਹਾ ਆਕਾਰ ਪ੍ਰਗਟ ਹੋਇਆ ਤੇ ਛਾਲ ਮਾਰ ਕੇ ਜ਼ਮੀਨ ਤੇ ਆ ਗਿਆ।

4

"ਅਦਾਬ!" ਅਸੀਂ ਮੋਰਚੇ ਵਿਚ ਦਾਖਲ ਹੋਏ ਹੀ ਸਾਂ ਕਿ ਮੁੰਡੇ ਨੇ ਮੈਨੂੰ ਆਖਿਆ ਅਤੇ ਅਚਾਨਕ ਦੋਸਤਾਂ ਵਾਂਗ ਮੁਸਕ੍ਰਾ ਕੇ ਮੇਰੇ ਵੱਲ ਆਪਣਾ ਹੱਥ ਵਧਾਇਆ।

ਉਹ ਟਹਿਕਿਆ ਹੋਇਆ ਤੇ ਤੰਦਰੁਸਤ ਲੱਗ ਰਿਹਾ ਸੀ ਅਤੇ ਉਸ ਦੀਆਂ ਗੱਲ੍ਹਾਂ ਦਗ ਦਗ ਕਰ ਰਹੀਆਂ ਸਨ। ਕਾਤਾਸੋਨੋਵ ਨੇ ਉਸਦੇ ਭੇਡ ਦੀ ਖੱਲ ਦੇ ਛੋਟੇ ਕੋਟ ਉਤੋਂ ਕੱਖ-ਕਾਣ ਝਾੜਿਆ ਤੇ ਖੋਲਿਨ ਨੇ ਫਿਕਰਮੰਦੀ ਨਾਲ ਪੁੱਛਿਆ :

"ਹੋ ਸਕਦਾ ਹੈ, ਤੂੰ ਲੇਟ ਕੇ ਆਰਾਮ ਕਰਨਾ ਹੋਵੇ?"

"ਹੈਂ, ਸਾਰਾ ਦਿਨ ਸੁੱਤੇ ਰਹਿਣ ਮਗਰੋਂ?"

"ਤਾਂ ਫੇਰ ਸਾਨੂੰ ਕੋਈ ਦਿਲਚਸਪ ਜਿਹੀ ਚੀਜ਼ ਦੇ ਲਭ ਕੇ," ਖੋਲਿਨ ਨੇ ਮੈਨੂੰ ਆਖਿਆ। "ਕੋਈ ਰਸਾਲਾ ਜਾਂ ਕੁਝ ਹੋਰ.. ਜਿਸ ਵਿਚ ਤਸਵੀਰਾਂ ਹੋਣ।"

ਕਾਤਾਸੋਨੋਵ ਨੇ ਮੁੰਡੇ ਦਾ ਕੋਟ ਉਤਰਵਾਇਆ ਤੇ ਮੈਂ ਸਚਿਤਰ ਰਸਾਲੇ "ਓਗੋਨਿਓਕ" ਤੇ "ਲਾਲ ਸੈਨਿਕ" ਦੇ ਕਈ ਅੰਕ ਮੇਜ਼ ਉਤੇ ਰੱਖ ਦਿੱਤੇ। ਮੁੰਡੇ ਨੇ ਕੁਝ ਰਸਾਲੇ ਪਹਿਲਾਂ ਹੀ ਵੇਖੇ ਹੋਏ ਸਨ। ਉਹਨਾਂ ਨੂੰ ਉਸ ਨੇ ਪਰੇ ਕਰ ਦਿੱਤਾ।

ਅੱਜ ਉਹ ਪਛਾਣਿਆ ਨਹੀਂ ਸੀ ਜਾਂਦਾ—ਗੱਲਾਂਬਾਤਾਂ ਕਰਦਾ, ਮੁੜ ਮੁੜ ਮੁਸਕ੍ਰਾਉਂਦਾ, ਦੋਸਤਾਨਾ ਅੰਦਾਜ਼ ਨਾਲ ਮੇਰੇ ਵੱਲ ਵੇਖਦਾ ਤੇ ਜਿਵੇਂ ਉਹ ਖੋਲਿਨ ਤੇ ਕਾਤਾਸੋਨੋਵ ਨੂੰ ਬੁਲਾਉਂਦਾ ਸੀ, ਮੈਨੂੰ ਵੀ "ਤੂੰ" ਆਖ ਕੇ ਬੁਲਾਉਂਦਾ। ਮੇਰੇ ਦਿਲ ਵਿਚ ਵੀ ਇਸ ਕੱਕੇ ਵਾਲਾਂ ਵਾਲੇ ਮੁੰਡੇ ਲਈ ਖਾਸ ਤੌਰ ਤੇ ਨਿੱਘੀਆਂ ਭਾਵਨਾਵਾਂ ਉਭਰ ਆਈਆਂ ਸਨ। ਮੈਨੂੰ ਯਾਦ ਆ ਗਿਆ ਕਿ ਮੇਰੇ ਕੋਲ ਮਿਠੀਆਂ ਗੋਲੀਆਂ ਦਾ ਇਕ ਡੱਬਾ ਪਿਆ ਸੀ। ਮੈਂ ਉਹ ਡੱਬਾ ਕੱਢ ਕੇ ਉਹਦੇ ਅੱਗੇ ਰੱਖ ਦਿੱਤਾ। ਮੈਂ ਉਸ ਨੂੰ ਕੜ੍ਹੇ ਹੋਏ ਦੁਧ ਦਾ ਬਣਿਆ ਦਹੀਂ ਦਿੱਤਾ ਜਿਸ ਉਤੇ ਚਾਕਲੇਟ ਰੰਗ ਦੀ ਮਲਾਈ ਸੀ ਅਤੇ ਉਹਦੇ ਕੋਲ ਬਹਿ ਗਿਆ ਅਤੇ ਅਸੀਂ ਰਲ ਕੇ ਰਸਾਲੇ ਵੇਖਣ ਲੱਗ ਪਏ।

ਇੱਚਰ ਨੂੰ ਖੋਲਿਨ ਤੇ ਕਾਤਾਸੋਨੋਵ ਨੇ ਕਾਰ ਵਿਚੋਂ ਮੇਰਾ ਜਾਣਿਆ-ਪਛਾਣਿਆ ਜਰਮਨ ਸੂਟਕੇਸ, ਕੇਪ ਵਿਚ ਬੰਨ੍ਹੀ ਹੋਈ ਇਕ ਵੱਡੀ ਸਾਰੀ ਗੰਢੜੀ, ਦੋ ਟਾਮੀ-ਗੰਨਾਂ ਅਤੇ ਇਕ ਪਲਾਈਵੁਡ ਦਾ ਛੋਟਾ ਜਿਹਾ ਸੂਟਕੇਸ ਚੁੱਕ ਲਿਆਂਦਾ।

ਉਹਨਾਂ ਨੇ ਗੰਢੜੀ ਨੂੰ ਧੱਕ ਕੇ ਫੱਟੇ ਹੇਠਾਂ ਕਰ ਦਿੱਤਾ ਤੇ ਸਾਡੇ ਪਿੱਛੇ ਬਹਿ ਕੇ ਗੱਲਾਂ ਕਰਨ ਲੱਗ ਪਏ। ਮੈਂ ਸੁਣਿਆ ਕਿ ਖੋਲਿਨ ਹੌਲੀ ਜਿਹੀ ਆਵਾਜ਼ ਵਿਚ ਕਾਤਾਸੋਨੋਵ ਨੂੰ ਕਹਿ ਰਿਹਾ ਸੀ :

"ਤੂੰ ਸੁਣ ਤਾਂ ਸਹੀ ਕਿਵੇਂ ਫਰਲ ਫਰਲ ਜਰਮਨ ਬੋਲਦਾ ਹੈ, ਜਿਵੇਂ ਜਰਮਨ ਸੈਨਿਕ ਹੋਵੇ। ਪਿਛਲੀ ਬਸੰਤ ਵਿਚ ਮੈਂ ਉਸ ਕੋਲੋਂ ਦੁਭਾਸ਼ੀਏ ਦਾ ਕੰਮ ਲੈਣਾ ਚਾਹੁੰਦਾ ਸਾਂ, ਤੇ ਇਸ ਵੇਲੇ ਉਹ ਬਟਾਲੀਅਨ ਦਾ ਕਮਾਂਡਰ ਹੈ..."

ਪ੍ਰਤੱਖ ਤੌਰ ਤੇ ਉਹ ਮੇਰੀ ਗੱਲ ਕਰ ਰਹੇ ਸਨ। ਉਹਦੀ ਗੱਲ ਸੱਚ ਸੀ। ਖੋਲਿਨ ਤੇ ਲੈਫਟੀਨੈਂਟ-ਕਰਨਲ ਗਰਿਆਜ਼ਨੋਵ ਨੇ, ਮੈਨੂੰ ਡੀਵੀਜ਼ਨ ਦੇ ਕਮਾਂਡਰ ਦੇ ਹੁਕਮ ਨਾਲ ਇਕ ਵਾਰ ਕੁਝ ਕੈਦੀਆਂ ਦੀ ਪੁੱਛ-ਪੜਤਾਲ ਕਰਦਿਆਂ ਸੁਣ ਕੇ, ਮੈਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਸੀ ਕਿ ਮੈਂ ਦੁਭਾਸ਼ੀਆ ਬਣ ਕੇ ਖੁਫੀਆ ਮਹਿਕਮੇ ਵਿਚ ਚਲਾ ਜਾਵਾਂ। ਮੈਂ ਇਨਕਾਰ ਕਰ ਦਿੱਤਾ ਸੀ ਤੇ ਮੈਨੂੰ ਇਸ ਗੱਲ ਦਾ ਕੋਈ ਅਫਸੋਸ ਨਹੀਂ। ਮੈਂ ਖੁਫੀਆ ਮਹਿਕਮੇ ਵਿਚ ਬੜੀ ਖੁਸ਼ੀ ਨਾਲ ਚਲਾ ਜਾਂਦਾ, ਪਰ ਦੁਭਾਸ਼ੀਆ ਬਣ ਕੇ ਨਹੀਂ।

ਕਾਤਾਸੋਨੋਵ ਨੇ ਅੰਗੀਠੀ ਨੂੰ ਫਰੋਲਿਆ ਤੇ ਹੌਲੀ ਜਿਹੀ ਕਿਹਾ :

"ਰਾਤ ਬੜੀ ਸੁਹਾਵਣੀ ਹੈ।"

ਉਹ ਤੇ ਖੋਲਿਨ ਮਧਮ ਆਵਾਜ਼ਾਂ ਵਿਚ ਕਰਨ ਗੋਚਰੇ ਕੰਮਾਂ ਬਾਰੇ ਗਲਬਾਤ ਕਰ ਰਹੇ ਸਨ, ਅਤੇ ਮੈਨੂੰ ਪਤਾ ਲੱਗਾ ਕਿ ਉਹ ਕਿਸੇ ਹਮਲੇ ਦੀ ਯੋਜਨਾ ਨਹੀਂ ਸੀ ਬਣਾ ਰਹੇ। ਮੈਨੂੰ ਸਪਸ਼ਟ ਹੋ ਗਿਆ ਕਿ ਮੁੰਡਾ ਦੁਸ਼ਮਣ ਦੀਆਂ ਸਫਬੰਦੀਆਂ ਦੇ ਪਿੱਛੇ ਜਾਣ ਵਾਲਾ ਸੀ ਅਤੇ ਖੋਲਿਨ ਤੇ ਕਾਤਾਸੋਨੋਵ ਨੇ ਉਸ ਨੂੰ ਉਸ ਰਾਤ ਦਨੀਪਰ ਪਾਰ ਕਰਾਉਣਾ ਸੀ।

ਇਸ ਮਤਲਬ ਵਾਸਤੇ ਉਹ ਆਪਣੇ ਨਾਲ ਇਕ "ਸ਼ਤੂਰਮੋਵਕਾ"— ਫੂਕ ਭਰਿਆਂ ਫੁਲਣ ਵਾਲੀ ਨਿੱਕੀ ਜਿਹੀ ਬੇੜੀ—ਲੈ ਕੇ ਆਏ ਸਨ ਪਰ

ਕਾਤਾਸੋਨੋਵ ਖੋਲਿਨ ਨੂੰ ਇਹ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮੇਰੀ ਬਟਾਲੀਅਨ ਕੋਲੋਂ ਇਕ ਪੱਧਰੇ-ਥੱਲੇ ਵਾਲੀ ਬੇੜੀ ਲੈ ਲਈ ਜਾਵੇ।

"ਇਹ ਡੋਂਗੀਆਂ ਬੜੀਆਂ ਆਰਾਮਦਿਹ ਹਨ," ਉਹਨੇ ਆਖਿਆ ਸੀ।

"ਪਤਾ ਲੱਗ ਗਿਆ ਹੈ, ਸ਼ੈਤਾਨਾਂ ਨੂੰ।" ਬਟਾਲੀਅਨ ਕੋਲ ਪੱਧਰੇ ਥੱਲੇ ਵਾਲੀਆਂ ਪੰਜ ਮੱਛੀਆਂ ਫੜਨ ਵਾਲੀਆਂ ਬੇੜੀਆਂ ਸਨ। ਪਿਛਲੇ ਦੋ ਮਹੀਨਿਆਂ ਤੋਂ ਅਸੀਂ ਇਹਨਾਂ ਨੂੰ ਨਾਲ ਖਿੱਚੀ ਫਿਰਦੇ ਸਾਂ। ਦੂਜੀਆਂ ਬਟਾਲੀਅਨਾਂ, ਜਿਨ੍ਹਾਂ ਕੋਲ ਇਕ ਇਕ ਕਿਸ਼ਤੀ ਸੀ, ਦੇ ਹੱਥ ਨਾ ਲੱਗ ਜਾਣ, ਇਸ ਲਈ ਮੈਂ ਬੜੇ ਧਿਆਨ ਨਾਲ ਕੈਮਾਫਲਾਜ ਕੀਤਾ ਹੋਇਆ ਸੀ। ਕੂਚ ਵੇਲੇ ਉਹਨਾਂ ਨੂੰ ਪਰਾਲੀ ਹੇਠਾਂ ਲੁਕਾ ਕੇ ਰੱਖਦਾ ਸਾਂ ਅਤੇ ਦਰਿਆ ਆਦਿ ਪਾਰ ਕਰਨ ਦੀਆਂ ਪ੍ਰਾਪਤ ਸਹੂਲਤਾਂ ਬਾਰੇ ਹਿਸਾਬ ਕਿਤਾਬ ਦੀ ਇਤਲਾਹ ਕਰਦਿਆਂ, ਪੰਜ ਦੀ ਥਾਂ ਸਿਰਫ ਦੋ ਹੀ ਕਿਸ਼ਤੀਆਂ ਵਿਖਾਈਆਂ ਸਨ।

ਮੁੰਡਾ ਰਸਾਲਿਆਂ ਉਤੇ ਨਜ਼ਰ ਮਾਰਦਾ ਹੋਇਆ ਮਿਠੀਆਂ ਗੋਲੀਆਂ ਖਾ ਰਿਹਾ ਸੀ ਅਤੇ ਖੋਲਿਨ ਤੇ ਕਾਤਾਸੋਨੋਵ ਦੀ ਗੱਲਬਾਤ ਵੱਲ ਉਹਦਾ ਕੰਨ ਨਹੀਂ ਸੀ। ਉਸ ਨੇ ਇਕ ਰਸਾਲਾ ਵੱਖ ਕਰ ਲਿਆ ਜਿਸ ਵਿਚ ਜਾਸੂਸਾਂ ਬਾਰੇ ਇਕ ਕਹਾਣੀ ਸੀ।

"ਇਸ ਨੂੰ ਮੈਂ ਪੜ੍ਹਾਂਗਾ," ਉਸ ਨੇ ਆਖਿਆ। "ਸੁਣ ਖਾਂ, ਤੇਰੇ ਕੋਲ ਗ੍ਰਾਮੋਫੋਨ ਨਹੀਂ?"

"ਹੈ, ਪਰ ਉਹਦੀ ਕਮਾਨੀ ਟੁੱਟ ਗਈ ਹੈ।"

"ਬੜੀ ਮੁਥਾਜੀ ਦੀ ਜ਼ਿੰਦਗੀ ਏ ਤੁਸਾਂ ਲੋਕਾਂ ਦੀ," ਉਸ ਨੇ ਕਿਹਾ ਤੇ ਅਚਾਨਕ ਪੁੱਛਿਆ, "ਤੂੰ ਆਪਣੇ ਕੰਨ ਹਿਲਾ ਸਕਦਾ ਏਂ?"

"ਕੰਨ? ਨਹੀਂ, ਮੈਂ ਨਹੀਂ ਹਿਲਾ ਸਕਦਾ," ਮੈਂ ਮੁਸਕ੍ਰਾ ਕੇ ਆਖਿਆ।

"ਕਿਉਂ?"

"ਖੋਲਿਨ ਹਿਲਾ ਸਕਦਾ ਹੈ," ਉਸ ਨੇ ਜੇਤੂਆਂ ਵਾਂਗ ਆਖਿਆ। ਉਸ ਨੇ ਪਿੱਛੇ ਮੁੜ ਕੇ ਆਖਿਆ, "ਖੋਲਿਨ, ਚਲ ਸਾਨੂੰ ਕੰਨ ਹਿਲਾ ਕੇ ਵਿਖਾ!"

"ਜ਼ਰੂਰ!" ਖੋਲਿਨ ਚਾਈਂ ਚਾਈਂ ਦੌੜ ਕੇ ਆਇਆ, ਸਾਡੇ ਸਾਮ੍ਹਣੇ

5-284

ਖੜਾ ਹੋ ਗਿਆ ਤੇ ਆਪਣੇ ਕੰਨ ਹਿਲਾਉਣ ਲੱਗ ਪਿਆ। ਇੰਜ ਕਰਦਿਆਂ ਉਸ ਦਾ ਚਿਹਰਾ ਬਿਲਕੁਲ ਨਹੀਂ ਸੀ ਹਿਲਿਆ।

ਮੁੰਡੇ ਨੇ ਖ਼ੁਸ਼ੀਭਰੇ ਵਿਜਈ ਅੰਦਾਜ਼ ਨਾਲ ਮੇਰੇ ਵੱਲ ਵੇਖਿਆ।

"ਤੂੰ ਫ਼ਿਕਰ ਨਾ ਕਰ ਇਸ ਗੱਲ ਦਾ," ਖੋਲਿਨ ਨੇ ਮੈਨੂੰ ਕਿਹਾ। "ਮੈਂ ਤੈਨੂੰ ਕੰਨ ਹਿਲਾਉਣਾ ਸਿਖਾ ਦੇਵਾਂਗਾ। ਚਲ ਆ ਹੁਣ, ਸਾਨੂੰ ਆਪਣੀਆਂ ਕਿਸ਼ਤੀਆਂ ਵਿਖਾ।"

"ਤੁਸੀਂ ਮੈਨੂੰ ਨਾਲ ਲੈ ਚਲੋਗੇ?" ਮੈਂ ਅਚਾਨਕ ਹੀ ਤੱਤੇ ਘਾਹ ਪੁੱਛ ਲਿਆ।

"ਕਿਥੇ ਲੈ ਚੱਲਾਂਗੇ?"

"ਪਰਲੇ ਕੰਢੇ।"

"ਵੇਖੋ ਸੂ," ਖੋਲਿਨ ਨੇ ਮੇਰੇ ਵੱਲ ਅੰਗੂਠਾ ਹਿਲਾਉਂਦਿਆਂ ਆਖਿਆ। "ਤੂੰ ਪਾਰਲੇ ਕੰਢੇ ਕਿਸ ਵਾਸਤੇ ਜਾਣਾ ਹੈ?" ਤੇ ਫੇਰ ਮੈਨੂੰ ਘੋਖਦੀਆਂ ਨਜ਼ਰਾਂ ਨਾਲ ਵੇਖਦਿਆਂ ਪੁੱਛਿਆ, "ਤਰਨਾ ਆਉਂਦਾ ਈ?"

"ਤਰ ਵੀ ਸਕਦਾ ਹਾਂ ਤੇ ਬੇੜੀ ਵੀ ਚਲਾ ਸਕਦਾ ਹਾਂ।"

"ਕਿਸ ਤਰ੍ਹਾਂ ਤਰਦਾ ਏਂ—ਹੇਠਾਂ ਵੱਲ? ਖੜੇ ਦਾ?" ਖੋਲਿਨ ਨੇ ਭਾਵਹੀਨ ਚਿਹਰੇ ਨਾਲ ਪੁੱਛਿਆ।

"ਮੇਰਾ ਖ਼ਿਆਲ ਹੈ, ਓਨਾ ਹੀ ਚੰਗਾ ਜਿੱਨਾ ਤੂੰ ਤਰ ਸਕਦਾ ਏਂ।"

"ਠੋਸ ਗੱਲ ਦੱਸ। ਦਨੀਪਰ ਪਾਰ ਕਰ ਸਕਦਾ ਏਂ?"

"ਪੰਜ ਵਾਰੀ," ਮੈਂ ਜਵਾਬ ਦਿੱਤਾ। ਤੇ ਇਹ ਗੱਲ ਠੀਕ ਸੀ, ਜੇ ਇਸ ਨੂੰ ਧਿਆਨ ਵਿਚ ਰਖਿਆ ਜਾਵੇ, ਕਿ ਗਰਮੀਆਂ ਵਿਚ ਹਲਕੇ ਫੁਲਕੇ ਕਪੜੇ ਪਾ ਕੇ ਤਰਨ ਦੀ ਗੱਲ ਮੇਰੇ ਮਨ ਵਿਚ ਸੀ। "ਮੈਂ ਪੰਜ ਵਾਰ ਪਾਰ ਜਾ ਕੇ ਤਰਦਾ ਵਾਪਸ ਆ ਸਕਦਾ ਹਾਂ।"

"ਕਮਾਲ ਦਾ ਬੰਦਾ ਏਂ!" ਖੋਲਿਨ ਨੇ ਆਖਿਆ ਤੇ ਅਚਾਨਕ ਠਹਾਕੇ ਮਾਰ ਕੇ ਹੱਸਣ ਲੱਗ ਪਿਆ। ਫੇਰ ਉਹ ਤਿੰਨੇ ਹੱਸਣ ਲੱਗ ਪਏ। ਕਹਿਣਾ ਚਾਹੀਦਾ ਹੈ ਕਿ ਖੋਲਿਨ ਤੇ ਮੁੰਡਾ ਹੱਸ ਰਹੇ ਸਨ, ਅਤੇ ਕਾਤਾਸੋਨੋਵ ਸੰਗਦਾ ਸੰਗਦਾ ਮੁਸਕ੍ਰਾ ਰਿਹਾ ਸੀ।

ਅਚਾਨਕ ਹੀ ਖੋਲਿਨ ਗੰਭੀਰ ਹੋ ਗਿਆ।

"ਤੈਨੂੰ ਰਾਈਫਲ ਚਲਾਉਣੀ ਵੀ ਆਉਂਦੀ ਏ?" ਉਸ ਨੇ ਆਖਿਆ।

"ਦਫਾ ਹੋ ਤੂੰ!" ਮੈਂ ਗੁੱਸੇ ਵਿਚ ਆ ਕੇ ਆਖਿਆ। ਮੈਂ ਜਾਣਦਾ ਸਾਂ ਕਿ ਇਸ ਸਵਾਲ ਵਿਚ ਕੋਈ ਚਾਲ ਹੈ।

"ਵੇਖੋ ਤਾਂ ਸਹੀ," ਖੋਲਿਨ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਆਖਿਆ। "ਆਪਣੇ ਆਪ ਉਤੇ ਕੋਈ ਕਾਬੂ ਨਹੀਂ। ਪ੍ਰੇਸ਼ਾਨ ਤੇ ਘਾਬਰਿਆ ਹੋਇਆ ਹੈ। ਤੇ ਚਾਹੁੰਦਾ ਹੈ ਕਿ ਅਸੀਂ ਇਸ ਨੂੰ ਪਰਲੇ ਕੰਢੇ ਲੈ ਚਲੀਏ। ਨਹੀਂ, ਜਵਾਨਾ, ਤੇਰੇ ਨਾਲ ਬੱਝਣਾ ਠੀਕ ਨਹੀਂ!"

"ਤਾਂ ਫੇਰ ਮੈਂ ਕਿਸ਼ਤੀ ਨਹੀਂ ਦੇਣੀ।"

"ਕਿਸ਼ਤੀ ਅਸੀਂ ਆਪੇ ਲੈ ਜਾਵਾਂਗੇ। ਸਾਡੇ ਹੱਥ ਨਹੀਂ? ਜੇ ਲੋੜ ਪਈ ਤਾਂ ਮੈਂ ਡੀਵੀਜ਼ਨ ਦੇ ਕਮਾਂਡਰ ਨੂੰ ਫੋਨ ਖੜਕਾ ਦੇਵਾਂਗਾ, ਤੇ ਕਿਸ਼ਤੀ ਨੂੰ ਤੂੰ ਆਪ ਲੱਕ ਉਤੇ ਚੁੱਕ ਕੇ ਦਰਿਆ ਉਤੇ ਲੈ ਆਵੇਂਗਾ।"

"ਛੱਡੋ ਇਸ ਗੱਲ ਨੂੰ!" ਮੁੰਡੇ ਨੇ ਸੁਲਾਹ ਸਫਾਈ ਦੇ ਅੰਦਾਜ਼ ਨਾਲ ਦਖਲ ਦਿੱਤਾ। "ਦੇ ਦੇਵੇਗਾ ਉਹ ਕਿਸ਼ਤੀ। ਦੇ ਦੇਵੇਂਗਾ ਨਾ?" ਉਸ ਨੇ ਮੇਰੇ ਨਾਲ ਨਜ਼ਰਾਂ ਮਿਲਾਉਂਦਿਆਂ ਆਖਿਆ।

"ਮੇਰਾ ਖ਼ਿਆਲ ਹੈ, ਦੇਣੀ ਹੀ ਪਵੇਗੀ," ਮੈਂ ਬਣਾਉਟੀ ਮੁਸਕਾਨ ਨਾਲ ਆਖਿਆ।

"ਚਲ ਫਿਰ ਵੇਖੀਏ ਚਲ ਕੇ!" ਖੋਲਿਨ ਨੇ ਮੇਰੀ ਕਮੀਜ਼ ਦੀ ਬਾਂਹ ਫੜਦਿਆਂ ਆਖਿਆ। "ਤੂੰ ਏਥੇ ਠਹਿਰ," ਉਸ ਨੇ ਮੁੰਡੇ ਨੂੰ ਆਖਿਆ। "ਪਰ ਖੇਡਦਾ ਨਾ ਫਿਰੀਂ, ਆਰਾਮ ਕਰ।"

ਕਾਤਾਸੋਨੋਵ ਨੇ ਪਲਾਈਵੁਡ ਦਾ ਸੂਟਕੇਸ ਇਕ ਸਟੂਲ ਉਤੇ ਰੱਖਿਆ ਅਤੇ ਇਸ ਨੂੰ ਖੋਹਲਿਆ। ਇਸ ਵਿਚ ਕਈ ਤਰ੍ਹਾਂ ਦੇ ਸੰਦ, ਡੱਬੇ, ਪਾਟੇ ਪੁਰਾਣੇ ਕਪੜੇ, ਮੋਟੀ ਸਣ ਤੇ ਪੱਟੀਆਂ ਪਈਆਂ ਸਨ। ਮੈਂ ਇਕ ਸਜਾਵਟੀ ਦਸਤੇ ਵਾਲੀ ਖੋਲ ਵਿਚ ਰਖੀ ਛੁਰੀ ਆਪਣੀ ਪੇਟੀ ਵਿਚ ਟੰਗ ਲਈ।

"ਵਾਹ, ਕੈਸੀ ਛੁਰੀ ਹੈ!" ਮੁੰਡਾ ਬੋਲ ਉਠਿਆ। ਉਹਦੀਆਂ ਅੱਖਾਂ ਵਿਚ ਪ੍ਰਸ਼ੰਸਾ ਦੀ ਚਮਕ ਸੀ। "ਵਿਖਾਏਂ ਨਾ ਮੈਨੂੰ!"

ਮੈਂ ਛੁਰੀ ਉਸ ਨੂੰ ਦਿੱਤੀ। ਉਸ ਨੇ ਪੁਠੀ ਸਿੱਧੀ ਕਰ ਕੇ ਵੇਖੀ ਤੇ ਆਖਿਆ :


"ਗੱਲ ਸੁਣ, ਇਹ ਮੈਨੂੰ ਦੇ ਦੇ ਖਾਂ।"

"ਮੈਂ ਤੈਨੂੰ ਦੇ ਦੇਂਦਾ, ਪਰ ਵੇਖੇਂ ਨਾ, ਇਹ ਕਿਸੇ ਦੀ ਨਿਸ਼ਾਨੀ ਹੈ।"

ਮੈਂ ਉਸ ਨਾਲ ਛਲ ਨਹੀਂ ਸੀ ਕਰ ਰਿਹਾ। ਇਹ ਛੁਰੀ ਸਚਮੁਚ ਹੀ ਮੇਰੇ ਇਕ ਜਿਗਰੀ ਦੋਸਤ ਕੋਨਸਤਾਨਤਿਨ ਖੋਲੋਦੋਵ ਨੇ ਮੈਨੂੰ ਸੁਗਾਤ ਦਿੱਤੀ ਸੀ, ਆਪਣੀ ਨਿਸ਼ਾਨੀ। ਕੋਸਤੀਆ ਤੇ ਮੈਂ ਤੀਜੀ ਜਮਾਤ ਤੋਂ ਸਕੂਲ ਵਿਚ ਇਕੋ ਡੈਸਕ ਉਤੇ ਬਹਿੰਦੇ ਰਹੇ ਸਾਂ, ਇਕੱਠੇ ਹੀ ਭਰਤੀ ਹੋਏ ਸਾਂ, ਇਕੋ ਹੀ ਸੈਨਿਕ ਸਕੂਲ ਵਿਚੋਂ ਅਸੀਂ ਸਿਖਲਾਈ ਲਈ ਸੀ ਅਤੇ ਪਹਿਲਾਂ ਇਕੋ ਡੀਵੀਜ਼ਨ ਵਿਚ ਤੇ ਮਗਰੋਂ ਇਕ ਰੈਜਮੈਂਟ ਵਿਚ ਇਕੱਠੇ ਲੜੇ ਸਾਂ।

...ਸਤੰਬਰ ਦੀ ਉਸ ਸਵੇਰ ਨੂੰ ਸੂਰਜ ਚੜ੍ਹਦੇ ਨਾਲ ਮੈਂ ਦੇਸਨਾ ਦੇ ਕੰਢੇ ਦੀਆਂ ਖੰਦਕਾਂ ਵਿਚ ਮੌਜੂਦ ਸਾਂ। ਮੈਂ ਵੇਖਿਆ ਕਿਵੇਂ ਕੋਸਤੀਆ ਆਪਣੀ ਕੰਪਨੀ ਨੂੰ ਨਾਲ ਲੈ ਕੇ, ਸੱਜੇ ਕੰਢੇ ਵੱਲ ਦਰਿਆ ਪਾਰ ਕਰਨ ਲੱਗ ਪਿਆ ਸੀ। ਦਰਿਆ ਪਾਰ ਕਰਨ ਵਾਲੀ ਸਾਡੀ ਡੀਵੀਜ਼ਨ ਦੀ ਇਹ ਪਹਿਲੀ ਕੰਪਨੀ ਸੀ। ਗੇਲੀਆਂ, ਵੰਝਾਂ ਤੇ ਢੋਲਾਂ ਦੇ ਬਣਾਏ ਹੋਏ ਤੁਲ੍ਹੇ ਅੱਧਾ ਦਰਿਆ ਪਾਰ ਕਰ ਚੁੱਕੇ ਸਨ, ਜਦੋਂ ਜਰਮਨਾਂ ਨੇ ਪੱਤਣ ਵੱਲ ਤੋਪਾਂ ਤੇ ਮਾਰਟਰਾਂ ਦੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਕੋਸਤੀਆ ਦੇ ਤੁਲ੍ਹੇ ਉਤੇ ਹਵਾ ਵਿਚ ਪਾਣੀ ਦਾ ਇਕ ਚਿੱਟਾ ਫੁਹਾਰਾ ਫੁਟ ਨਿਕਲਿਆ। ਉਸ ਤੋਂ ਮਗਰੋਂ ਕੀ ਹੋਇਆ, ਮੈਂ ਨਹੀਂ ਵੇਖਿਆ—ਟੈਲੀਫੋਨ ਵਾਲੇ ਦੇ ਹੱਥ ਵਿਚ ਚੋਂਗਾ ਘਰੜ ਘਰੜ ਕਰਨ ਲੱਗਾ : "ਗਾਲਤਸੇਵ, ਅੱਗੇ ਵਧ!" ਮੈਂ ਛਾਲ ਮਾਰ ਕੇ ਖੰਦਕ ਦਾ ਬੰਨਾ ਟੱਪ ਗਿਆ, ਨਾਲ ਹੀ ਮੇਰੀ ਕੰਪਨੀ—ਕੋਈ ਸੌ ਆਦਮੀ ਤੇ ਪਾਣੀ ਦੇ ਕਿਨਾਰੇ ਵੱਲ ਦੌੜ ਪਿਆ ਜਿਸ ਥਾਂ ਓਸੇ ਤਰ੍ਹਾਂ ਦੇ ਤੁਲ੍ਹੇ ਉਡੀਕ ਵਿਚ ਖੜੇ ਸਨ। ਅੱਧੇ ਘੰਟੇ ਦੇ ਅੰਦਰ ਅੰਦਰ ਹੀ ਸੱਜੇ ਕੰਢੇ ਉਤੇ ਸਾਡੀ ਦੂਹ-ਬਦੂਹ ਲੜਾਈ ਹੋ ਰਹੀ ਸੀ।...

ਅਜੇ ਮੈਂ ਇਸ ਗੱਲ ਦਾ ਨਿਰਣਾ ਨਹੀਂ ਸੀ ਕੀਤਾ ਕਿ ਮੈਂ ਇਸ ਛੁਰੀ ਦਾ ਕੀ ਕਰਾਂਗਾ। ਇਸ ਨੂੰ ਆਪਣੇ ਕੋਲ ਰੱਖਾਂਗਾ ਜਾਂ ਮਾਸਕੋ ਪਰਤਣ ਮਗਰੋਂ ਅਰਬਾਤ ਦੀ ਚੁੱਪ ਗਲੀ ਵਿਚ ਜਾਵਾਂਗਾ ਅਤੇ ਇਸ ਨੂੰ ਕੋਸਤੀਆ ਦੇ ਘਰ



ਵਾਲਿਆਂ ਨੂੰ ਦੇ ਦੇਵਾਂਗਾ, ਉਹਨਾਂ ਦੇ ਪੁੱਤਰ ਦੀ ਇਕ ਯਾਦਗਾਰ।...

"ਮੈਂ ਤੈਨੂੰ ਦੂਸਰੀ ਦੇ ਦੇਵਾਂਗਾ," ਮੈਂ ਮੁੰਡੇ ਨਾਲ ਵਾਅਦਾ ਕੀਤਾ।

"ਨਹੀਂ, ਮੈਨੂੰ ਏਹੋ ਚਾਹੀਦੀ ਹੈ।" ਉਸ ਨੇ ਮੇਰੀਆਂ ਅੱਖਾਂ ਵਿਚ ਝਾਕਦਿਆਂ, ਖ਼ਬਤੀ ਅੰਦਾਜ਼ ਨਾਲ ਆਖਿਆ। "ਇਹ ਮੈਨੂੰ ਦੇ ਦੇ।"

"ਏਡਾ ਕੰਜੂਸ ਨਾ ਬਣ, ਗਾਲਤਸੇਵ," ਖੋਲਿਨ ਨੇ ਨਾਰਾਜ਼ ਹੋ ਕੇ ਆਖਿਆ। ਉਹ ਕਪੜੇ ਪਾ ਕੇ ਮੇਰੀ ਤੇ ਕਾਤਾਸੋਨੋਵ ਦੀ ਉਡੀਕ ਵਿਚ ਖੜਾ ਸੀ। "ਕਿਰਸੀ ਨਾ ਬਣ।"

"ਮੈਂ ਤੈਨੂੰ ਦੂਜੀ ਦੇ ਦੇਵਾਂਗਾ। ਬਿਲਕੁਲ ਏਸੇ ਤਰ੍ਹਾਂ ਦੀ," ਮੈਂ ਮੁੰਡੇ ਨੂੰ ਆਖਿਆ।

"ਤੈਨੂੰ ਇਸ ਤਰ੍ਹਾਂ ਦੀ ਛੁਰੀ ਮਿਲ ਜਾਏਗੀ," ਕਾਤਾਸੋਨੋਵ ਨੇ ਛੁਰੀ ਨੂੰ ਵੇਖ-ਪੜਤਾਲ ਕੇ ਆਖਿਆ। "ਮੈਂ ਦੇਵਾਂਗਾ ਤੈਨੂੰ।"

"ਮੈਂ ਦੇ ਦੇਵਾਂਗਾ, ਮੇਰੀ ਗੱਲ ਉਤੇ ਯਕੀਨ ਕਰ।" ਮੈਂ ਮੁੰਡੇ ਨੂੰ ਵਿਸ਼ਵਾਸ ਦਿਵਾਇਆ। "ਇਹ ਸੁਗਾਤ ਹੈ, ਸਮਝਦਾ ਏਂ, ਇਕ ਨਿਸ਼ਾਨੀ।"

"ਠੀਕ ਹੈ," ਮੁੰਡੇ ਨੇ ਮੱਛਰਦਿਆਂ ਆਖਿਆ। "ਹਾਲੇ ਰਹਿਣ ਦੇ ਮੇਰੇ ਕੋਲ, ਮੈਂ ਖੇਡਾਂਗਾ ਇਸ ਨਾਲ।"

"ਛੁਰੀ ਰਹਿਣ ਦੇ ਇਹਦੇ ਕੋਲ ਤੇ ਮੇਰੇ ਨਾਲ ਚਲ," ਖੋਲਿਨ ਨੇ ਕਾਹਲੇ ਪੈਂਦਿਆਂ ਆਖਿਆ।

"ਮੈਂ ਤੁਹਾਡੇ ਨਾਲ ਕਿਉਂ ਜਾਵਾਂ? ਕਿਸ ਖ਼ੁਸ਼ੀ ਵਿਚ?" ਆਪਣੀ ਰੂੰਦਾਰ-ਜੈਕਟ ਦੇ ਬਟਨ ਬੰਦ ਕਰਦਿਆਂ, ਮੈਂ ਦਲੀਲੀਂ ਪੈ ਕੇ ਆਖਿਆ। "ਤੁਸੀਂ ਮੈਨੂੰ ਆਪਣੇ ਨਾਲ ਪਾਰ ਲਿਜਾ ਨਹੀਂ ਰਹੇ। ਤੇ ਬੇੜੀਆਂ ਕਿਥੇ ਨੇ, ਇਹ ਤੁਹਾਨੂੰ ਮੇਰੇ ਬਗੈਰ ਹੀ ਪਤਾ ਹੈ।"

"ਚਲ, ਚਲ," ਖੋਲਿਨ ਨੇ ਮੈਨੂੰ ਅਗਾਂਹ ਧੱਕਿਆ। "ਲੈ ਚਲਾਂਗਾ ਮੈਂ ਆਪਣੇ ਨਾਲ ਤੈਨੂੰ। ਪਰ ਅੱਜ ਨਹੀਂ।"

ਅਸੀਂ ਤਿੰਨੇ ਬਾਹਰ ਆਏ ਅਤੇ ਝਾੜੀਆਂ ਦੇ ਵਿਚੋਂ ਦੀ ਸੱਜੀ ਬਾਹੀ ਵੱਲ ਤੁਰ ਪਏ। ਬਾਰਸ਼ ਹੋ ਰਹੀ ਸੀ—ਠੰਡੀ ਠੰਡੀ ਮਹੀਨ ਕਿਣਮਿਣ ਕਿਣਮਿਣ।

ਬੱਦਲ ਘਿਰੇ ਹੋਏ ਸਨ ਤੇ ਹਨੇਰਾ ਸੀ। ਕੋਈ ਵੀ ਤਾਰਾ ਨਜ਼ਰ ਨਹੀਂ ਸੀ ਆਉਂਦਾ।

ਕਾਤਾਸੋਨੋਵ ਸੂਟਕੇਸ ਚੁੱਕੀ ਸਾਡੇ ਅੱਗੇ ਅੱਗੇ ਸਰਕਦਾ ਜਾਂਦਾ ਸੀ। ਉਹ ਬਿਨਾਂ ਕਿਸੇ ਖੜਾਕ ਆਵਾਜ਼ ਦੇ ਇਉਂ ਭਰੋਸੇ ਨਾਲ ਕਦਮ ਰੱਖਦਾ ਸੀ ਜਿਵੇਂ ਉਹ ਰੋਜ਼ ਰਾਤ ਨੂੰ ਇਸ ਪਹੇ ਤੋਂ ਲੰਘਦਾ ਹੋਵੇ। ਮੈਂ ਖੋਲਿਨ ਕੋਲੋਂ ਫੇਰ ਮੁੰਡੇ ਬਾਰੇ ਪੁੱਛਿਆ ਤੇ ਮੈਨੂੰ ਪਤਾ ਲੱਗਾ ਕਿ ਬੋਨਦਾਰੇਵ ਗੋਮੇਲ ਤੋਂ ਹੈ, ਪਰ ਜੰਗ ਤੋਂ ਪਹਿਲਾਂ ਉਹ ਆਪਣੇ ਮਾਪਿਆਂ ਦੇ ਨਾਲ ਕਿਧਰੇ ਬਾਲਟਿਕ ਪ੍ਰਾਦੇਸ਼ ਵਿਚ ਇਕ ਸਰਹੱਦੀ ਚੌਕੀ ਵਿਚ ਰਹਿੰਦਾ ਸੀ। ਉਸ ਦਾ ਪਿਤਾ, ਸਰਹੱਦੀ ਫ਼ੌਜ ਦਾ ਸਿਪਾਹੀ, ਲੜਾਈ ਦੇ ਪਹਿਲੇ ਹੀ ਦਿਨ ਮਾਰਿਆ ਗਿਆ ਸੀ। ਮੁੰਡੇ ਦੀ ਅਠਾਰਾਂ ਮਹੀਨਿਆਂ ਦੀ ਭੈਣ ਪਿੱਛੇ ਹਟਦੇ ਸਮੇਂ ਉਸ ਦੀਆਂ ਬਾਹਾਂ ਵਿਚ ਹੀ ਮਾਰੀ ਗਈ ਸੀ।

"ਜਿਹੜੀਆਂ ਹਾਲਤਾਂ ਵਿਚੋਂ ਦੀ ਉਹ ਲੰਘਿਆ ਹੈ, ਉਹਨਾਂ ਬਾਰੇ ਤਾਂ ਅਸੀਂ ਸੋਚ ਵੀ ਨਹੀਂ ਸਕਦੇ," ਖੋਲਿਨ ਨੇ ਫੁਸਰ ਫੁਸਰ ਕੀਤਾ। "ਉਹ ਛਾਪੇਮਾਰਾਂ ਨਾਲ ਵੀ ਰਿਹਾ ਹੈ ਤੇ ਤਰੋਸਤਿਆਨੇਤਸ—ਮੌਤ ਦੇ ਡੇਰੇ—ਵਿਚ ਵੀ ਰਹਿ ਚੁੱਕਾ ਹੈ। ਉਹਦੇ ਦਿਮਾਗ਼ ਵਿਚ ਸਿਰਫ ਇਕੋ ਹੀ ਗੱਲ ਹੈ—ਆਖਰੀ ਆਦਮੀ ਤੱਕ ਬਦਲਾ ਲੈਣਾ। ਜਦੋਂ ਉਹ ਕੈਂਪ ਦੀਆਂ, ਜਾਂ ਆਪਣੇ ਪਿਓ ਤੇ ਆਪਣੀ ਭੈਣ ਦੀਆਂ ਗੱਲਾਂ ਛੇੜਦਾ ਹੈ, ਉਹਦਾ ਲੂੰ ਲੂੰ ਕੰਬਣ ਲੱਗ ਜਾਂਦਾ ਹੈ। ਮੈਂ ਕਦੇ ਸੋਚਿਆ ਹੀ ਨਹੀਂ ਸੀ ਕਿ ਕੋਈ ਬੱਚਾ ਵੀ ਏਨੀ ਨਫਰਤ ਕਰ ਸਕਦਾ ਹੈ।"

ਇਕ ਪਲ ਵਾਸਤੇ ਖੋਲਿਨ ਚੁੱਪ ਕਰ ਗਿਆ ਤੇ ਫੇਰ ਮਸਾਂ ਹੀ ਸੁਣਦੀ ਆਵਾਜ਼ ਵਿਚ ਕਹਿਣ ਲੱਗਾ:

"ਅਸੀਂ ਦੋ ਦਿਨ ਉਹਦੇ ਨਾਲ ਸਿਰਖਪਾਈ ਕਰਦੇ ਰਹੇ ਹਾਂ, ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ ਹਾਂ ਕਿ ਸੂਵੋਰੋਵ ਸੈਨਿਕ ਸਕੂਲ ਵਿਚ ਚਲਾ ਜਾਵੇ। ਕਮਾਂਡਰ ਨੇ ਵੀ ਪਿਆਰ ਨਾਲ ਅਤੇ ਡਾਂਟ ਡਪਟ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਅਖੀਰ ਵਿਚ, ਉਸ ਨੇ ਇਹਨੂੰ ਇਸ ਸ਼ਰਤ ਉਤੇ ਜਾਣ ਦੀ ਆਗਿਆ ਦਿੱਤੀ ਕਿ ਇਹ ਆਖਰੀ ਵਾਰੀ ਹੈ। ਮੁਸ਼ਕਲ ਇਹ ਹੈ ਕਿ ਜੇ ਇਸ ਨੂੰ ਨਾ

ਭੇਜੀਏ ਤਾਂ ਉਹ ਆਪੇ ਹੀ ਅੱਖ ਬਚਾ ਕੇ ਨਿਕਲ ਜਾਂਦਾ ਹੈ। ਜਦੋਂ ਉਹ ਪਹਿਲੀ ਵਾਰੀ ਸਾਡੇ ਕੋਲ ਆਇਆ ਤਾਂ ਅਸੀਂ ਫੈਸਲਾ ਕੀਤਾ ਕਿ ਇਸ ਨੂੰ ਨਹੀਂ ਭੇਜਣਾ। ਸੋ ਉਹ ਆਪੇ ਹੀ ਚਲਾ ਗਿਆ। ਤੇ ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਸਾਡੇ ਆਪਣੇ ਹੀ ਬੰਦਿਆਂ ਨੇ—ਸ਼ੀਲਿਨ ਦੀ ਰੈਜਮੈਂਟ ਦੀ ਰੱਖਿਆ ਚੌਕੀ ਤੋਂ—ਉਹਦੇ ਉਤੇ ਗੋਲੀ ਚਲਾ ਦਿੱਤੀ। ਉਹਦਾ ਮੋਢਾ ਜ਼ਖ਼ਮੀ ਹੋ ਗਿਆ। ਤੇ ਉਹਨਾਂ ਲੋਕਾਂ ਨੂੰ ਵੀ ਦੋਸ਼ ਨਹੀਂ ਦਿੱਤਾ ਜਾ ਸਕਦਾ। ਹਨੇਰੀ ਰਾਤ ਸੀ ਤੇ ਕਿਸੇ ਨੂੰ ਪਤਾ ਵੀ ਨਹੀਂ ਸੀ।... ਵੇਖੇਂ ਨਾ, ਕੰਮ ਤਾਂ ਉਹ ਐਸੇ ਕਰਦਾ ਹੈ ਜਿਨ੍ਹਾਂ ਤੋਂ ਵੱਡੇ ਵੀ ਦੂਰ ਰਹਿਣ। ਖੁਫੀਆ ਮਹਿਕਮੇ ਦੀ ਪੂਰੀ ਕੰਪਨੀ ਜਿੰਨਾ ਕੁਝ ਲਿਆਉਂਦੀ ਹੈ ਉਹ ਇਕੱਲਾ ਹੀ ਉਸ ਤੋਂ ਵੱਧ ਲਿਆਉਂਦਾ ਹੈ। ਉਹ ਜਰਮਨ ਸਫਬੰਦੀਆਂ ਦੇ ਕੋਲ ਹੀ ਸੁੰਘਦੇ ਫਿਰਦੇ ਨੇ ਪਰ ਸਫਾਂ ਦੇ ਪਿੱਛੇ ਨਹੀਂ ਜਾ ਸਕਦੇ। ਸੂਹੀਆ ਪਾਰਟੀ ਪੰਜ ਦਿਨ ਜਾਂ ਦਸ ਦਿਨ ਓਥੇ ਅਟਕੀ ਰਹੇਗੀ ਪਰ ਦੁਸ਼ਮਣ ਦੇ ਪਿਛਵਾੜੇ ਨਹੀਂ ਜਾ ਸਕਦੀ। ਕੋਈ ਵਿਰਲਾ ਟਾਂਵਾਂ ਸੂਹੀਆ ਹੀ ਇਹ ਕੰਮ ਕਰ ਸਕਦਾ ਹੈ। ਮੁਸ਼ਕਲ ਇਹ ਹੈ ਕਿ ਬਾਲਗ ਭਾਵੇਂ ਕਿਸੇ ਵੀ ਭੇਸ ਵਿਚ ਜਾਵੇ, ਹਮੇਸ਼ਾ ਸ਼ੱਕ ਪੈਦਾ ਕਰਦਾ ਹੈ। ਪਰ ਇਹ ਬੱਚਾ, ਬੇਘਰ ਰੁਲਿਆ ਖੁਲਿਆ ਭਿਖਾਰੀ ਬਣਿਆ, ਦੁਸ਼ਮਣ ਦੀਆਂ ਸਫਾਂ ਪਿੱਛੇ ਜਾ ਕੇ ਸੂਹਾਂ ਲਿਆਉਣ ਦਾ ਸਭ ਤੋਂ ਚੰਗਾ ਸਾਧਨ ਹੈ। ਤੂੰ ਨਹੀਂ ਉਸ ਨੂੰ ਜਾਣਦਾ, ਇਸ ਕੰਮ ਲਈ ਉਹ ਇਕ ਆਦਰਸ਼ਕ ਮੁੰਡਾ ਹੈ। ਫੈਸਲਾ ਕੀਤਾ ਗਿਆ ਹੈ ਕਿ ਜੇ ਲੜਾਈ ਤੋਂ ਮਗਰੋਂ ਉਸ ਦੀ ਮਾਂ ਦਾ ਕੁਝ ਪਤਾ ਨਾ ਲੱਗਾ ਤਾਂ ਕਾਤਾਸੋਨੋਵ ਜਾਂ ਲੈਫਟੀਨੈਂਟ-ਕਰਨਲ ਇਸ ਨੂੰ ਮੁਤਬੰਨਾ ਬਣਾ ਲੈਣਗੇ।

"ਉਹ ਕਿਉਂ, ਤੂੰ ਕਿਉਂ ਨਹੀਂ?"

"ਮੈਨੂੰ ਬੇਹੱਦ ਖੁਸ਼ੀ ਹੁੰਦੀ," ਖੋਲਿਨ ਨੇ ਹੌਕਾ ਭਰਦਿਆਂ ਹੌਲੀ ਜਿਹੀ ਆਖਿਆ, "ਪਰ ਲੈਫਟੀਨੈਂਟ-ਕਰਨਲ ਇਸ ਦੇ ਖਿਲਾਫ ਹੈ। ਕਹਿੰਦਾ ਹੈ ਕਿ ਮੈਨੂੰ ਖੁਦ ਨੂੰ ਤਾਲੀਮ ਹਾਸਿਲ ਕਰਨ ਦੀ ਲੋੜ ਹੈ।" ਉਸ ਨੇ ਮੁਸਕ੍ਰਾ ਕੇ ਕਿਹਾ।

ਮੈਂ ਲੈਫਟੀਨੈਂਟ-ਕਰਨਲ ਨਾਲ ਸਹਿਮਤ ਹੋਏ ਬਿਨਾਂ ਨਹੀਂ ਸੀ ਰਹਿ

ਸਕਦਾ। ਖੋਲਿਨ ਕੁਝ ਕੁਝ ਅੱਖੜ ਸੀ ਤੇ ਕਈ ਵਾਰੀ ਸਨਕੀ ਵੀ ਜਾਪਦਾ ਸੀ। ਇਹ ਠੀਕ ਹੈ ਕਿ ਮੁੰਡੇ ਦੀ ਮੌਜੂਦਗੀ ਵਿਚ ਉਹ ਆਪਣੇ ਆਪ ਉਤੇ ਕਾਬੂ ਪਾ ਲੈਂਦਾ ਸੀ। ਸਗੋਂ ਕਈ ਵਾਰੀ ਮੈਨੂੰ ਤਾਂ ਇਸ ਤਰ੍ਹਾਂ ਵੀ ਜਾਪਦਾ ਸੀ ਜਿਵੇਂ ਉਹ ਇਵਾਨ ਕੋਲੋਂ ਮਾਮੂਲੀ ਜਿਹਾ ਡਰਦਾ ਵੀ ਹੋਵੇ।

ਕੰਢੇ ਤੋਂ ਕੋਈ ਡੇੜ ਕੁ ਸੌ ਮੀਟਰ ਉਰੇ, ਅਸੀਂ ਉਹਨਾਂ ਝਾੜੀਆਂ ਵੱਲ ਮੁੜ ਪਏ ਜਿਥੇ ਫਰ ਦੀਆਂ ਟਹਿਣੀਆਂ ਨਾਲ ਢੱਕ ਕੇ, ਕਿਸ਼ਤੀਆਂ ਲੁਕਾਈਆਂ ਹੋਈਆਂ ਸਨ। ਮੇਰੇ ਹੁਕਮ ਨਾਲ ਉਹਨਾਂ ਨੂੰ ਤਿਆਰ ਰੱਖਿਆ ਜਾਂਦਾ ਸੀ ਤੇ ਇਕ ਦਿਨ ਛੱਡ ਕੇ ਉਹਨਾਂ ਉਤੇ ਪਾਣੀ ਛਿੜਕਿਆ ਜਾਂਦਾ ਸੀ ਤਾਂ ਜੋ ਸੁਕ ਕੇ ਤਰੇੜੀਆਂ ਨਾ ਜਾਣ।

ਖੋਲਿਨ ਤੇ ਕਾਤਾਸੋਨੋਵ ਨੇ ਆਪਣੀਆਂ ਜੇਬੀ ਬੈਟਰੀਆਂ ਦੇ ਚਾਨਣ ਵਿਚ ਕਿਸ਼ਤੀਆਂ ਦੀ ਜਾਂਚ-ਪੜਤਾਲ ਕੀਤੀ, ਟੋਹ ਕੇ ਵੇਖਿਆ ਤੇ ਥੱਲਿਆਂ ਤੇ ਬਾਹੀਆਂ ਨੂੰ ਠਕੋਰਿਆ। ਫੇਰ ਉਹਨਾਂ ਨੇ ਸਾਰੀਆਂ ਕਿਸ਼ਤੀਆਂ ਉਲਟੀਆਂ ਕੀਤੀਆਂ ਇਕ ਇਕ ਵਿਚ ਬੈਠੇ, ਕੁੰਡਿਆਂ ਵਿਚ ਚੱਪੂ ਅੜਾਏ, ਤੇ "ਚੱਪੂ ਮਾਰੇ"। ਅਖੀਰ ਉਹਨਾਂ ਇਕ ਕਿਸ਼ਤੀ ਚੁਣ ਲਈ, ਛੋਟੀ ਜਿਹੀ ਚੌੜੇ ਪਿੱਛੇ ਵਾਲੀ ਕਿਸ਼ਤੀ ਜਿਸ ਵਿਚ ਤਿੰਨ ਜਾਂ ਚਾਰ ਬੰਦੇ ਬਹਿ ਸਕਣ।

"ਇਹ ਸੰਗਲੀਆਂ ਨਹੀਂ ਸਾਨੂੰ ਚਾਹੀਦੀਆਂ," ਖੋਲਿਨ ਨੇ ਜ਼ੰਜੀਰ ਨੂੰ ਇਉਂ ਫੜਦਿਆਂ ਆਖਿਆ ਜਿਵੇਂ ਉਹ ਕਿਸ਼ਤੀ ਦਾ ਮਾਲਕ ਹੋਵੇ ਤੇ ਕੜੇ ਦਾ ਪੇਚ ਢਿਲਾ ਕਰਨ ਲੱਗ ਪਿਆ। "ਬਾਕੀ ਕੰਮ ਅਸੀਂ ਕੰਢੇ 'ਤੇ ਜਾ ਕੇ ਕਰ ਲਵਾਂਗੇ। ਪਹਿਲਾਂ ਪਾਣੀ ਉਤੇ ਚਲਾ ਕੇ ਵੇਖਾਂਗੇ..."

ਅਸੀਂ ਕਿਸ਼ਤੀ ਚੁੱਕ ਲਈ। ਖੋਲਿਨ ਨੇ ਅਗਲੇ ਪਾਸੇ ਤੋਂ, ਕਾਤਾਸੋਨੋਵ ਤੇ ਮੈਂ ਪਿਛਲੇ ਪਾਸੇ ਤੋਂ, ਤੇ ਇਸ ਨੂੰ ਚੁੱਕ ਕੇ ਝਾੜੀਆਂ ਵਿਚੋਂ ਕੁਝ ਹੀ ਕਦਮ ਪੁਟੇ ਸਨ:

"ਤੁਸੀਂ ਵੀ ਕਮਾਲ ਬੰਦੇ ਓ!" ਖੋਲਿਨ ਪੋਲੀ ਜਿਹੀ ਬੋਲਿਆ। "ਚੁਕੋ ਰਤਾ ਇਸ ਨੂੰ!"

ਉਸ ਨੇ ਕਿਸ਼ਤੀ ਪਿੱਠ ਉਤੇ ਚੁੱਕ ਲਈ, ਥੱਲੇ ਨੂੰ ਹੇਠਾਂ ਕਰ ਕੇ, ਸਿਰ ਉਤੋਂ ਦੀ ਬਾਹਵਾਂ ਉਲਾਰ ਕੇ ਕਿਸ਼ਤੀ ਦੇ ਅਗਲੇ ਹਿੱਸੇ ਨੂੰ ਘੁਟ ਕੇ ਫੜ

ਲਿਆ, ਤੇ ਕਾਤਾਸੋਨੋਵ ਦੇ ਮਗਰ ਮਗਰ ਕੰਢੇ ਵੱਲ ਤੁਰ ਪਿਆ।

ਕੰਢੇ ਕੋਲ ਆ ਕੇ ਮੈਂ ਉਹਨਾਂ ਤੋਂ ਅੱਗੇ ਲੰਘ ਗਿਆ ਤਾਂ ਜੋ ਸਰਹੱਦੀ ਚੌਕੀ ਨੂੰ ਖਬਰਦਾਰ ਕਰ ਦੇਵਾਂ। ਉਹਨਾਂ ਨੂੰ ਮੇਰੀ ਲੋੜ ਵੀ ਏਸੇ ਕਰਕੇ ਹੀ ਸੀ।

ਖੋਲਿਨ ਕਿਸ਼ਤੀ ਨੂੰ ਚੁੱਕੀ ਹੌਲੀ ਹੌਲੀ ਪਾਣੀ ਦੇ ਕੰਢੇ ਪਹੁੰਚ ਕੇ ਖੜਾ ਹੋ ਗਿਆ। ਬੜੀ ਸਾਵਧਾਨੀ ਨਾਲ, ਤਾਂ ਜੋ ਕੋਈ ਖੜਾਕ ਨਾ ਹੋਵੇ, ਅਸੀਂ ਕਿਸ਼ਤੀ ਪਾਣੀ ਵਿਚ ਟਿਕਾ ਦਿੱਤੀ।

"ਬੈਠੋ!"

ਅਸੀਂ ਬਹਿ ਗਏ। ਖੋਲਿਨ ਨੇ ਹੁਜਕਾ ਮਾਰਿਆ ਤੇ ਜਦੋਂ ਕਿਸ਼ਤੀ ਕੰਢੇ ਤੋਂ ਸਰਕ ਪਈ ਤਾਂ ਛਾਲ ਮਾਰ ਕੇ ਬਹਿ ਗਿਆ। ਕਾਤਾਸੋਨੋਵ ਚੱਪੂ ਮਾਰਨ ਲੱਗਾ—ਇਕ ਚੱਪੂ ਨਾਲ ਅੱਗਾਂਹ ਖਿਚਦਾ, ਦੂਜੇ ਨਾਲ ਪਿਛੋਂ ਧਕਦਾ ਤੇ ਕਿਸ਼ਤੀ ਹੁਲਾਰੇ ਖਾਂਦੀ ਕੰਢੇ ਤੋਂ ਪਰੇ ਹਟਣ ਲੱਗੀ। ਫੇਰ ਖੋਲਿਨ ਤੇ ਕਾਤਾਸੋਨੋਵ ਨੇ ਜਿਵੇਂ ਉਹ ਇਸ ਨੂੰ ਉਲਟਾਉਣ ਲਈ ਤੁਲ ਪਏ ਹੋਣ, ਆਪਣਾ ਭਾਰ ਪਹਿਲਾਂ ਇਕ ਪਾਸੇ ਫੇਰ ਦੂਜੇ ਪਾਸੇ ਇਉਂ ਸੁਟਿਆ ਕਿ ਕਿਸ਼ਤੀ ਪਾਣੀ ਨਾਲ ਤਕਰੀਬਨ ਭਰ ਹੀ ਗਈ ਸੀ। ਇਸ ਤੋਂ ਮਗਰੋਂ ਉਹ ਸਾਵੇਂ ਹੋ ਕੇ ਬਹਿ ਗਏ ਤੇ ਇਸ ਦੇ ਥੱਲੇ ਤੇ ਬਾਹੀਆਂ ਨੂੰ ਟੋਹ ਟਾਹ ਕੇ ਅਤੇ ਠਕੋਰ ਕੇ ਵੇਖਿਆ।

"ਬੜੀ ਚੰਗੀ ਏ!" ਕਾਤਾਸੋਨੋਵ ਨੇ ਪ੍ਰਸ਼ੰਸਾ ਕਰਦਿਆਂ ਹੌਲੀ ਜਿਹੀ ਆਖਿਆ।

"ਸਰ ਜਾਏਗਾ!" ਖੋਲਿਨ ਨੇ ਸਹਿਮਤ ਹੁੰਦਿਆਂ ਕਿਹਾ। "ਇਹ ਬੰਦਾ ਕਿਸ਼ਤੀਆਂ ਮੁਛਣ ਵਿਚ ਬੜਾ ਮਾਹਿਰ ਹੈ—ਨਕਾਰਾ ਨਿਕੰਮੀਆਂ ਨਹੀਂ ਇਹ ਰੱਖਦਾ! ਸੱਚ ਦਸ, ਗਾਲਤਸੇਵ, ਕਿੰਨੇ ਕੁ ਕਿਸ਼ਤੀ-ਮਾਲਕਾਂ ਨੂੰ ਲੁਟਿਆ ਈ?"

ਪਲ ਪਲ ਮਗਰੋਂ ਦੂਜੇ ਪਾਸਿਓਂ ਪਾਣੀ ਉਤੋਂ ਦੀ ਮਸ਼ੀਨਗੱਨ ਦੀਆਂ ਗੋਲੀਆਂ ਚਲਣ ਦੀ ਆਵਾਜ਼ ਆਉਂਦੀ ਸੀ, ਰੁੱਖੀ ਤੇ ਗੂੰਜਵੀਂ ਆਵਾਜ਼।

"ਕਿਵੇਂ ਗੋਲੀਆਂ ਦਾ ਮੀਹ ਵਰ੍ਹਾ ਰਹੇ ਨੇ, ਜਿਵੇਂ ਪਾਗਲ ਹੋ ਗਏ

ਹੋਣ," ਕਾਤਾਸੋਨੋਵ ਨੇ ਥਥਲਾ ਕੇ ਆਖਿਆ। "ਜਰਮਨ ਸੈਨਿਕ ਸਰਫਾ ਕਰਨ ਵਾਲੇ ਸਮਝੇ ਜਾਂਦੇ ਨੇ, ਪਰ ਵੇਖੋ ਕਿਵੇਂ ਉਜਾੜ ਰਹੇ ਨੇ। ਇਉਂ ਅੰਨ੍ਹੇਵਾਹ ਗੋਲੀਆਂ ਚਲਾਉਣ ਦਾ ਕੀ ਤੁਕ ਹੈ? ਹੋ ਸਕਦਾ ਹੈ, ਲੋਅ ਲੱਗਣ ਤੋਂ ਪਹਿਲਾਂ, ਇਹਨਾਂ ਗਭਰੇਟਾਂ ਨੂੰ ਆਪਾਂ ਧੂਹ ਲਿਆਈਏ, ਕਾਮਰੇਡ ਕਪਤਾਨ," ਉਸ ਨੇ ਪਰਤਾਵੇ ਵਜੋਂ ਸੁਝਾਓ ਦਿੱਤਾ।

"ਅੱਜ ਨਹੀਂ। ਬਸ ਅੱਜ ਨਹੀਂ..."

ਕਾਤਾਸੋਨੋਵ ਨੇ ਇਕ ਹਲਕਾ ਜਿਹਾ ਚੱਪੂ ਮਾਰ ਕੇ ਕੰਢੇ ਵੱਲ ਰੁਖ਼ ਕੀਤਾ। ਅਸੀਂ ਸਾਰੇ ਕੰਢੇ ਪਹੁੰਚ ਗਏ।

"ਲਓ, ਚੱਪੂ ਅਸੀਂ ਕਪੜੇ ਵਿਚ ਲਪੇਟ ਲਵਾਂਗੇ ਅਤੇ ਚੱਪੂ-ਕੜਿਆਂ ਦੀਆਂ ਝਰੀਆਂ ਨੂੰ ਗਰੀਜ਼ ਦੇਵਾਂਗੇ, ਤੇ ਕੰਮ ਖਤਮ।" ਖੋਲਿਨ ਨੇ ਹੌਲੀ ਜਿਹੀ ਮੈਨੂੰ ਆਖਿਆ। ਉਹ ਖੁਸ਼ ਲੱਗ ਰਿਹਾ ਸੀ। "ਏਥੇ ਖੰਦਕ ਵਿਚ ਕੌਣ ਹੈ?"

"ਸੈਨਿਕ, ਦੋ ਜਣੇ।"

"ਇਕ ਨੂੰ ਛੱਡ ਜਾ। ਭਰੋਸੇਯੋਗ ਸੈਨਿਕ ਨੂੰ, ਜਿਹੜਾ ਆਪਣਾ ਮੂੰਹ ਬੰਦ ਰੱਖ ਸਕਦਾ ਹੋਵੇ। ਸਮਝ ਗਿਆ? ਮੈਂ ਉਹਦੇ ਕੋਲ ਜਾ ਕੇ ਸਿਗਰਟ ਪੀਆਂਗਾ ਤੇ ਉਹਨੂੰ ਟੋਹਵਾਂਗਾ। ਸਰਹੱਦੀ ਚੌਕੀ ਦੇ ਕਮਾਂਡਰ ਨੂੰ ਖਬਰਦਾਰ ਕਰ ਦੇ ਕਿ ਹੋ ਸਕਦਾ ਹੈ—ਇਹ ਕਹਿਣਾ ਨਾ ਭੁਲੀਂ—ਕਿ ਹੋ ਸਕਦਾ ਹੈ ਰਾਤ ਦਸ ਵਜੇ ਇਕ ਸੂਹੀਆ ਟੋਲੀ ਦਰਿਆ ਪਾਰ ਕਰੇ। ਓਦੋਂ ਤੱਕ ਸਾਰੀਆਂ ਚੌਕੀਆਂ ਨੂੰ ਖਬਰਦਾਰ ਕਰਨਾ ਜ਼ਰੂਰੀ ਹੈ। ਅਤੇ ਆਪ ਉਹ ਕੰਢੇ ਦੀ ਸਭ ਤੋਂ ਨੇੜੇ ਵਾਲੀ ਵੱਡੀ ਖੰਦਕ ਵਿਚ ਰਹੇ, ਜਿਥੇ ਉਹਨਾਂ ਦੀ ਮਸ਼ੀਨਗੱਨ ਹੈ," ਖੋਲਿਨ ਨੇ ਹਿਠਾੜ ਵੱਲ ਇਸ਼ਾਰਾ ਕਰਦਿਆਂ ਆਖਿਆ। "ਜੇ ਉਹਨਾਂ ਸਾਡੇ ਉਤੇ, ਵਾਪਸ ਮੁੜਦੇ ਵੇਲੇ, ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਮੈਂ ਧੌਣ ਮਰੋੜਾਂਗਾ ਉਹਦੀ! ਇਹ ਕਿਸ ਨੇ, ਕਿਉਂ, ਕਾਹਦੇ ਲਈ ਕੀਤਾ ਮੈਂ ਇਕ ਲਫਜ਼ ਨਹੀਂ ਸੁਣਨਾ। ਯਾਦ ਰੱਖ, ਇਵਾਨ ਬਾਰੇ ਸਿਰਫ ਤੈਨੂੰ ਹੀ ਪਤਾ ਹੈ। ਮੈਂ ਤੇਰੇ ਕੋਲੋਂ ਲਿਖਤੀ ਰੂਪ ਵਿਚ ਕੁਝ ਨਹੀਂ ਲਿਆ, ਪਰ ਜੇ ਤੂੰ ਮੂੰਹ ਖੋਹਲਿਆਂ ਤਾਂ ਮੈਂ..."

"ਤੂੰ ਮੈਨੂੰ ਡਰਾਉਂਦਾ ਕਿਉਂ ਏਂ ?" ਮੈਂ ਰੋਸ ਨਾਲ ਆਖਿਆ। "ਮੈਂ ਕੋਈ ਨਿਆਣਾ ਬੱਚਾ ਤਾਂ ਨਹੀਂ, ਹੈਂ?"

"ਖਿਆਲ ਤਾਂ ਮੇਰਾ ਵੀ ਏਹੋ ਹੈ। ਤੂੰ ਨਾਰਾਜ਼ ਨਾ ਹੋ।" ਉਸ ਨੇ ਮੇਰੇ ਮੋਢੇ ਨੂੰ ਥਾਪੜਿਆ। "ਮੈਂ ਤੈਨੂੰ ਚਿਤਾਵਣੀ ਦੇਣਾ ਚਾਹੁੰਦਾ ਸੀ। ਤੇ ਹੁਣ, ਕੰਮ ਕਰੀਏ।"

ਕਾਤਾਸੋਨੋਵ ਪਹਿਲਾਂ ਹੀ ਚੱਪੂ-ਕੜਿਆਂ ਨੂੰ ਗਰੀਜ਼ ਦੇ ਰਿਹਾ ਸੀ। ਖੋਲਿਨ ਕਿਸ਼ਤੀ ਕੋਲ ਜਾ ਕੇ ਕੰਮ ਲੱਗ ਪਿਆ। ਮੈਂ ਇਕ ਮਿੰਟ ਓਥੇ ਖੜਾ ਰਿਹਾ ਤੇ ਫੇਰ ਕੰਢੇ ਕੰਢੇ ਲਹਿੰਦੇ ਵੱਲ ਤੁਰ ਪਿਆ।

ਥੋੜਾ ਦੂਰ ਜਾ ਕੇ ਹੀ ਮੈਨੂੰ ਸਰਹੱਦੀ ਚੌਕੀ ਦੀ ਪਲਟਣ ਦਾ ਕਮਾਂਡਰ ਮਿਲ ਪਿਆ। ਉਹ ਚੌਕੀਆਂ ਦੀ ਪੜਤਾਲ ਕਰਦਾ ਹੋਇਆ ਖੰਦਕਾਂ ਦਾ ਚੱਕਰ ਲਾ ਰਿਹਾ ਸੀ। ਜੋ ਕੁਝ ਮੈਨੂੰ ਖੋਲਿਨ ਨੇ ਆਖਿਆ ਓਹਦੇ ਮੁਤਾਬਿਕ ਉਸ ਨੂੰ ਹਦਾਇਤ ਦਿੱਤੀ ਤੇ ਬਟਾਲੀਅਨ ਦੇ ਹੈਡ-ਕੁਆਰਟਰ ਚਲਾ ਗਿਆ। ਓਥੇ ਮੈਂ ਕੁਝ ਹੁਕਮ ਸੁਣਾਏ ਤੇ ਕੁਝ ਕਾਗ਼ਜ਼ਾਂ ਉਤੇ ਦਸਖ਼ਤ ਕੀਤੇ ਤੇ ਫੇਰ ਆਪਣੇ ਮੋਰਚੇ ਵੱਲ ਮੁੜ ਪਿਆ।

ਮੁੰਡਾ ਇਕੱਲਾ ਸੀ। ਉਹ ਲੋਹੇ ਲਾਖਾ ਹੋਇਆ ਜੋਸ਼ ਵਿਚ ਆਇਆ ਹੋਇਆ ਸੀ। ਛੁਰੀ ਉਹਦੇ ਹੱਥਾਂ ਵਿਚ ਸੀ ਤੇ ਮੇਰੀ ਦੂਰਬੀਨ ਉਹਨੇ ਆਪਣੇ ਗਲ ਵਿਚ ਲਟਕਾਈ ਹੋਈ ਸੀ। ਉਹਦੇ ਚਿਹਰੇ ਉਤੇ ਦੋਸ਼ੀਆਂ ਵਾਲਾ ਭਾਵ ਸੀ। ਮੋਰਚੇ ਅੰਦਰ ਸਭ ਕੁਝ ਉਲਟ-ਪੁਲਟ ਹੋਇਆ ਪਿਆ ਸੀ। ਮੇਜ਼ ਮੂਧਾ ਕੀਤਾ ਹੋਇਆ ਤੇ ਉਹਨੂੰ ਕੰਬਲ ਨਾਲ ਢੱਕਿਆ ਹੋਇਆ ਸੀ ਤੇ ਸਟੂਲ ਦੀਆਂ ਲੱਤਾਂ ਫੱਟੇ ਦੇ ਹੇਠੋਂ ਬਾਹਰ ਨਿਕਲੀਆਂ ਹੋਈਆਂ ਸਨ।

"ਸੁਣ, ਤੂੰ ਗੁੱਸੇ ਨਾ ਹੋ," ਮੁੰਡੇ ਨੇ ਮੇਰਾ ਤਰਲਾ ਲਿਆ। "ਮੈਂ ਐਵੇਂ ਹੀ, ਕਸਮ ਨਾਲ, ਬਸ ਐਵੇਂ ਹੀ..."

ਤੇ ਫੇਰ ਮੈਂ ਵੇਖਿਆ, ਫਰਸ਼ ਦੇ ਫੱਟਿਆਂ ਉਤੇ, ਜਿਹੜੇ ਅੱਜ ਸਵੇਰੇ ਹੀ ਕੂਚ ਕੂਚ ਕੇ ਲਿਸ਼ਕਾਏ ਗਏ ਸਨ, ਸਿਆਹੀ ਦਾ ਵੱਡਾ ਸਾਰਾ ਦਾਗ਼ ਪਿਆ ਹੋਇਆ ਸੀ।

"ਤੂੰ ਮੇਰੇ ਨਾਲ ਗੁੱਸੇ ਤਾਂ ਨਹੀਂ ?" ਉਸ ਨੇ ਮੇਰੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾ ਕੇ ਆਖਿਆ।

"ਬਿਲਕੁਲ ਨਹੀਂ," ਮੈਂ ਜਵਾਬ ਦਿੱਤਾ ਭਾਵੇਂ ਮੋਰਚੇ ਵਿਚ ਸਭ ਕੁਝ ਉਲਟ-ਪੁਲਟ ਤੇ ਫਰਸ਼ ਉਤੇ ਦਾਗ਼ ਵੇਖ ਕੇ ਮੈਂ ਬਹੁਤ ਔਖਾ ਹੋਇਆ ਸੀ।

ਮੈਂ ਕੁਝ ਬੋਲੇ ਬਗੈਰ ਸਾਰੀਆਂ ਚੀਜ਼ਾਂ ਥਾਓਂ ਥਾਈਂ ਕੀਤੀਆਂ। ਮੁੰਡਾ ਮੇਰਾ ਹੱਥ ਵਟਾਉਂਦਾ ਰਿਹਾ। ਉਸ ਨੇ ਦਾਗ਼ ਵੱਲ ਵੇਖਿਆ ਤੇ ਆਖਿਆ :

"ਥੋੜਾ ਜਿਹਾ ਗਰਮ ਪਾਣੀ ਚਾਹੀਦਾ ਏ। ਪਾਣੀ ਤੇ ਸਾਬਣ... ਮੈਂ ਇਸ ਦਾਗ਼ ਨੂੰ ਸਾਫ ਕਰ ਦੇਂਦਾ।"

"ਕੋਈ ਲੋੜ ਨਹੀਂ। ਤੇਰੇ ਬਗੈਰ ਹੀ ਹੋ ਜਾਊ।"

ਮੈਨੂੰ ਭੁਖ ਲੱਗੀ ਹੋਈ ਸੀ ਤੇ ਮੈਂ ਫੋਨ ਉਤੇ ਛੇ ਜਣਿਆਂ ਵਾਸਤੇ ਖਾਣਾ ਲਿਆਉਣ ਦਾ ਹੁਕਮ ਕੀਤਾ। ਮੈਂ ਮਹਿਸੂਸ ਕਰਦਾ ਸਾਂ ਕਿ ਖੋਲਿਨ ਤੇ ਕਾਤਾਸੋਨੋਵ ਨੂੰ ਵੀ ਬੇੜੀ ਨਾਲ ਟਕਰਾਂ ਮਾਰਨ ਤੋਂ ਮਗਰੋਂ ਓਨੀ ਹੀ ਭੁਖ ਲੱਗੀ ਹੋਵੇਗੀ ਜਿੰਨੀ ਮੈਨੂੰ ਲੱਗੀ ਹੋਈ ਸੀ।

ਜਾਸੂਸਾਂ ਬਾਰੇ ਕਹਾਣੀ ਵਾਲੇ ਰਸਾਲੇ ਨੂੰ ਵੇਖ ਕੇ ਮੈਂ ਮੁੰਡੇ ਨੂੰ ਪੁੱਛਿਆ :

"ਕਿਉਂ, ਪੜ੍ਹ ਲਈ ?"

"ਹੂੰ! ਲੂੰ ਕੰਡੇ ਖੜੇ ਕਰਨ ਵਾਲੀ ਹੈ! ਪਰ ਸੱਚੀ ਗੱਲ ਇਹ ਹੈ ਕਿ ਇਸ ਤਰ੍ਹਾਂ ਹੁੰਦਾ ਨਹੀਂ। ਅੱਖ ਪਲਕਾਰੇ ਵਿਚ ਸਭ ਕੁਝ ਹੋ ਜਾਂਦਾ ਹੈ। ਪਰ ਬਾਦ ਵਿਚ ਮੁੰਡਿਆਂ ਨੂੰ ਤਮਗ਼ੇ ਮਿਲਦੇ ਨੇ।"

"ਤੈਨੂੰ ਤਮਗ਼ਾ ਕਾਹਦੇ ਵਾਸਤੇ ਮਿਲਿਆ ਸੀ ?" ਮੈਂ ਪੁੱਛਿਆ।

"ਓਦੋਂ ਮੈਂ ਛਾਪੇਮਾਰਾਂ ਨਾਲ ਹੁੰਦਾ ਸਾਂ।"

"ਤੂੰ ਛਾਪੇਮਾਰ ਸੀ ?" ਮੈਂ ਇਵੇਂ ਹੈਰਾਨ ਹੋ ਕੇ ਪੁੱਛਿਆ ਜਿਵੇਂ ਇਹ ਗੱਲ ਮੈਂ ਪਹਿਲੀ ਵਾਰੀ ਸੁਣੀ ਹੋਵੇ। "ਫੇਰ ਆ ਕਿਉਂ ਗਿਆ ?"

"ਅਸੀਂ ਜੰਗਲ ਵਿਚ ਘੇਰੇ ਗਏ ਸਾਂ, ਤੇ ਮੈਨੂੰ ਇਕ ਹਵਾਈ ਜਹਾਜ਼ ਵਿਚ ਉਡਾ ਲਿਆਂਦਾ। ਬੋਰਡਿੰਗ ਸਕੂਲ ਵਿਚ ਭੇਜ ਦਿੱਤਾ। ਪਰ ਮੈਂ ਥੋੜੇ ਦਿਨਾਂ ਮਗਰੋਂ ਨੌਂ ਦੋ ਗਿਆਰਾਂ ਹੋ ਗਿਆ।"

"ਨੌਂ ਦੋ ਗਿਆਰਾਂ ਹੋ ਗਿਆ ?"

"ਹਾਂ। ਬੜੀ ਬੁਰੀ ਹਾਲਤ ਸੀ। ਮੈਂ ਹੋਰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਵਿਹਲੇ ਬੈਠਿਆਂ ਚੰਗਾ ਚੋਖਾ ਖਾਣਾ। ਤੇ ਸਿਰਫ ਇਹ ਰੱਟਾ ਲਾਈ ਜਾਣਾ: ਮੱਛੀਆਂ ਕੰਗਰੋੜ ਵਾਲੇ ਦਰਿਆਈ ਜਨੌਰ ਹੁੰਦੀਆਂ ਨੇ। ਜਾਂ ਇਹ ਕਿ ਆਦਮੀ ਦੀ ਜ਼ਿੰਦਗੀ ਵਿਚ ਬੂਟੇ ਖਾਣ ਵਾਲੇ ਜਾਨਵਰਾਂ ਦੀ ਕੀ ਥਾਂ ਹੈ।"

"ਇਹਨਾਂ ਗੱਲਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ।"

"ਚਾਹੀਦਾ ਹੈ। ਪਰ ਹਾਲੇ ਮੈਨੂੰ ਇਸ ਦੀ ਕੀ ਲੋੜ ਹੈ? ਕੀ ਫਾਇਦਾ? ਮਹੀਨਾ ਕੁ ਬਰਦਾਸ਼ਤ ਕੀਤਾ। ਰਾਤ ਨੂੰ ਲੰਮਾ ਪਿਆ ਸੋਚਦਾ ਰਹਿੰਦਾ, ਮੈਂ ਏਥੇ ਕੀ ਕਰ ਰਿਹਾ ਹਾਂ? ਕਿਉਂ ਹਾਂ?"

"ਬੋਰਡਿੰਗ ਸਕੂਲ, ਕੋਈ ਖਾਸ ਗੱਲ ਨਹੀਂ," ਮੈਂ ਸਹਿਮਤ ਸਾਂ। "ਤੈਨੂੰ ਲੋੜ ਹੈ ਦੂਜੇ ਸਕੂਲ ਦੀ, ਸੂਵੋਰੋਵ ਸਕੂਲ ਦੀ। ਕਾਸ਼! ਤੂੰ ਓਥੇ ਚਲਾ ਜਾਵੇਂ!"

"ਖੋਲਿਨ ਨੇ ਪੜ੍ਹਾ ਦਿੱਤੀ ਹੈ ਤੈਨੂੰ ਇਹ ਗੱਲ?" ਮੁੰਡੇ ਨੇ ਸ਼ੱਕੀ ਨਜ਼ਰਾਂ ਨਾਲ ਮੇਰੇ ਵੱਲ ਵੇਖ ਕੇ ਜਲਦੀ ਨਾਲ ਪੁੱਛਿਆ।

"ਖੋਲਿਨ ਦਾ ਇਹਦੇ ਨਾਲ ਕੀ ਮਤਲਬ? ਮੈਂ ਖੁਦ ਇਸ ਤਰ੍ਹਾਂ ਸੋਚਦਾ ਹਾਂ। ਤੂੰ ਲੜਾਈ ਵਿਚ ਆਪਣਾ ਹਿੱਸਾ ਪਾ ਲਿਆ ਹੈ—ਛਾਪੇਮਾਰਾਂ ਨਾਲ ਤੇ ਸੂਹੀਆਂ ਨਾਲ। ਤੂੰ ਨਾਮਣਾ ਖੱਟ ਲਿਆ ਹੈ। ਹੁਣ ਤੈਨੂੰ ਚਾਹੀਦਾ ਹੈ, ਆਰਾਮ ਕਰੇਂ ਤੇ ਸਿਖਾਈ ਪੜ੍ਹਾਈ ਕਰੇਂ। ਤੈਨੂੰ ਪਤਾ ਹੈ, ਤੂੰ ਕੇਡਾ ਵਧੀਆ ਅਫਸਰ ਬਣੇਂਗਾ?"

"ਇਹ ਤੈਨੂੰ ਖੋਲਿਨ ਨੇ ਪੜ੍ਹਾਇਆ ਹੈ!" ਮੁੰਡੇ ਨੇ ਯਕੀਨ ਨਾਲ ਫੇਰ ਆਖਿਆ। "ਪਰ ਬੇਫਾਇਦਾ! ਅਫਸਰ ਬਣਨ ਵਾਸਤੇ ਬੜਾ ਵਕਤ ਪਿਆ ਹੈ। ਇਸ ਵੇਲੇ ਲੜਾਈ ਹੋ ਰਹੀ ਹੈ, ਆਰਾਮ ਤਾਂ ਕੋਈ ਨਿਕੰਮਾ ਆਦਮੀ ਹੀ ਕਰ ਸਕਦਾ ਹੈ।"

"ਇਹ ਠੀਕ ਹੈ, ਪਰ ਤੂੰ ਹਾਲੇ ਬੱਚਾ ਏਂ।"

"ਬੱਚਾ? ਤੂੰ ਕਦੇ ਮੌਤ ਦੇ ਕੈਂਪ ਵਿਚ ਗਿਆ ਏਂ?" ਉਸ ਨੇ ਅਚਾਨਕ ਪੁੱਛਿਆ। ਉਸ ਦੀਆਂ ਅੱਖਾਂ ਵਿਚੋਂ ਸਿਆਣਿਆਂ ਵਰਗੀ ਘਿਰਣਾ ਦੀ ਅੱਗ

ਵਰ੍ਹ ਰਹੀ ਸੀ ਤੇ ਉਹਦਾ ਉਪਰਲਾ ਪਤਲਾ ਜਿਹਾ ਬੁਲ੍ਹ ਪੀੜ ਨਾਲ਼ ਫਰਕ ਰਿਹਾ ਸੀ। "ਇਹ ਤੂੰ ਮੈਨੂੰ ਕੀ ਸਿਖਾ ਰਿਹਾ ਏਂ?" ਉਹ ਜੋਸ਼ ਵਿਚ ਆ ਕੇ ਕੜਕਿਆ। "ਤੈਨੂੰ... ਤੈਨੂੰ ਕੁਝ ਪਤਾ ਨਹੀਂ... ਆਪਣੇ ਕੋਲ ਹੀ ਰੱਖ ਆਪਣੀ ਮੱਤ।"

ਕੁਝ ਚਿਰ ਬਾਦ ਖੋਲਿਨ ਅੰਦਰ ਆਇਆ। ਉਸ ਨੇ ਪਲਾਈਵੁਡ ਦਾ ਛੋਟਾ ਜਿਹਾ ਸੂਟਕੇਸ ਧੱਕ ਕੇ ਫੱਟੇ ਦੇ ਹੇਠਾਂ ਕਰ ਦਿੱਤਾ ਤੇ ਸਟੂਲ ਉਤੇ ਬੈਠ ਕੇ ਬੜੇ ਚਾਅ ਨਾਲ ਸਿਗਰਟ ਦੇ ਲੰਮੇ ਲੰਮੇ ਸੂਟੇ ਮਾਰਨ ਲੱਗਾ।

"ਹਰ ਵਕਤ ਸਿਗਰਟ," ਮੁੰਡੇ ਨੇ ਨਾਪਸੰਦੀ ਨਾਲ ਆਖਿਆ। ਉਹ ਛੁਰੀ ਦੀਆਂ ਤਾਰੀਫਾਂ ਕਰ ਰਿਹਾ ਸੀ ਤੇ ਉਸ ਨੂੰ ਖੋਲ ਵਿਚੋਂ ਕੱਢ ਕੇ ਸੱਜੇ ਖੱਬੇ ਪਲਟਾ ਕੇ ਵੇਖ ਰਿਹਾ ਸੀ। "ਸਿਗਰਟ ਨਾਲ ਫੇਫੜੇ ਹਰੇ ਹੋ ਜਾਂਦੇ ਨੇ।"

"ਹਰੇ?" ਖੋਲਿਨ ਨੇ ਬੇਧਿਆਨੀ ਨਾਲ ਮੁਸਕ੍ਰਾ ਕੇ ਸਵਾਲ ਕੀਤਾ। "ਫੇਰ ਕੀ ਹੋਇਆ? ਉਹਨਾਂ ਨੂੰ ਕੋਈ ਵੇਖਦਾ ਨਹੀਂ।"

"ਮੈਂ ਨਹੀਂ ਚਾਹੁੰਦਾ ਕਿ ਤੂੰ ਸਿਗਰਟ ਪੀਵੇਂ। ਮੇਰੇ ਸਿਰ ਨੂੰ ਪੀੜ ਲੱਗ ਜਾਂਦੀ ਹੈ।"

"ਠੀਕ ਹੈ, ਮੈਂ ਬਾਹਰ ਚਲਾ ਜਾਂਦਾ ਹਾਂ।"

ਖੋਲਿਨ ਉਠ ਕੇ ਖੜਾ ਹੋ ਗਿਆ ਤੇ ਉਸ ਨੇ ਮੁਸਕ੍ਰਾ ਕੇ ਮੁੰਡੇ ਵੱਲ ਵੇਖਿਆ। ਉਸ ਦਾ ਲਾਲ ਹੋ ਗਿਆ ਚਿਹਰਾ ਵੇਖ ਕੇ ਉਸ ਨੇ ਕੋਲ ਹੋ ਕੇ ਮੁੰਡੇ ਦੇ ਮੱਥੇ ਉਤੇ ਹੱਥ ਰੱਖਿਆ। ਹੁਣ ਉਹਦੀ ਵਾਰੀ ਸੀ ਨਾਪਸੰਦੀ ਜ਼ਾਹਿਰ ਕਰਨ ਦੀ:

"ਤੂੰ ਫੇਰ ਖੇਡਦਾ ਰਿਹਾ ਏਂ? ਇਹ ਚੰਗੀ ਗੱਲ ਨਹੀਂ। ਲੇਟ ਜਾ ਤੇ ਆਰਾਮ ਕਰ। ਚਲ, ਪੈ ਜਾ ਲੰਮਾ!"

ਮੁੰਡਾ ਫਰਮਾਬਰਦਾਰ ਬਣ ਕੇ ਫੱਟੇ ਉਤੇ ਲੰਮਾ ਪੈ ਗਿਆ। ਖੋਲਿਨ ਨੇ ਇਕ ਹੋਰ ਸਿਗਰਟ ਕੱਢੀ, ਬਲਦੀ ਸਿਗਰਟ ਦੇ ਰਹਿੰਦੇ ਟੋਟੇ ਨਾਲ ਇਸ ਨੂੰ ਸੁਲਘਾਇਆ, ਤੇ ਫੇਰ ਆਪਣਾ ਵੱਡਾ ਕੋਟ ਮੋਢਿਆਂ ਉਤੇ ਸੁਟ ਕੇ ਬਾਹਰ ਚਲਾ ਗਿਆ। ਮੈਂ ਵੇਖਿਆ ਕਿ ਜਦੋਂ ਉਸ ਨੇ ਸਿਗਰਟ ਸੁਲਘਾਈ ਸੀ ਓਦੋਂ ਉਹਦੇ ਹੱਥ ਥੋੜੇ ਥੋੜੇ ਕੰਬ ਰਹੇ ਸਨ। ਹੋ ਸਕਦਾ ਹੈ ਕਿ ਮੈਂ "ਕਮਜ਼ੋਰ



ਜਿਗਰੇ" ਵਾਲਾ ਹੋਵਾਂ ਪਰ ਕਾਰਵਾਈ ਕਰਨ ਦੇ ਮੌਕੇ ਉਹ ਵੀ ਘਬਰਾਇਆ ਹੋਇਆ ਜਾਪਦਾ ਸੀ। ਮੈਂ ਅਨੁਭਵ ਕੀਤਾ ਕਿ ਉਹ ਇਕ ਤਰ੍ਹਾਂ ਨਾਲ ਬੇਧਿਆਨਾ ਤੇ ਫਿਕਰਮੰਦ ਲੱਗਦਾ ਸੀ। ਉਹ ਭਾਵੇਂ ਤਿੱਖੀ ਨਜ਼ਰ ਵਾਲਾ ਸੀ ਪਰ ਫਰਸ਼ ਉਤਲੇ ਸਿਆਹੀ ਦੇ ਦਾਗ ਵੱਲ ਉਹਦਾ ਧਿਆਨ ਨਹੀਂ ਗਿਆ। ਕੁਲ ਮਿਲ ਕੇ ਉਹ ਮੈਨੂੰ ਅਜੀਬ ਜਿਹਾ ਜਾਪਿਆ ਸੀ। ਹੋ ਸਕਦਾ ਹੈ ਇਹ ਸਿਰਫ ਮੇਰਾ ਭਰਮ ਹੀ ਹੋਵੇ।

ਬਾਹਰ ਜਾ ਕੇ ਦਸ ਕੁ ਮਿੰਟ ਸਿਗਰਟ ਪੀਣ ਮਗਰੋਂ (ਪ੍ਰਤੱਖ ਤੌਰ ਤੇ, ਲਗਾਤਾਰ) ਉਹ ਅੰਦਰ ਆਇਆ ਤੇ ਮੈਨੂੰ ਆਖਿਆ:

"ਕੋਈ ਡੇੜ ਘੰਟੇ ਵਿਚ ਅਸੀਂ ਤੁਰ ਪਵਾਂਗੇ। ਆ ਕੁਝ ਖਾ ਪੀ ਲਈਏ।"

"ਕਾਤਾਸੋਨੋਵ ਕਿਥੇ ਹੈ?" ਮੁੰਡੇ ਨੇ ਪੁੱਛਿਆ।

"ਉਸ ਨੂੰ ਡੀਵੀਜ਼ਨ ਦੇ ਕਮਾਂਡਰ ਨੇ ਤੁਰਤ ਬੁਲਾ ਭੇਜਿਆ ਸੀ। ਉਹ ਚਲਾ ਗਿਆ ਹੈ।"

"ਚਲਾ ਗਿਆ ਹੈ!" ਮੁੰਡਾ ਜਲਦੀ ਨਾਲ ਉਠ ਕੇ ਬਹਿ ਗਿਆ। "ਮੈਨੂੰ ਮਿਲੇ ਬਗੈਰ ਹੀ, ਸ਼ੁਭ-ਇੱਛਾ ਆਖੇ ਬਗੈਰ ਹੀ ਚਲਾ ਗਿਆ?"

"ਨਹੀਂ ਸੀ ਮਿਲ ਸਕਦਾ। ਫੌਰਨ ਬੁਲਾਇਆ ਸੀ," ਖੋਲਿਨ ਨੇ ਸਪਸ਼ਟ ਕੀਤਾ। "ਮੈਨੂੰ ਆਪ ਸਮਝ ਨਹੀਂ ਆਈ ਕਿ ਓਥੇ ਕੀ ਹੋਇਆ ਹੈ। ਉਹ ਚੰਗੀ ਤਰ੍ਹਾਂ ਜਾਣਦੇ ਨੇ ਕਿ ਉਸ ਦੀ ਸਾਨੂੰ ਲੋੜ ਹੈ।"

"ਪਲ ਦਾ ਪਲ ਆ ਸਕਦਾ ਸੀ। ਦੋਸਤ ਸੀ...," ਮੁੰਡੇ ਨੇ ਦਰਦਭਰੀ, ਬੇਚੈਨ ਆਵਾਜ਼ ਵਿਚ ਆਖਿਆ। ਉਹ ਸਚਮੁਚ ਹੀ ਪ੍ਰੇਸ਼ਾਨ ਹੋ ਗਿਆ ਸੀ।

ਉਹ ਅੱਧਾ ਕੁ ਮਿੰਟ ਚੁਪ ਕੀਤਾ ਕੰਧ ਵੱਲ ਮੂੰਹ ਕਰ ਕੇ ਲੰਮਾ ਪਿਆ ਰਿਹਾ। ਫੇਰ ਪਾਸਾ ਮੋੜ ਕੇ ਉਸ ਨੇ ਪੁੱਛਿਆ:

"ਸੋ ਅਸੀਂ ਦੋਵੇਂ ਹੀ ਜਾਵਾਂਗੇ?"

"ਨਹੀਂ, ਤਿੰਨੋ। ਇਹ ਵੀ ਸਾਡੇ ਨਾਲ ਜਾਏਗਾ," ਖੋਲਿਨ ਨੇ ਮੇਰੇ ਵੱਲ ਸਿਰ ਹਿਲਾ ਕੇ ਸੈਣਤ ਕਰਦਿਆਂ ਆਖਿਆ।

ਮੈਂ ਡੌਰ ਭੌਰ ਹੋ ਕੇ ਉਹਦੇ ਵੱਲ ਝਾਕਿਆ ਤੇ ਫੇਰ ਇਹ ਵੇਖ ਕੇ, ਕਿ ਉਹ ਮਖ਼ੌਲ ਕਰਦਾ ਸੀ, ਮੈਂ ਮੁਸਕ੍ਰਾਇਆ।

"ਇਉਂ ਮੁਸਕ੍ਰਾਉਣ ਦੀ ਤੇ ਝਾਕਣ ਦੀ ਨਹੀਂ ਲੋੜ ਜਿਵੇਂ ਗਊ ਨਵੇਂ ਫਾਟਕ ਵੱਲ ਝਾਕਦੀ ਹੈ। ਮੈਂ ਗੰਭੀਰਤਾ ਨਾਲ ਕਹਿ ਰਿਹਾ ਹਾਂ," ਉਸ ਦੇ ਚਿਹਰੇ ਉਤੇ ਗੰਭੀਰਤਾ ਅਤੇ ਸਗੋਂ ਉਤਸੁਕਤਾ ਦੀ ਝਲਕ ਸੀ।

ਮੈਨੂੰ ਅਜੇ ਵੀ ਯਕੀਨ ਨਹੀਂ ਸੀ ਆਇਆ ਪਰ ਮੈਂ ਚੁੱਪ ਕੀਤਾ ਰਿਹਾ।

"ਤੂੰ ਆਪ ਹੀ ਤਾਂ ਜਾਣਾ ਚਾਹੁੰਦਾ ਸੀ। ਤੂੰ ਆਖਿਆ ਵੀ ਸੀ। ਤੇ ਹੁਣ ਤੂੰ ਡਰ ਰਿਹਾ ਏਂ?" ਉਸ ਨੇ ਪੁੱਛਿਆ। ਉਸ ਨੇ ਕਠੋਰ ਤੇ ਘਿਰਣਾ ਭਰੀਆਂ ਨਜ਼ਰਾਂ ਮੇਰੇ ਉਤੇ ਗੱਡ ਕੇ ਵੇਖਿਆ।

ਅਚਾਨਕ ਮੈਨੂੰ ਸਮਝ ਆ ਗਈ ਕਿ ਉਹ ਮਖ਼ੌਲ ਨਹੀਂ ਸੀ ਕਰਦਾ।

"ਮੈਂ ਡਰਦਾ ਨਹੀਂ!" ਮੈਂ ਆਪਣੀਆਂ ਸੋਚਾਂ ਨੂੰ ਇਕਾਗਰ ਕਰਨ ਦੀ ਕੋਸ਼ਿਸ਼ ਕਰਦਿਆਂ, ਡਟ ਕੇ ਆਖਿਆ। "ਇਹ ਬੜੀ ਅਚਨਚੇਤੀ ਗੱਲ ਸੀ..."

"ਜ਼ਿੰਦਗੀ ਵਿਚ ਸਭ ਕੁਝ ਅਚਨਚੇਤ ਹੀ ਹੁੰਦਾ ਹੈ।" ਖੋਲਿਨ ਨੇ ਸੋਚਾਂ

6-284

ਵਿਚ ਡੁਬ ਕੇ ਆਖਿਆ। "ਮੈਂ ਤੈਨੂੰ ਘੜਨਾ ਨਹੀਂ ਸੀ, ਯਕੀਨ ਕਰ ਤੂੰ, ਪਰ ਕੋਈ ਚਾਰਾ ਨਹੀਂ। ਕਾਤਾਸੋਨੋਵ ਨੂੰ ਫੌਰਨ ਬੁਲਾ ਲਿਆ ਗਿਆ ਹੈ, ਸਮਝਦਾ ਏਂ। ਕੋਈ ਖਤਰੇ ਵਾਲੀ ਗੱਲ ਏ। ਪਰ ਸਮਝ ਨਹੀਂ ਆਉਂਦੀ ਕਿ ਓਥੇ ਹੋਇਆ ਕੀ ਹੈ। ਅਸੀਂ ਦੋ ਘੰਟਿਆਂ ਵਿਚ ਮੁੜ ਆਵਾਂਗੇ," ਉਸ ਨੇ ਮੈਨੂੰ ਯਕੀਨ ਕਰਾਇਆ। "ਪਰ ਫੈਸਲਾ ਤੂੰ ਆਪੇ ਕਰ। ਆਪੇ ਹੀ। ਮਗਰੋਂ ਕਿਸੇ ਗੱਲ ਦਾ ਮੈਨੂੰ ਦੋਸ਼ ਨਾ ਦੇਵੀਂ। ਜੇ ਪਤਾ ਲੱਗ ਗਿਆ ਕਿ ਬਗੈਰ ਇਜਾਜ਼ਤ ਦੇ ਤੂੰ ਪਾਰ ਗਿਆ ਸੀ ਤਾਂ ਸਾਡੀ ਦੋਹਾਂ ਦੀ ਸ਼ਾਮਤ ਆ ਜਾਏਗੀ। ਸੋ ਮਗਰੋਂ ਰਊਂ ਰਊਂ ਨਾ ਕਰੀਂ: 'ਖੋਲਿਨ ਨੇ ਕਿਹਾ ਸੀ, ਖੋਲਿਨ ਨੇ ਮੈਨੂੰ ਆਖਿਆ ਸੀ, ਖੋਲਿਨ ਨੇ ਮੈਨੂੰ ਚੁਕਿਆ ਸੀ!' ਯਾਦ ਰੱਖ, ਇਸ ਕੰਮ ਲਈ ਤੂੰ ਆਪ ਹੀ ਆਖਿਆ ਸੀ। ਹੁਣ ਚਲ, ਭਾਵੇਂ ਨਾ ਚਲ? ਮੈਨੂੰ ਤਾਂ ਝਾੜ ਪਵੇਗੀ ਹੀ, ਪਰ ਸਜ਼ਾ ਤੋਂ ਬਰੀ ਤੂੰ ਵੀ ਨਹੀਂ ਹੋਣਾ। ਆਪਣੀ ਥਾਂ ਉਤੇ ਕਿਸ ਨੂੰ ਛੱਡ ਕੇ ਜਾਵੇਂਗਾ?" ਕੁਝ ਚਿਰ ਚੁੱਪ ਰਹਿ ਕੇ ਉਸ ਨੇ ਪੁੱਛਿਆ।

"ਆਪਣੇ ਰਾਜਸੀ ਸਹਾਇਕ—ਕਲਬਾਸੋਵ ਨੂੰ," ਇਕ ਪਲ ਸੋਚਣ ਮਗਰੋਂ ਮੈਂ ਆਖਿਆ। "ਬੜਾ ਹੌਸਲੇ ਵਾਲਾ ਜਵਾਨ ਹੈ।"

"ਹੌਸਲੇ ਵਾਲਾ ਜਵਾਨ ਹੈ। ਪਰ ਮੇਰਾ ਉਹਦੇ ਨਾਲ ਕੀ ਸਰੋਕਾਰ ਹੈ। ਰਾਜਸੀ ਸਹਾਇਕ ਅਸੂਲਾਂ ਦੇ ਬੜੇ ਪੱਕੇ ਹੁੰਦੇ ਨੇ। ਤੁਹਾਨੂੰ ਖਬਰ ਹੋਣ ਤੋਂ ਪਹਿਲਾਂ ਹੀ ਉਹ ਰਾਜਸੀ ਰਿਪੋਰਟਾਂ ਵਿਚ ਤੁਹਾਡੇ ਤੂੰਬੇ ਉੱਡਾ ਦੇਂਦੇ ਨੇ, ਤੇ ਫੇਰ ਰੱਬ ਹੀ ਬਚਾਵੇ!" ਖੋਲਿਨ ਨੇ ਅੱਖਾਂ ਚੜ੍ਹਾ ਕੇ ਮੁਸਕ੍ਰਾਉਂਦੇ ਹੋਏ ਕਿਹਾ।

"ਫੇਰ ਗੁਸ਼ਚਿਨ, ਪੰਜਵੀਂ ਕੰਪਨੀ ਦਾ ਕਮਾਂਡਰ।"

"ਤੂੰ ਜਾਣ ਤੇਰਾ ਕੰਮ, ਆਪੇ ਫੈਸਲਾ ਕਰ!" ਖੋਲਿਨ ਨੇ ਕਿਹਾ। "ਪਰ ਉਸ ਨੂੰ ਇਹ ਨਾ ਦੱਸੀਂ ਕਿ ਇਉਂ ਕਿਸ ਵਾਸਤੇ। ਸਿਰਫ ਸਰਹੱਦੀ ਚੌਕੀ ਨੂੰ ਹੀ ਪਤਾ ਹੋਣਾ ਚਾਹੀਦਾ ਹੈ ਕਿ ਤੂੰ ਦਰਿਆ ਪਾਰ ਕਰ ਕੇ ਪਰਲੇ ਪਾਸੇ ਜਾ ਰਿਹਾ ਏਂ। ਸਮਝ ਗਿਆ? ਫਰਜ਼ ਕਰ ਕਿ ਦੁਸ਼ਮਣ ਆਪਣਾ ਬਚਾ ਕਰ ਰਿਹਾ ਹੈ ਤੇ ਉਹਦੇ ਵਲੋਂ ਕਿਸੇ ਸਰਗਰਮ ਕਾਰਵਾਈ ਦੀ ਆਸ ਨਹੀਂ, ਫੇਰ

ਕੀ ਹੋ ਸਕਦਾ ਹੈ?... ਕੁਝ ਵੀ ਨਹੀਂ। ਇਸ ਤੋਂ ਇਲਾਵਾ, ਤੂੰ ਪਿੱਛੇ ਕਿਸੇ ਨੂੰ ਛੱਡ ਕੇ ਜਾ ਰਿਹਾ ਏਂ, ਤੇ ਦੋ ਘੰਟਿਆਂ ਤੋਂ ਵਧ ਤੂੰ ਵਕਤ ਨਹੀਂ ਲਾਉਣਾ। ਕਿਥੇ? ਜੇ ਲੋੜ ਪੈ ਜਾਏ ਤਾਂ ਤੂੰ ਪਿੰਡ ਨਹੀਂ ਜਾ ਸਕਦਾ? ਆਖਰ ਤੂੰ ਜਿਉਂਦਾ ਜਾਗਦਾ ਆਦਮੀ ਏਂ, ਦਫਾ ਕਰ! ਦੋ ਘੰਟਿਆਂ ਵਿਚ ਅਸੀਂ ਮੁੜ ਆਵਾਂਗੇ... ਵਧ ਤੋਂ ਵਧ ਤਿੰਨ। ਕਿਸੇ ਨਾਲ ਗੱਲ ਕਰਨ ਦੀ ਲੋੜ ਹੀ ਨਹੀਂ।"

...ਉਸ ਨੂੰ ਇਹ ਸਭ ਕੁਝ ਮੈਨੂੰ ਦੱਸਣ ਦੀ ਲੋੜ ਨਹੀਂ ਸੀ। ਬੇਸ਼ਕ, ਇਹ ਗੰਭੀਰ ਮਸਲਾ ਸੀ, ਤੇ ਜੇ ਹੈਡ-ਕੁਆਰਟਰ ਨੂੰ ਪਤਾ ਲੱਗ ਜਾਏ ਤਾਂ ਝਗੜਾ ਹੋ ਸਕਦਾ ਸੀ। ਪਰ ਮੈਂ ਆਪਣਾ ਮਨ ਬਣਾ ਲਿਆ ਸੀ ਤੇ ਮੈਂ ਨਿਕਲਣ ਵਾਲੇ ਨਤੀਜਿਆਂ ਬਾਰੇ ਨਹੀਂ ਸੀ ਸੋਚਦਾ। ਮੈਂ ਹਥਲੇ ਕੰਮ ਤੋਂ ਇਲਾਵਾ ਕਿਸੇ ਗੱਲ ਬਾਰੇ ਸੋਚ ਹੀ ਨਹੀਂ ਸਕਦਾ।

ਮੈਂ ਇਸ ਤੋਂ ਪਹਿਲਾਂ ਜਾਸੂਸੀ ਕਰਨ ਕਦੇ ਨਹੀਂ ਸੀ ਗਿਆ। ਇਹ ਠੀਕ ਹੈ ਕੋਈ ਤਿੰਨ ਮਹੀਨੇ ਪਹਿਲਾਂ ਮੇਰੀ ਕੰਪਨੀ ਲੜਾਈ ਵਿਚ ਜਾਸੂਸੀ ਕਰਦੀ ਰਹੀ ਸੀ ਤੇ ਬੜੀ ਕਾਮਯਾਬੀ ਨਾਲ ਕਰਦੀ ਰਹੀ ਸੀ। ਪਰ ਲੜਾਈ ਵਿਚ ਜਾਸੂਸੀ ਹੈ ਕੀ? ਅਸਲ ਵਿਚ, ਇਕ ਸਾਧਾਰਨ ਧਾਵੇ ਦੀ ਕਾਰਵਾਈ, ਥੋੜ ਚਿਰੀ ਜਿਸ ਨੂੰ ਸੀਮਤ ਸੈਨਾ ਸਿਰੇ ਚਾੜ੍ਹਦੀ ਹੈ।

ਮੈਂ ਕਦੇ ਜਾਸੂਸੀ ਕਰਨ ਨਹੀਂ ਸੀ ਗਿਆ, ਤੇ ਕੁਦਰਤੀ ਹੀ, ਇਸ ਖਿਆਲ ਨੇ ਮੇਰੇ ਅੰਦਰ ਬੜੀ ਉਤਸੁਕਤਾ ਜਗਾਈ ਹੋਈ ਸੀ।

5

ਖਾਣਾ ਦਰਵਾਜ਼ੇ ਅੱਗੇ ਲੈ ਆਂਦਾ ਗਿਆ। ਮੈਂ ਬਾਹਰ ਗਿਆ ਤੇ ਖਾਣੇ ਵਾਲੇ ਬਰਤਨ ਤੇ ਚਾਹਦਾਨੀ ਆਪ ਫੜ ਲਿਆਇਆ। ਮੈਂ ਦਹੀਂ ਵਾਲਾ ਮਿੱਟੀ ਦਾ ਭਾਂਡਾ ਤੇ ਦਮਪੁਖਤਾ ਮਾਸ ਵਾਲਾ ਡੱਬਾ ਵੀ ਮੇਜ਼ ਉਤੇ ਲਿਆ ਰੱਖਿਆ। ਅਸੀਂ ਖਾਣਾ ਖਾਧਾ। ਮੁੰਡੇ ਤੇ ਖੋਲਿਨ ਨੇ ਬਹੁਤ ਥੋੜਾ ਹੀ ਖਾਧਾ, ਤੇ ਮੇਰੀ ਵੀ ਭੁਖ ਮਰ ਗਈ ਸੀ। ਮੁੰਡਾ ਕੁਝ ਨਾਰਾਜ਼ ਤੇ ਉਦਾਸ ਲੱਗ

ਰਿਹਾ ਸੀ। ਜਾਪਦਾ ਸੀ ਕਿ ਉਹਦੇ ਦਿਲ ਨੂੰ ਇਸ ਗੱਲ ਨੇ ਬੜੀ ਸੱਟ ਲਾਈ ਸੀ ਕਿ ਕਾਤਾਸੋਨੋਵ ਉਸ ਨੂੰ ਸ਼ੁਭ-ਇੱਛਾ ਭੇਟ ਕਰਨ ਨਹੀਂ ਸੀ ਆਇਆ। ਖਾਣਾ ਖਾ ਕੇ, ਉਹ ਫੇਰ ਆਪਣੇ ਫੱਟੇ 'ਤੇ ਵਾਪਸ ਚਲਾ ਗਿਆ।

ਜਦੋਂ ਮੇਜ਼ ਸਾਫ ਕਰ ਦਿੱਤਾ ਗਿਆ ਤਾਂ ਖੋਲਿਨ ਨੇ ਉਸ ਉਤੇ ਆਪਣਾ ਨਕਸ਼ਾ ਫੈਲਾਇਆ ਤੇ ਮੈਨੂੰ ਆਪਣੀਆਂ ਵਿਉਂਤਾਂ ਤੋਂ ਜਾਣੂ ਕਰਾਉਣ ਲੱਗਾ।

ਅਸਾਂ ਤਿੰਨਾਂ ਜਣਿਆਂ ਨੇ ਦਰਿਆ ਪਾਰ ਕਰਨਾ ਸੀ ਅਤੇ ਕਿਸ਼ਤੀ ਨੂੰ ਝਾੜੀਆਂ ਵਿਚ ਛੱਡ ਕੇ, ਪਾਣੀ ਦੇ ਨਾਲ ਨਾਲ ਚੜ੍ਹਦੇ ਵੱਲ ਨੂੰ ਕੋਈ ਛੇ ਸੌ ਗਜ਼ ਦੂਰ ਖੱਡ ਤੱਕ ਪੁਜਣਾ ਸੀ। ਖੋਲਿਨ ਨੇ ਨਕਸ਼ੇ ਉਤੇ ਇਹ ਸਾਰੀਆਂ ਥਾਵਾਂ ਵਿਖਾਈਆਂ।

"ਇਸ ਵਿਚ ਕੋਈ ਸ਼ੱਕ ਨਹੀਂ, ਕਿ ਇਸ ਥਾਂ ਵੱਲ ਸਿਧੇ ਜਾਣਾ ਵਧੇਰੇ ਚੰਗਾ ਹੁੰਦਾ, ਪਰ ਓਥੇ ਕੰਢਾ ਬਿਲਕੁਲ ਰੜੀ ਥਾਂ ਹੈ ਤੇ ਕਿਸ਼ਤੀ ਨੂੰ ਕਿਧਰੇ ਲੁਕਾਇਆ ਨਹੀਂ ਜਾ ਸਕਦਾ।" ਉਸ ਨੇ ਸਪਸ਼ਟ ਕੀਤਾ।

ਮੁੰਡੇ ਨੇ ਇਸ ਖੱਡ ਵਿਚੋਂ ਦੀ, ਜਿਹੜੀ ਤੀਜੀ ਬਟਾਲੀਅਨ ਦੇ ਮੋਰਚਿਆਂ ਦੇ ਸਾਮ੍ਹਣੇ ਸੀ, ਦੁਸ਼ਮਣ ਦੀ ਸੁਰਖਿਆ ਦੀ ਅਗਲੀ ਕਤਾਰਬੰਦੀ ਵਿਚ ਸਰਕ ਜਾਣਾ ਸੀ।

ਜੇ ਕੋਈ ਮੁੰਡੇ ਨੂੰ ਵੇਖ ਲਵੇ ਤਾਂ ਉਸ ਹਾਲਤ ਵਿਚ, ਖੋਲਿਨ ਤੇ ਮੈਂ, ਪਾਣੀ ਦੇ ਸਿਰੇ ਤੋਂ ਲਾਲ ਰਾਕਟ ਛੱਡ ਕੇ—ਸਾਡੇ ਤੋਪਖਾਨੇ ਨੂੰ ਗੋਲਾਬਾਰੀ ਕਰਨ ਦਾ ਸੰਕੇਤ—ਆਪਣੇ ਆਪ ਨੂੰ ਜ਼ਾਹਿਰ ਕਰਨਾ ਸੀ ਅਤੇ ਮੁੰਡੇ ਨੂੰ ਕਿਸ਼ਤੀ ਵੱਲ ਪਿੱਛੇ ਹਟਣ ਲਈ "ਹਰ ਕੀਮਤ ਉਤੇ" ਓਟ ਦੇਂਦਿਆਂ ਦੁਸ਼ਮਣ ਦਾ ਧਿਆਨ ਦੂਜੇ ਪਾਸੇ ਖਿਚਣਾ ਸੀ। ਖੋਲਿਨ ਨੇ ਅਖੀਰ ਵਿਚ ਪਿੱਛੇ ਹਟਣਾ ਸੀ।

ਜੇ ਕੋਈ ਮੁੰਡੇ ਨੂੰ ਵੇਖ ਲਵੇ ਤਾਂ ਉਸ ਹਾਲਤ ਵਿਚ, ਸਾਡੇ ਵਲੋਂ ਸੰਕੇਤ ਮਿਲਣ ਉਤੇ "ਸਹਾਇਕ ਹਥਿਆਰਾਂ"—76 ਮਿਲੀਮੀਟਰ ਦੀਆਂ ਤੋਪਾਂ ਵਾਲੇ ਦੋ ਦਸਤਿਆਂ, 120 ਮਿਲੀਮੀਟਰ ਦੇ ਤੋਪ-ਦਸਤੇ, ਦੋ ਮਾਰਟਰ ਕੰਪਨੀਆਂ ਤੇ ਇਕ ਮਸ਼ੀਨ-ਗੱਨ ਕੰਪਨੀ ਨੇ ਜ਼ਬਰਦਸਤ ਗੋਲਾਬਾਰੀ ਕਰ ਕੇ, ਦੁਸ਼ਮਣ ਨੂੰ ਅੰਨ੍ਹਾ ਤੇ ਹੱਕਾ-ਬੱਕਾ ਕਰ ਦੇਣਾ ਸੀ ਅਤੇ ਗੋਲੀਆਂ ਦੀ

ਐਸੀ ਬੁਛਾੜ ਕਰਨੀ ਸੀ ਕਿ ਜਰਮਨ ਖੱਡ ਦੇ ਦੋਵੇਂ ਪਾਸੇ ਤੇ ਹੋਰ ਪਰੇ ਖੱਬੇ ਤੱਕ ਆਪਣੀਆਂ ਖੰਦਕਾਂ ਵਿਚੋਂ ਸਿਰ ਨਾ ਚੁਕ ਸਕਣ ਤੇ ਅਸੀਂ ਸਹੀ-ਸਲਾਮਤ ਪਿੱਛੇ ਹਟ ਕੇ ਕਿਸ਼ਤੀ ਕੋਲ ਆ ਜਾਈਏ।

ਖੋਲਿਨ ਨੇ ਖੱਬੇ ਕੰਢੇ ਨਾਲ ਮਿਲਵਰਤਨ ਵਾਸਤੇ ਮੈਨੂੰ ਸਿਗਨਲ ਦੱਸੇ, ਇਕ ਵਾਰ ਫੇਰ ਵਿਸਥਾਰ ਸਮਝਾਇਆ, ਤੇ ਫੇਰ ਪੁੱਛਿਆ:

"ਸਭ ਕੁਝ ਸਾਫ ਹੋ ਗਿਆ?"

"ਹਾਂ, ਹੋ ਗਿਆ।"

ਕੁਝ ਚਿਰ ਚੁੱਪ ਰਹਿਣ ਮਗਰੋਂ ਮੈਂ ਉਹਦੇ ਨਾਲ ਉਸ ਬਾਰੇ ਗੱਲ ਛੇੜੀ ਜਿਸ ਦੀ ਮੈਨੂੰ ਚਿੰਤਾ ਖਾ ਰਹੀ ਸੀ। ਪਾਰ ਜਾਣ ਮਗਰੋਂ ਜਦੋਂ ਮੁੰਡਾ ਇਕੱਲਾ ਹੋ ਗਿਆ, ਤਾਂ ਹਨੇਰੇ ਵਿਚ ਰਾਹ ਤਾਂ ਨਹੀਂ ਭੁਲ ਜਾਵੇਗਾ ਤੇ ਗੋਲਾਬਾਰੀ ਦੀ ਹਾਲਤ ਵਿਚ ਉਸ ਨੂੰ ਕੋਈ ਨੁਕਸਾਨ ਤਾਂ ਨਹੀਂ ਪੁੱਜੇਗਾ?

ਖੋਲਿਨ ਨੇ ਸਮਝਾਇਆ ਕਿ "ਉਹ"—ਉਸ ਨੇ ਮੁੰਡੇ ਵੱਲ ਸਿਰ ਹਿਲਾ ਕੇ ਸੈਣਤ ਕੀਤੀ—ਕਾਤਾਸੋਨੋਵ ਨਾਲ ਮਿਲ ਕੇ ਤੀਜੀ ਬਟਾਲੀਅਨ ਦੇ ਮੋਰਚਿਆਂ ਤੋਂ ਕਈ ਘੰਟੇ ਪਾਰ ਜਾਣ ਵਾਲੀ ਥਾਂ ਦੁਸ਼ਮਣ ਦੇ ਕੰਢੇ ਦੀ ਜਾਂਚ-ਪੜਤਾਲ ਕਰਦਾ ਰਿਹਾ ਹੈ ਅਤੇ ਉਸ ਨੂੰ ਇਕ ਇਕ ਝਾੜੀ ਦਾ, ਧਰਤੀ ਦੇ ਚੱਪੇ ਚੱਪੇ ਦਾ ਪਤਾ ਹੈ। ਜਿਥੋਂ ਤੱਕ ਗੋਲਾਬਾਰੀ ਦਾ ਸਵਾਲ ਹੈ, ਸਾਡੇ ਤੋਪਖਾਨੇ ਨੇ ਨਿਸ਼ਾਨਿਆਂ ਦੀ ਦੂਰੀ ਨਿਸ਼ਚਿਤ ਕਰ ਲਈ ਹੈ ਅਤੇ ਉਹ ਅੱਸੀ ਗਜ਼ ਚੌੜੀ ਇਕ "ਗਲੀ" ਖੁਲ੍ਹੀ ਛੱਡ ਦੇਣਗੇ।

ਮੈਂ ਇਸ ਬਾਰੇ ਸੋਚ ਰਿਹਾ ਸਾਂ ਕਿ ਕਈ ਅਣਕਿਆਸੀਆਂ ਘਟਨਾਵਾਂ ਹੋ ਸਕਦੀਆਂ ਹਨ, ਪਰ ਇਸ ਬਾਰੇ ਮੈਂ ਕੁਝ ਨਹੀਂ ਬੋਲਿਆ। ਮੁੰਡਾ ਸੱਧਰਾਈਆਂ ਨਜ਼ਰਾਂ ਨਾਲ ਛੱਤ ਵੱਲ ਝਾਕਦਾ ਲੰਮਾ ਪਿਆ ਹੋਇਆ ਸੀ। ਉਸ ਦੇ ਚਿਹਰੇ ਉਤੇ ਦੁਖ ਦਾ ਭਾਵ ਸੀ ਤੇ ਜਿਵੇਂ ਮੈਨੂੰ ਲੱਗਿਆ, ਸਾਡੀਆਂ ਗੱਲਾਂ ਵਲੋਂ ਬੇਪ੍ਰਵਾਹ, ਜਿਵੇਂ ਉਸ ਨੂੰ ਇਹਨਾਂ ਵਿਚ ਕੋਈ ਦਿਲਚਸਪੀ ਨਹੀਂ ਸੀ।

ਮੈਂ ਨਕਸ਼ੇ ਉਤਲੀਆਂ ਨੀਲੀਆਂ ਲਾਈਨਾਂ—ਡੂੰਘਾਈ ਤੱਕ ਜਰਮਨ ਫੌਜਾਂ ਦੀ ਤਿਰਛੀ ਸਫਬੰਦੀ—ਦੀ ਜਾਂਚ-ਪੜਤਾਲ ਕੀਤੀ ਅਤੇ ਕਲਪਨਾ

ਕਰਨ ਲੱਗਾ ਕਿ ਅਸਲੀਅਤ ਵਿਚ ਉਹ ਕਿਸ ਤਰ੍ਹਾਂ ਦੀਆਂ ਸਨ, ਅਤੇ ਹੌਲੀ ਜਿਹੀ ਪੁੱਛਿਆ :

"ਸੁਣ, ਪਾਰ ਕਰਨ ਵਾਲੀ ਜਿਹੜੀ ਥਾਂ ਚੁਣੀ ਹੈ ਉਹ ਸਭ ਤੋਂ ਚੰਗੀ ਥਾਂ ਹੈ? ਸੈਨਾ ਦੇ ਮੁਹਾਜ਼ ਨਾਲ ਕੋਈ ਐਸਾ ਹਲਕਾ ਨਹੀਂ ਜਿਥੇ ਦੁਸ਼ਮਣ ਦੀਆਂ ਫੌਜਾਂ ਏਨੀਆਂ ਸੰਘਣੀਆਂ ਨਾ ਹੋਣ? ਕੀ ਮਤਲਬ ਹੈ ਕਿ ਜਿਨ੍ਹਾਂ ਥਾਵਾਂ ਤੇ ਸਿਰੇ ਜੁੜਦੇ ਹਨ ਉਥੇ ਕੋਈ ਕਮਜ਼ੋਰ ਪਾਸਾ ਜਾਂ ਖੱਪੇ ਨਹੀਂ?"

ਖੋਲਿਨ ਨੇ, ਸੁੰਗੜੀਆਂ ਭੂਰੀਆਂ ਅੱਖਾਂ ਨਾਲ ਟਿੱਚਰੀ ਅੰਦਾਜ਼ ਨਾਲ ਮੇਰੇ ਵੱਲ ਵੇਖਿਆ।

"ਤੁਸੀਂ ਲੜਾਕੂ ਟੋਲੀਆਂ ਵਾਲੇ ਆਪਣੇ ਨੱਕ ਤੋਂ ਇਕ ਇੰਚ ਅਗਾਂਹ ਨਹੀਂ ਵੇਖਦੇ। ਤੁਹਾਨੂੰ ਹਮੇਸ਼ਾ ਇਹੋ ਖਿਆਲ ਹੁੰਦਾ ਹੈ ਕਿ ਦੁਸ਼ਮਣ ਦੀਆਂ ਮੁਖ ਸੈਨਾਵਾਂ ਤੁਹਾਡੇ ਸਾਮ੍ਹਣੇ ਨੇ, ਅਤੇ ਦੂਜੇ ਹਲਕੇ ਸਿਰਫ ਕਮਜ਼ੋਰ ਓਟ ਹੀ ਨੇ, ਜਿਵੇਂ ਸਿਰਫ ਜ਼ਾਹਿਰ ਕਰਨ ਲਈ ਹੀ। ਕੀ ਤੂੰ ਇਹ ਸੋਚਦਾ ਏਂ ਕਿ ਅਸੀਂ ਆਪਣੀ ਚੋਣ ਧਿਆਨ ਨਾਲ ਨਹੀਂ ਕੀਤੀ ਜਾਂ ਸਾਨੂੰ ਤੇਰੇ ਨਾਲੋਂ ਘਟ ਸਮਝ ਹੈ?... ਜੇ ਜਾਣਨਾ ਚਾਹੁੰਦਾ ਏਂ ਤਾਂ ਸਾਰਾ ਮੁਹਾਜ਼ ਜਰਮਨਾਂ ਨਾਲ ਭਰਿਆ ਹੋਇਆ ਹੈ ਤੇ ਏਧਰ ਓਧਰ ਜਾਣ ਦੀ ਕੋਈ ਥਾਂ ਨਹੀਂ। ਰਹੀ ਗੱਲ ਸਿਰਿਆਂ ਦੇ ਜੁੜਨ ਵਾਲੀਆਂ ਥਾਵਾਂ ਦੀ—ਇਹਨਾਂ ਜਰਮਨਾਂ ਦੀਆਂ ਅੱਖਾਂ ਖੁਲ੍ਹੀਆਂ ਨੇ, ਉਹ ਕੋਈ ਮੂਰਖ ਨਹੀਂ। ਅਜਕਲ ਮੂਰਖਾਂ ਦਾ ਜ਼ਮਾਨਾ ਨਹੀਂ ਰਿਹਾ। ਦਰਜਨਾਂ ਮੀਲਾਂ ਤੱਕ ਸੁਰੱਖਿਆ ਦੀ ਇਕ ਮਜ਼ਬੂਤ ਕੰਧ ਹੈ," ਖੋਲਿਨ ਨੇ ਇਕ ਲੰਮਾ ਸਾਹ ਖਿੱਚ ਕੇ ਆਖਿਆ। "ਅਸੀਂ ਦਰਜਨਾਂ ਵਾਰੀ ਓਥੋਂ ਹੋ ਆਏ ਹਾਂ, ਭਲੇਮਾਣਸ! ਖੜੇ-ਪਹਿਰ ਹੀ ਕਿਸੇ ਗੱਲ ਦਾ ਫੈਸਲਾ ਨਹੀਂ ਕੀਤਾ ਜਾਂਦਾ।"

ਉਹ ਉੱਠਿਆ, ਮੁੰਡੇ ਦੇ ਕੋਲ ਫੱਟੇ ਉਤੇ ਬਹਿ ਗਿਆ ਤੇ ਜਿਵੇਂ ਮੇਰਾ ਖਿਆਲ ਸੀ ਕਿ ਪਹਿਲੀ ਵਾਰੀ ਨਹੀਂ, ਮਧਮ ਆਵਾਜ਼ ਵਿਚ ਉਸ ਨੂੰ ਹਦਾਇਤਾਂ ਦੇਣ ਲੱਗਾ।

"ਖੱਡ ਵਿਚ ਸਿਰੇ ਦੇ ਨੇੜੇ ਨੇੜੇ ਰਹੀਂ। ਭੁੱਲ ਨਾ ਜਾਈਂ, ਸਾਰਾ ਥੱਲਾ ਵਿਛੀਆਂ ਸੁਰੰਗਾਂ ਨਾਲ ਭਰਿਆ ਹੋਇਆ ਹੈ। ਵਿਚ ਵਿਚ ਰੁਕਦਾ ਤੇ

ਖਿੜਕ ਲੈਂਦਾ ਰਹੀਂ। ਇਕਦਮ ਰੁੱਕ ਜਾਵੀਂ। ਖੰਦਕਾਂ ਦੀ ਗਸ਼ਤ ਕੀਤੀ ਜਾਂਦੀ ਹੈ, ਸੋ ਰੀਂਗ ਕੇ ਅਗਾਂਹ ਹੋ ਜਾਵੀਂ ਤੇ ਇੰਤਜ਼ਾਰ ਕਰੀਂ। ਜਿਵੇਂ ਹੀ ਗਸ਼ਤੀ ਟੋਲੀ ਲੰਘ ਜਾਵੇ, ਸਰਕ ਕੇ ਖੰਦਕ ਟੱਪ ਜਾਈਂ ਤੇ ਅਗਾਂਹ ਵਧਦਾ ਰਹੀਂ।"

ਮੈਂ ਪੰਜਵੀਂ ਕੰਪਨੀ ਦੇ ਕਮਾਂਡਰ, ਗੁਸ਼ਚਿਨ ਨੂੰ ਫੋਨ ਕੀਤਾ, ਉਸ ਨੂੰ ਦੱਸਿਆ ਕਿ ਆਪਣਾ ਕੰਮ ਉਸ ਨੂੰ ਸੌਂਪ ਰਿਹਾ ਹਾਂ ਤੇ ਕੁਝ ਜ਼ਰੂਰੀ ਹੁਕਮ ਜਾਰੀ ਕੀਤੇ। ਟੈਲੀਫੋਨ ਦਾ ਚੋਗਾ ਲਟਕਾਇਆ ਤਾਂ ਮੈਨੂੰ ਫੇਰ ਖੋਲਿਨ ਦੀ ਮਧਮ ਜਿਹੀ ਆਵਾਜ਼ ਸੁਣੀ :

"ਫੇਦੋਰੋਵਕਾ ਵਿਚ ਇੰਤਜ਼ਾਰ ਕਰੀਂ... ਧੌਣ ਬਾਹਰ ਨਾ ਕੱਢੀਂ। ਜੋ ਵੀ ਕਰੇਂ ਸੰਭਲ ਕੇ ਕਰੀਂ!"

"ਤੂੰ ਸਮਝਦਾ ਏਂ ਕਿ ਇਹ ਸੌਖਾ ਕੰਮ ਏ... ਸੰਭਲ ਕੇ ਰਹੀਂ?" ਮੁੰਡੇ ਨੇ ਮਸਾਂ ਹੀ ਮਾਲੂਮ ਹੁੰਦੀ ਖਿੱਝ ਨਾਲ ਆਖਿਆ।

"ਮੈਨੂੰ ਪਤਾ ਹੈ। ਪਰ ਤੈਨੂੰ ਸੰਭਲ ਕੇ ਰਹਿਣਾ ਪਏਗਾ। ਹਮੇਸ਼ਾ ਯਾਦ ਰੱਖੀਂ ਕਿ ਤੂੰ ਇਕੱਲਾ ਨਹੀਂ। ਯਾਦ ਰੱਖ, ਤੂੰ ਭਾਵੇਂ ਕਿਤੇ ਵੀ ਹੋਵੇਂ, ਮੈਂ ਹਮੇਸ਼ਾ ਤੇਰੇ ਬਾਰੇ ਸੋਚਦਾ ਰਹਿੰਦਾ ਹਾਂ। ਤੇ ਲੈਫਟੀਨੈਂਟ-ਕਰਨਲ ਵੀ।"

"ਤੇ ਕਾਤਾਸੋਨੋਵ ਮੈਨੂੰ ਮਿਲੇ ਬਗੈਰ ਹੀ ਚਲਾ ਗਿਆ," ਮੁੰਡੇ ਨੇ ਫੇਰ ਬੱਚਿਆਂ ਵਾਲੀ ਖਿੱਝ ਨਾਲ ਆਖਿਆ।

"ਮੈਂ ਤੈਨੂੰ ਦੱਸਿਆ ਤਾਂ ਹੈ... ਉਹ ਨਹੀਂ ਸੀ ਮਿਲ ਸਕਦਾ। ਉਸ ਨੂੰ ਤੁਰਤ ਬੁਲਾਇਆ ਗਿਆ ਸੀ। ਤੂੰ ਚੰਗੀ ਤਰ੍ਹਾਂ ਜਾਣਦਾ ਏਂ ਕਿ ਉਹ ਤੈਨੂੰ ਪਿਆਰ ਕਰਦਾ ਹੈ। ਤੂੰ ਇਹ ਵੀ ਜਾਣਦਾ ਏਂ ਕਿ ਉਸ ਦਾ ਹੋਰ ਕੋਈ ਹੈ ਨਹੀਂ ਤੇ ਤੂੰ ਹੀ ਸਭ ਕੁਝ ਏਂ। ਜਾਣਦਾ ਏਂ ਨਾ?"

"ਜਾਣਦਾ ਹਾਂ," ਮੁੰਡੇ ਨੇ ਬੁੜਬੁੜ ਕੀਤਾ ਤੇ ਉਹਦੀ ਆਵਾਜ਼ ਵਿਚ ਕੰਬਣੀ ਸੀ। "ਤਾਂ ਵੀ, ਉਹ ਆ ਸਕਦਾ ਸੀ..."

ਖੋਲਿਨ ਉਹਦੇ ਨਾਲ ਲੰਮਾ ਪੈ ਗਿਆ, ਉਸ ਦੇ ਮੁਲਾਇਮ ਰੇਸ਼ਮ ਵਰਗੇ ਵਾਲਾਂ 'ਤੇ ਹੱਥ ਫੇਰਨ ਲੱਗਾ ਤੇ ਉਹਦੇ ਕੰਨ ਵਿਚ ਘੁਸਰ ਮੁਸਰ ਕਰਨ ਲੱਗਾ। ਮੈਂ ਕੋਸ਼ਿਸ਼ ਕੀਤੀ ਕਿ ਕੁਝ ਨਾ ਸੁਣਾਂ। ਮੈਂ ਵੇਖਿਆ ਕਿ ਮੇਰੇ ਕਰਨ

ਗੋਚਰੇ ਢੇਰ ਸਾਰੇ ਕੰਮ ਹਨ ਤੇ ਮੈਂ ਕਾਹਲੀ ਕਾਹਲੀ ਕੰਮ ਜੁਟ ਪਿਆ ਪਰ ਵਿਅਰਥ। ਫੇਰ ਮੈਂ ਕੰਮ ਛੱਡ ਕੇ ਆਪਣੀ ਮਾਂ ਨੂੰ ਖ਼ਤ ਲਿਖਣ ਬੈਠ ਗਿਆ। ਮੈਨੂੰ ਪਤਾ ਸੀ ਕਿ ਸਾਰੇ ਹੀ ਜਾਸੂਸ, ਮਿਲੇ ਕੰਮ ਨੂੰ ਪੂਰਾ ਕਰਨ ਜਾਣ ਤੋਂ ਪਹਿਲਾਂ ਆਪਣੇ ਪਿਆਰਿਆਂ ਤੇ ਸੰਬੰਧੀਆਂ ਨੂੰ ਚਿੱਠੀਆਂ ਲਿਖਦੇ ਹਨ। ਪਰ ਮੈਂ ਘਬਰਾਇਆ ਹੋਇਆ ਸਾਂ ਤੇ ਇਸ ਪਾਸੇ ਮਨ ਨਾ ਜੋੜ ਸਕਿਆ। ਪੈਨਸਿਲ ਨਾਲ ਅੱਧਾ ਸਫ਼ਾ ਲਿਖਣ ਮਗਰੋਂ ਮੈਂ ਕਾਗ਼ਜ਼ ਪਾੜ ਦਿੱਤਾ ਤੇ ਉਸਨੂੰ ਅੱਗ ਵਿਚ ਸੁਟ ਦਿੱਤਾ।

"ਵਕਤ," ਖੋਲਿਨ ਨੇ ਆਪਣੀ ਘੜੀ ਉਤੇ ਨਜ਼ਰ ਮਾਰਦਿਆਂ ਤੇ ਖੜੇ ਹੁੰਦਿਆਂ, ਮੈਨੂੰ ਆਖਿਆ। ਉਸਨੇ ਜਰਮਨ ਸੂਟਕੇਸ ਬੈਂਚ ਉਤੇ ਟਿਕਾਇਆ, ਫੱਟੇ ਹੇਠੋਂ ਗੰਢੜੀ ਖਿੱਚੀ ਅਤੇ ਇਸ ਨੂੰ ਖੋਹਲਿਆ, ਅਤੇ ਉਹ ਤੇ ਮੈਂ ਕਪੜੇ ਪਾਉਣ ਲੱਗ ਪਏ।

ਆਪਣੇ ਹੇਠਲੇ ਸੂਤੀ ਕਪੜਿਆਂ ਦੇ ਉਪਰ ਉਸ ਨੇ ਵਧੀਆ ਗਰਮ ਪਜਾਮਾ ਤੇ ਨਾਲ ਸਵੈਟਰ ਪਾ ਲਿਆ ਤੇ ਫੇਰ ਸਰਦੀਆਂ ਵਾਲੀ ਫੌਜੀ ਕਮੀਜ਼ ਤੇ ਪਤਲੂਣ ਪਾ ਲਈ ਤੇ ਸਭ ਤੋਂ ਉਪਰ ਪਾ ਲਿਆ ਹਰੇ ਰੰਗ ਦਾ ਨਕਾਬੀ ਚੋਗਾ। ਉਹਦੀ ਨਕਲ ਕਰਦਿਆਂ ਮੈਂ ਵੀ ਇਸ ਤਰ੍ਹਾਂ ਦੇ ਕਪੜੇ ਪਾ ਲਏ। ਕਾਤਾਸੋਨੋਵ ਦਾ ਗਰਮ ਪਜਾਮਾ ਮੈਨੂੰ ਬੜਾ ਛੋਟਾ ਸੀ ਤੇ ਉਹ ਗੱਦ ਤੋਂ ਉਧੜ ਗਿਆ। ਮੈਂ ਝਕਦਿਆਂ ਝਕਦਿਆਂ ਖੋਲਿਨ ਵੱਲ ਵੇਖਿਆ।

"ਕੋਈ ਨਹੀਂ, ਕੋਈ ਨਹੀਂ!" ਉਸ ਨੇ ਹਲਾਸ਼ੇਰੀ ਦਿੱਤੀ। "ਪਾ ਲੈ! ਪਾਟ ਜਾਏਗਾ ਤਾਂ ਨਵਾਂ ਲੈ ਦੇਵਾਂਗੇ।"

ਨਕਾਬੀ ਚੋਗਾ ਤਕਰੀਬਨ ਮੇਚ ਆ ਗਿਆ ਸੀ, ਭਾਵੇਂ ਪਤਲੂਣ ਥੋੜੀ ਜਿਹੀ ਛੋਟੀ ਸੀ। ਪੈਰੀਂ ਅਸੀਂ ਖੁਰੀਆਂ ਲੱਗੇ ਜਰਮਨ ਬੂਟ ਪਾ ਲਏ। ਮੈਨੂੰ ਉਹ ਕੁਝ ਕੁਝ ਭਾਰੇ ਲੱਗੇ ਸਨ, ਪਰ ਖੋਲਿਨ ਨੇ ਸਮਝਾਇਆ ਕਿ ਦੂਜੇ ਪਾਸੇ ਕੋਈ ਐਸੀਆਂ ਪੈੜਾਂ ਨਾ ਛਡਣ ਲਈ ਜਿਨ੍ਹਾਂ ਤੋਂ ਕੋਈ ਸੰਕੇਤ ਮਿਲ ਸਕਦਾ ਹੋਵੇ ਇਹ ਇਕ ਸਾਵਧਾਨੀ ਹੈ। ਖੋਲਿਨ ਨੇ ਮੇਰੇ ਨਕਾਬੀ ਚੋਗੇ ਦੀਆਂ ਤਣੀਆਂ ਕੱਸ ਦਿੱਤੀਆਂ।

ਅਸੀਂ ਝਟਪਟ ਤਿਆਰ ਹੋ ਗਏ। ਖੋਲ ਵਾਲੀਆਂ ਛੁਰੀਆਂ ਤੇ

ਫ-1 ਗਰਨੇਡ ਸਾਡੀਆਂ ਪੇਟੀਆਂ ਨਾਲ ਲਟਕੇ ਹੋਏ ਸਨ (ਖੋਲਿਨ ਨੇ ਇਕ ਭਾਰਾ ਟੈਂਕ-ਮਾਰ ਗਰਨੇਡ "ਰਪਗ-40" ਵੀ ਲੈ ਲਿਆ ਸੀ)। ਭਰੇ ਹੋਏ ਪਸਤੌਲ ਪੇਟੀਆਂ ਦੇ ਅੰਦਰ ਅੜਾ ਲਏ ਸਨ, ਅਤੇ ਕੰਪਾਸ ਤੇ ਰੌਸ਼ਨ ਡਾਇਲ ਵਾਲੀਆਂ ਘੜੀਆਂ ਅਸਾਂ ਨਕਾਬੀ ਚੋਗਿਆਂ ਦੀਆਂ ਬਾਹਵਾਂ ਵਿਚ ਲੁਕਾ ਲਈਆਂ ਸਨ। ਰਾਕਟ ਵਾਲੀਆਂ ਗੱਨਾਂ ਦੀ ਪੜਤਾਲ ਕਰ ਲਈ ਗਈ ਸੀ ਅਤੇ ਖੋਲਿਨ ਨੇ ਟਾਮੀ-ਗੱਨ ਦੇ ਪੈਨ ਜਾਂਚ-ਪਰਖ ਲਏ ਸਨ।

ਅਸੀਂ ਤਿਆਰ ਹੋ ਚੁੱਕੇ ਸਾਂ ਪਰ ਮੁੰਡਾ ਅਜੇ ਵੀ ਸਿਰ ਹੇਠ ਹੱਥ ਦੇ ਕੇ ਲੰਮਾ ਪਿਆ ਹੋਇਆ ਸੀ ਤੇ ਨਜ਼ਰਾਂ ਉਸ ਨੇ ਦੂਜੇ ਪਾਸੇ ਕੀਤੀਆਂ ਹੋਈਆਂ ਸਨ।

ਫਿੱਕੇ ਪੈ ਗਏ ਭੂਰੇ ਰੰਗ ਦੀ ਇਕ ਖੁਥੜ ਜਿਹੀ ਰੂੰਦਾਰ ਜੈਕਟ, ਟਾਕੀਆਂ ਲੱਗੀ ਇਕ ਗੂੜੀ ਸਲੇਟੀ ਪਤਲੂਣ, ਕੰਨਪਟੀਆਂ ਵਾਲੀ ਇਕ ਪਾਟੀ-ਪੁਰਾਣੀ ਫਰ ਦੀ ਟੋਪੀ ਤੇ ਘਸੇ ਪਾਟੇ ਉੱਚੇ ਬੂਟਾਂ ਦਾ ਇਕ ਜੋੜਾ ਮੁੰਡੇ ਵਾਸਤੇ ਵੱਡੇ ਸਾਰੇ ਜਰਮਨ ਸੂਟਕੇਸ ਵਿਚੋਂ ਕੱਢ ਲਿਆ ਗਿਆ ਸੀ। ਸੂਤੀ ਕੱਛਾ ਬੁਨੈਣ, ਇਕ ਪੁਰਾਣੀ ਜਰਸੀ ਤੇ ਜੁਰਾਬਾਂ—ਤੋਪੇ ਟਾਂਕੇ ਲੱਗੇ ਹੋਏ, ਇਕ ਗੰਦਾ ਜਿਹਾ ਪਿਠੂ, ਲੱਤਾਂ ਦੀਆਂ ਪੱਟੀਆਂ ਤੇ ਹੋਰ ਚੀਥੜੇ ਜਿਹੇ ਫੱਟੇ ਦੇ ਇਕ ਸਿਰੇ ਉਤੇ ਰੱਖੇ ਹੋਏ ਸਨ।

ਖ਼ੋਲਿਨ ਨੇ ਖੱਦਰ ਦੇ ਇਕ ਪੋਣੇ ਵਿਚ ਮੁੰਡੇ ਦੇ ਖਾਣ ਦੀਆਂ ਚੀਜ਼ਾਂ ਵਲ੍ਹੇਟ ਦਿੱਤੀਆਂ ਸਨ। ਅੱਧਾ ਕਿਲੋ ਸਾਸੇਜ, ਦੋ ਟੁਕੜੇ ਸੂਰ ਦੀ ਲੂਣੀ ਚਰਬੀ ਦੇ, ਰਾਈ ਦੀ ਰੋਟੀ ਤੇ ਚਿਟੀ ਰੋਟੀ ਦੇ ਕੁਝ ਟੁਕੜੇ। ਸਾਸੇਜ ਘਰ ਦੇ ਬਣੇ ਹੋਏ ਸਨ ਤੇ ਸੂਰ ਦੀ ਚਰਬੀ ਵੀ ਫੌਜੀਆਂ ਨੂੰ ਮਿਲਣ ਵਾਲੀ ਨਹੀਂ ਸੀ, ਸਗੋਂ ਪਤਲਾ ਤੇ ਘਟੀਆ ਜਿਹਾ ਟੁਕੜਾ ਜਿਹੜਾ ਗੰਦੇ ਲੂਣ ਨਾਲ ਮੈਲਾ ਹੋ ਗਿਆ ਹੋਇਆ ਸੀ। ਰੋਟੀ ਵੀ ਘਰ ਹੀ ਚੁਲ੍ਹੇ ਵਿਚ ਪਕਾਈ ਹੋਈ ਸੀ।

ਮੈਂ ਵੇਖਿਆ ਤੇ ਸੋਚਿਆ: ਕਿਵੇਂ ਨਿੱਕੇ ਨਿੱਕੇ ਵੇਰਵਿਆਂ ਦਾ ਖਿਆਲ ਰੱਖਿਆ ਗਿਆ ਹੈ।

ਖਾਣ ਦੀਆਂ ਇਹ ਚੀਜ਼ਾਂ ਪਿਠੂ ਵਿਚ ਬੰਨ੍ਹ ਦਿੱਤੀਆਂ ਗਈਆਂ ਸਨ ਪਰ ਮੁੰਡਾ ਅਜੇ ਵੀ ਅਹਿਲ ਆਪਣੀ ਥਾਂ ਲੇਟਿਆ ਹੋਇਆ ਸੀ। ਖੋਲਿਨ ਨੇ ਨਜ਼ਰ ਬਚਾ ਕੇ ਉਹਦੇ ਵੱਲ ਵੇਖਿਆ ਤੇ ਬਿਨਾਂ ਕੁਝ ਆਖੇ ਬੋਲੇ, ਫੇਰ ਰਾਕਟ ਗੱਨ ਦੀ ਪੜਤਾਲ ਕਰਨ ਤੇ ਪੈਨ ਦੀ ਜਕੜ ਦੀ ਜਾਂਚ-ਪਰਖ ਕਰਨ ਲੱਗ ਪਿਆ।

ਆਖਰ ਮੁੰਡਾ ਫੱਟੇ ਉਤੇ ਉਠ ਕੇ ਬਹਿ ਗਿਆ ਅਤੇ ਹੌਲੀ ਹੌਲੀ ਆਰਾਮ ਨਾਲ ਆਪਣੀ ਫੌਜੀ ਵਰਦੀ ਲਾਹੁਣ ਲੱਗਾ। ਗੂੜ੍ਹੀ ਨੀਲੀ ਬਿਰਜਸ ਗੋਡਿਆਂ ਅਤੇ ਚਿੱਤੜਾਂ ਤੋਂ ਮੈਲੀ ਹੋ ਗਈ ਸੀ।

"ਤਾਰਕੋਲ," ਉਸ ਨੇ ਆਖਿਆ। "ਇਸ ਨੂੰ ਸਾਫ ਕਰਵਾ ਦੇ।"

"ਇਹਦੀ ਥਾਂ, ਸਟੋਰ ਵਿਚੋਂ ਨਵੀਂ ਕਿਉਂ ਨਾ ਕਢਵਾ ਦੇਵਾਂ?" ਖੋਲਿਨ ਨੇ ਤਜਵੀਜ਼ ਰੱਖੀ।

"ਨਹੀਂ, ਏਸੇ ਨੂੰ ਸਾਫ ਕਰ ਦੇਣ।"

ਮੁੰਡੇ ਨੇ ਬੜੀ ਹੌਲੀ ਹੌਲੀ ਆਪਣੇ ਗੈਰ-ਫੌਜੀ ਕਪੜੇ ਪਾਏ। ਖੋਲਿਨ ਨੇ ਉਸ ਦੀ ਮਦਦ ਕੀਤੀ ਤੇ ਫੇਰ ਸਭਨਾਂ ਪਾਸਿਆਂ ਤੋਂ ਵੇਖਿਆ ਜਾਚਿਆ। ਮੁੰਡਾ ਬਿਲਕੁਲ ਬੇਘਰ ਬੁਰੇਹਾਲ ਸ਼ਰਨਾਰਥੀ ਲੱਗ ਰਿਹਾ ਸੀ, ਜਿਸ ਤਰ੍ਹਾਂ ਦੇ ਸਾਨੂੰ ਫੌਜੀ ਚੜ੍ਹਾਈਆਂ ਵੇਲੇ ਅਣਗਿਣਤ ਮਿਲਦੇ ਰਹਿੰਦੇ ਸਨ।

ਮੁੰਡੇ ਨੇ ਇਕ ਬੰਦ ਹੋ ਜਾਣ ਵਾਲਾ ਚਾਕੂ ਤੇ ਕੁਝ ਮਿਧੇ-ਮਧੋਲੇ ਕਾਗਜ਼ ਜੇਬ ਵਿਚ ਪਾ ਲਏ ਜਿਨ੍ਹਾਂ ਵਿਚ ਕਬਜ਼ੇ ਹੇਠਲੇ ਇਲਾਕੇ ਦੇ ਸੱਠ ਜਾਂ ਸੱਤਰ ਮਾਰਕ ਸਨ। ਬਸ ਹੋਰ ਕੁਝ ਨਹੀਂ।

"ਆ ਭੁੜਕੀਏ," ਖੋਲਿਨ ਨੇ ਮੈਨੂੰ ਆਖਿਆ।

ਅਸੀਂ ਕਈ ਵਾਰੀ ਹੇਠਾਂ ਉਤੇ ਭੁੜਕ ਕੇ ਇਕ ਤਸੱਲੀਬਖਸ਼ ਅਜ਼ਮਾਇਸ਼ ਵਿਚੋਂ ਲੰਘੇ। ਮੁੰਡਾ ਵੀ ਭੁੜਕਿਆ ਭਾਵੇਂ ਉਹਦੇ ਕੋਲ ਕੋਈ ਐਸੀ ਚੀਜ਼ ਨਹੀ ਸੀ ਜਿਹੜੀ ਕਿਸੇ ਤਰ੍ਹਾਂ ਦਾ ਕੋਈ ਖੜਾਕ ਕਰੇ।

ਇਕ ਪੁਰਾਣੀ ਰੂਸੀ ਰਸਮ ਮੁਤਾਬਿਕ, ਤੁਰਨ ਤੋਂ ਪਹਿਲਾਂ ਅਸੀਂ ਬਹਿ ਗਏ। ਥੋੜਾ ਚਿਰ ਅਸੀਂ ਚੁੱਪ ਕਰ ਕੇ ਬੈਠੇ ਰਹੇ। ਮੁੰਡੇ ਦੇ ਚਿਹਰੇ ਉਤੇ ਇਸ ਤਰ੍ਹਾਂ ਦੀ ਸੋਚ ਤੇ ਅੰਦਰੂਨੀ ਕਸ਼ਮਕਸ਼ ਦਾ ਪ੍ਰਭਾਵ ਸੀ ਜੋ ਬੱਚਿਆਂ



ਦੇ ਚਿਹਰਿਆਂ ਉਤੇ ਨਹੀਂ ਹੋਇਆ ਕਰਦਾ। ਛੇ ਦਿਨ ਪਹਿਲਾਂ ਮੈਂ ਏਹੋ ਚਿਹਰਾ ਵੇਖਿਆ ਸੀ, ਜਦੋਂ ਉਹ ਪਹਿਲੀ ਵਾਰੀ ਮੇਰੇ ਮੋਰਚੇ ਵਿਚ ਆਇਆ ਸੀ।

* * *

ਆਪਣੀਆਂ ਸਿਗਨਲ ਵਾਲੀਆਂ ਬੈਟਰੀਆਂ ਦਾ ਲਾਲ ਚਾਨਣ ਅੱਖਾਂ ਵਿਚ ਲਿਸ਼ਕਾ ਕੇ; (ਤਾਂ ਜੋ ਹਨੇਰੇ ਵਿਚ ਰਾਹ ਚੰਗੀ ਤਰ੍ਹਾਂ ਵੇਖ ਸਕੀਏ) ਅਸੀਂ ਕਿਸ਼ਤੀ ਵੱਲ ਤੁਰ ਪਏ: ਮੈਂ ਅੱਗੇ ਅੱਗੇ, ਤੇ ਮੁੰਡਾ ਕੋਈ ਪੰਦਰਾਂ ਕਦਮ ਮੇਰੇ ਪਿੱਛੇ, ਤੇ ਉਸ ਤੋਂ ਪਿੱਛੇ ਖੋਲਿਨ।

ਜਿਹੜਾ ਵੀ ਸਾਨੂੰ ਰਾਹ ਵਿਚ ਮਿਲੇ, ਮੈਂ ਉਸ ਨੂੰ ਨਾਂ ਲੈ ਕੇ ਬੁਲਾਉਣਾ ਤੇ ਉਹਨੂੰ ਗੱਲੀਂਬਾਤੀਂ ਲਾਉਣਾ ਸੀ ਤਾਂ ਜੋ ਮੁੰਡਾ ਕਿਤੇ ਲੁਕ ਛਿਪ ਸਕੇ। ਸਾਡੇ ਤੋਂ ਇਲਾਵਾ, ਹੁਣ ਉਸ ਨੂੰ ਕੋਈ ਨਾ ਵੇਖ ਸਕੇ, ਇਹ ਜ਼ਰੂਰੀ ਸੀ। ਖੋਲਿਨ ਨੇ ਬੜੇ ਸਖ਼ਤ ਲਫ਼ਜ਼ਾਂ ਵਿਚ ਮੈਨੂੰ ਇਹ ਚਿਤਾਵਨੀ ਦੇ ਦਿੱਤੀ ਸੀ।

ਸੱਜੇ ਪਾਸਿਓਂ ਹਨੇਰੇ ਵਿਚੋਂ ਕਮਾਂਡ ਦੇ ਹੌਲੀ ਹੌਲੀ ਆਖੇ ਇਹ ਲਫ਼ਜ਼ ਸੁਣਦੇ ਸਨ: "ਤੋਪਚੀ ਅਮਲਾ—ਆਪਣੀ ਥਾਂ! ਮੋਰਚੇ 'ਤੇ!" ਜਦੋਂ ਅਮਲੇ ਦੇ ਬੰਦੇ ਝਾੜੀਆਂ ਵਿਚ ਏਧਰ ਓਧਰ ਪਈਆਂ ਗੱਨਾਂ ਤੇ ਮਾਰਟਰਾਂ ਉਤੇ, ਜਿਥੇ ਮੇਰੀ ਬਟਾਲੀਅਨ ਤੇ ਤੀਜੀ ਬਟਾਲੀਅਨ ਖੰਦਕਾਂ ਵਿਚ ਡਟੀ ਹੋਈ ਸੀ, ਆਪਣੇ ਮੋਰਚੇ ਸੰਭਾਲਦੇ ਸਨ ਤਾਂ ਟਹਿਣੀਆਂ ਦੇ ਤੜਕ ਤੜਕ ਟੁਟਣ ਤੇ ਬੰਦਿਆਂ ਦੇ ਪੋਲੇ ਪੋਲੇ ਬੋਲ ਕੁਬੋਲ ਕਰਨ ਦੀਆਂ ਆਵਾਜ਼ਾਂ ਸੁਣਦੀਆਂ ਸਨ।

ਸਾਡੇ ਤੋਂ ਇਲਾਵਾ, ਕੋਈ ਦੋ ਸੌ ਬੰਦੇ ਹੋਰ ਇਸ ਕਾਰਵਾਈ ਵਿਚ ਹਿੱਸਾ ਲੈ ਰਹੇ ਸਨ। ਉਹ ਮਾਰੂ ਗੋਲਾਬਾਰੀ ਦਾ ਮੀਂਹ ਵਰ੍ਹਾ ਕੇ ਜਰਮਨ ਮੋਰਚਿਆਂ ਦੀਆਂ ਧੱਜੀਆਂ ਉਡਾ ਕੇ ਹਰ ਪਲ ਸਾਨੂੰ ਓਟ ਦੇਣ ਲਈ ਤਿਆਰ ਸਨ। ਅਤੇ ਕਿਸੇ ਨੂੰ ਵੀ ਇਸ ਗੱਲ ਦਾ ਸ਼ੱਕ ਨਹੀਂ ਸੀ ਕਿ ਇਹ ਖੰਦਕਾਂ ਉਤੇ ਛਾਪਿਆਂ ਤੋਂ ਇਲਾਵਾ ਕੁਝ ਹੋਰ ਗੱਲ ਵੀ ਹੈ, ਜਿਵੇਂ ਕਿ ਖੋਲਿਨ ਸਹਾਇਕ ਟੁਕੜੀਆਂ ਦੀ ਕਮਾਂਡ ਕਰਨ ਵਾਲੇ ਅਫ਼ਸਰਾਂ ਨੂੰ ਦਸਣ ਲਈ ਮਜਬੂਰ ਸੀ।

ਕਿਸ਼ਤੀ ਸਰਹੱਦੀ ਚੌਕੀ ਦੇ ਨੇੜੇ ਸੀ। ਇਹ ਦੋ ਸੰਤਰੀਆਂ ਵਾਲੀ

ਚੌਕੀ ਸੀ, ਪਰ ਖੋਲਿਨ ਦੀ ਹਦਾਇਤ ਉਤੇ ਮੈਂ ਚੌਕੀ ਦੇ ਕਮਾਂਡਰ ਨੂੰ ਹੁਕਮ ਦਿੱਤਾ ਸੀ ਕਿ ਖੰਦਕ ਵਿਚ ਸਿਰਫ ਇਕੋ ਹੀ ਬੰਦਾ ਰਹੇ—ਦਿਓਮਿਨ ਨਾਂ ਦਾ ਇਕ ਅਧਖੜ ਉਮਰ ਦਾ ਲੈਸ ਕਾਰਪੋਰਲ। ਜਦੋਂ ਅਸੀਂ ਕੰਢੇ ਉਤੇ ਪਹੁੰਚੇ ਤਾਂ ਖੋਲਿਨ ਨੇ ਮੈਨੂੰ ਅਗਾਂਹ ਭੇਜ ਦਿੱਤਾ ਤਾਂ ਜੋ ਮੈਂ ਉਸ ਬੰਦੇ ਨੂੰ ਗਲੀਂ ਲਾ ਲਵਾਂ ਅਤੇ ਉਹ ਤੇ ਮੁੰਡਾ ਅੱਗੇ ਖਿਸਕ ਜਾਣ। ਇਹ ਸਾਰੀ ਚੌਕਸੀ, ਮੇਰੇ ਖਿਆਲ ਵਿਚ, ਜ਼ਰੂਰੀ ਨਹੀਂ ਸੀ, ਪਰ ਖੋਲਿਨ ਦੀ ਇਸ ਖੁਫੀਆ ਕਾਰਵਾਈ ਤੋਂ ਮੈਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਮੈਂ ਜਾਣਦਾ ਸੀ ਕਿ ਸਾਰੇ ਜਾਸੂਸ ਇਸ ਤਰ੍ਹਾਂ ਦੇ ਹੀ ਹੁੰਦੇ ਹਨ।

"ਵੇਖ, ਕੋਈ ਗੱਲ ਨਹੀਂ ਕਰਨੀ!" ਮੈਨੂੰ ਅੱਗੇ ਤੁਰੇ ਜਾਂਦੇ ਨੂੰ ਖੋਲਿਨ ਨੇ ਜੋਸ਼ ਨਾਲ ਘੁਸਰ ਮੁਸਰ ਕਰ ਕੇ ਚਿਤਾਵਨੀ ਦਿੱਤੀ।

ਕਦਮ ਕਦਮ ਉਤੇ ਮਿਲਦੀਆਂ ਇਹਨਾਂ ਚਿਤਾਵਨੀਆਂ ਤੋਂ ਮੈਂ ਖਿਝ ਗਿਆ ਸਾਂ। ਆਖਰ ਮੈਂ ਕੋਈ ਨਿਆਣਾ ਤਾਂ ਨਹੀਂ ਸਾਂ। ਫੇਰ ਇਹ ਸਭ ਕੁਝ ਕਾਹਦੇ ਵਾਸਤੇ।

ਦਿਓਮਿਨ ਨੇ ਠੀਕ ਬਾਕਾਇਦਾ ਢੰਗ ਨਾਲ ਦੂਰੋਂ ਹੀ ਮੈਨੂੰ ਵੰਗਾਰਿਆ ਅਤੇ ਮੈਂ ਖੰਦਕ ਵੱਲ ਤੁਰੇ ਜਾਂਦਿਆਂ ਜਵਾਬ ਦਿੱਤਾ। ਮੈਂ ਛਾਲ ਮਾਰ ਕੇ ਹੇਠਾਂ ਚਲਾ ਗਿਆ ਤੇ ਇਸ ਤਰ੍ਹਾਂ ਖੜਾ ਹੋ ਗਿਆ ਕਿ ਗੱਲ ਕਰਦਿਆਂ ਰਾਹ ਵਾਲੇ ਪਾਸੇ ਉਹਦੀ ਪਿੱਠ ਹੀ ਹੋਵੇ।

"ਸਿਗਰਟ ਪੀ ਲੈ," ਮੈਂ ਸਿਗਰਟ ਪੇਸ਼ ਕਰਦਿਆਂ ਕਿਹਾ। ਉਸ ਨੇ ਇਕ ਸਿਗਰਟ ਫੜ ਲਈ।

ਅਸੀਂ ਪਥੱਲਾ ਮਾਰ ਕੇ ਬਹਿ ਗਏ ਤੇ ਉਹ ਸਿਲ੍ਹੀਆਂ ਤੀਲਾਂ ਬਾਲਣ ਲੱਗ ਪਿਆ। ਆਖਰ ਇਕ ਤੀਲੀ ਬਲ ਪਈ। ਪਹਿਲਾਂ ਉਸ ਨੇ ਮੇਰੀ ਸਿਗਰਟ ਨੂੰ ਲਾਟ ਛੁਹਾਈ ਤੇ ਫੇਰ ਆਪਣੀ ਸਿਗਰਟ ਸੁਲਘਾਈ। ਤੀਲੀ ਦੇ ਚਾਨਣ ਵਿਚ ਮੈਂ ਵੇਖਿਆ ਕਿ ਇਕ ਗੁਠ ਵਿਚ ਪਏ ਘਾਹ ਉਤੇ ਕੋਈ ਸੁੱਤਾ ਪਿਆ ਸੀ। ਖੰਦਕੀ ਟੋਪੀ ਚੰਗੀ ਤਰ੍ਹਾਂ ਜਾਣੀ-ਪਛਾਣੀ ਲੱਗੀ ਸੀ। ਸਿਗਰਟ ਦਾ ਲੰਮਾ ਕਸ਼ ਲੈਂਦਿਆਂ, ਮੈਂ ਕੁਝ ਬੋਲੇ ਬਗੈਰ ਹੀ ਆਪਣੀ ਬੈਟਰੀ ਜਗਾਈ ਤੇ ਵੇਖਿਆ ਕਿ ਗੁਠ ਵਿਚ ਪਿਆ ਆਦਮੀ ਤਾਂ ਕਾਤਾਸੋਨੋਵ ਸੀ। ਉਹ ਸਿੱਧਾ

ਲੱਕ ਪਰਨੇ ਪਿਆ ਸੀ ਤੇ ਆਪਣੀ ਖੰਦਕੀ ਟੋਪੀ ਨਾਲ ਚਿਹਰਾ ਕੱਜਿਆ ਹੋਇਆ ਸੀ। ਹਾਲੇ ਵੀ ਨਾ ਸਮਝਦਿਆਂ, ਮੈਂ ਖੰਦਕੀ ਟੋਪੀ ਚੁੱਕ ਦਿੱਤੀ। ਪੀਲਾ ਜ਼ਰਦ, ਖ਼ਰਗੋਸ਼ ਦੇ ਚਿਹਰੇ ਵਾਂਗ ਮਾਸੂਮ ਚਿਹਰਾ। ਖੱਬੀ ਅੱਖ ਦੇ ਉਪਰ ਸਾਫ ਛੋਟਾ ਜਿਹਾ ਗੋਲੀ ਨਾਲ ਹੋਇਆ ਛੇਕ...

"ਐਸੀ ਬੇਹੂਦਾ ਦੁਰਘਟਨਾ ਸੀ ਇਹ," ਦਿਓਮਿਨ ਨੇ ਹੌਲੀ ਜਿਹੀ ਆਖਿਆ ਅਤੇ ਦੂਰੋਂ ਉਸ ਦੀ ਆਵਾਜ਼ ਮੇਰੇ ਤੱਕ ਆਈ। "ਉਹਨਾਂ ਨੇ ਕਿਸ਼ਤੀ ਨੂੰ ਥਾਂ ਸਿਰ ਕਰ ਦਿੱਤਾ ਤੇ ਫੇਰ ਮੇਰੇ ਕੋਲ ਬਹਿ ਕੇ ਸਿਗਰਟ ਪੀਣ ਲੱਗੇ। ਕਪਤਾਨ ਏਥੇ ਖੜਾ ਮੇਰੇ ਨਾਲ ਗੱਲਾਂ ਕਰ ਰਿਹਾ ਸੀ, ਜਦੋਂ ਇਸ ਨੇ ਰੀਂਗ ਕੇ ਬਾਹਰ ਆਉਣਾ ਸ਼ੁਰੂ ਕੀਤਾ। ਉਪਰ ਆਉਂਦਿਆਂ ਹੀ ਉਹ ਹੌਲੀ ਜਿਹੀ ਸਰਕ ਕੇ ਖੰਦਕ ਵਿਚ ਪਿੱਛੇ ਹੋ ਗਿਆ। ਸਾਨੂੰ ਤਾਂ ਗੋਲੀ ਚਲਣ ਦੀ ਕੋਈ ਆਵਾਜ਼ ਵੀ ਨਹੀਂ ਸੁਣੀ।... ਕਪਤਾਨ ਦੌੜ ਕੇ ਉਹਦੇ ਨੇੜੇ ਹੋਇਆ ਤੇ ਉਸ ਨੂੰ ਝੰਜੋੜਿਆ, 'ਕਾਤਾਸੋਨੋਵ! ਕਾਤਾਸੋਨੋਵ!' ਅਸੀਂ ਵੇਖਿਆ ਕਿ ਉਹ ਤਾਂ ਮਰ ਚੁੱਕਾ ਸੀ, ਥਾਂ 'ਤੇ ਹੀ। ਕਪਤਾਨ ਨੇ ਆਖਿਆ ਕਿ ਅਸੀਂ ਕਿਸੇ ਨਾਲ ਇਸ ਬਾਰੇ ਗੱਲ ਨਹੀਂ ਕਰਨੀ..."

ਹੁਣ ਮੈਨੂੰ ਸਮਝ ਆਈ ਕਿ ਦਰਿਆ ਤੋਂ ਵਾਪਸ ਜਾਣ ਮਗਰੋਂ ਖੋਲਿਨ ਦਾ ਚਿਹਰਾ ਮੈਨੂੰ ਕੁਝ ਕੁਝ ਅਜੀਬ ਕਿਉਂ ਲੱਗਾ ਸੀ...

"ਕਿਸੇ ਨਾਲ ਕੋਈ ਗੱਲ ਨਹੀਂ ਕਰਨੀ!" ਮੈਂ ਦਰਿਆ ਵਾਲੇ ਪਾਸਿਓਂ ਉਸ ਦੀ ਹਾਕਮਾਨਾ ਫੁਸਰ ਫੁਸਰ ਸੁਣੀ।

ਮੈਂ ਹੁਣ ਸਭ ਕੁਝ ਸਮਝ ਗਿਆ ਸਾਂ। ਹੁਣ ਮੁੰਡਾ ਜਦੋਂ ਸੌਂਪਿਆ ਗਿਆ ਕੰਮ ਨੇਪਰੇ ਚਾੜ੍ਹਨ ਜਾ ਰਿਹਾ ਸੀ, ਉਸ ਨੂੰ ਕਿਸੇ ਵੀ ਹਾਲਤ ਵਿਚ ਪ੍ਰੇਸ਼ਾਨ ਨਹੀਂ ਸੀ ਕੀਤਾ ਜਾ ਸਕਦਾ। ਉਸ ਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ ਲੱਗਣਾ ਚਾਹੀਦਾ।

ਮੈਂ ਹੱਥ ਪੈਰ ਮਾਰ ਕੇ ਖੰਦਕ ਵਿਚੋਂ ਬਾਹਰ ਆਇਆ ਤੇ ਹੌਲੀ ਹੌਲੀ ਦਰਿਆ ਦੇ ਕੰਢੇ ਵੱਲ ਤੁਰ ਪਿਆ। ਮੁੰਡਾ ਕਿਸ਼ਤੀ ਵਿਚ ਸਵਾਰ ਹੋ ਚੁੱਕਾ ਸੀ ਅਤੇ ਮੈਂ ਆਪਣੀ ਟਾਮੀ-ਗੱਨ ਨੂੰ ਤਿਆਰ-ਬਰ-ਤਿਆਰ ਕਰ ਕੇ ਕਿਸ਼ਤੀ ਦੇ ਪਿਛਲੇ ਪਾਸੇ ਉਹਦੇ ਕੋਲ ਜਾ ਬੈਠਾ।

"ਇਕਸਾਰ ਬੈਠੋ," ਖੋਲਿਨ ਨੇ ਸਾਡੇ ਉਤੇ ਇਕ ਕੇਪ ਸੁਟਦਿਆਂ ਹੌਲੀ ਜਿਹੀ ਕਿਹਾ। "ਵੇਖਿਓ, ਕਿਸ਼ਤੀ ਉਲਾਰ ਨਾ ਹੋਵੇ।"

ਉਸ ਨੇ ਕਿਸ਼ਤੀ ਨੂੰ ਧੱਕਾ ਦਿੱਤਾ, ਛਾਲ ਮਾਰ ਕੇ ਸਵਾਰ ਹੋ ਗਿਆ ਤੇ ਚੱਪੂ ਫੜ ਲਏ। ਆਪਣੀ ਘੜੀ ਉਤੇ ਨਜ਼ਰ ਮਾਰ ਕੇ, ਉਸ ਨੇ ਥੋੜਾ ਚਿਰ ਹੋਰ ਉਡੀਕਿਆ ਤੇ ਫੇਰ ਪੋਲੇ ਜਿਹੇ ਸੀਟੀ ਵਜਾਈ। ਇਹ ਕਾਰਵਾਈ ਸ਼ੁਰੂ ਕਰਨ ਦਾ ਇਸ਼ਾਰਾ ਸੀ।

ਉਸੇ ਵੇਲੇ ਉਹਨੂੰ ਜਵਾਬ ਮਿਲਿਆ: ਸੱਜੇ ਪਾਸੇ ਹਨੇਰੇ ਵਿਚ, ਜਿਥੇ ਸਹਾਇਕ ਟੁਕੜੀਆਂ ਦੇ ਕਮਾਂਡਰ ਤੇ ਤੋਪਖਾਨੇ ਦੇ ਨਿਗਰਾਨ ਮੌਜੂਦ ਸਨ, ਵੱਡੀ ਮਸ਼ੀਨ-ਗੱਨ ਖੰਦਕ ਵਿਚੋਂ, ਇਕ ਰਫਲ ਦੇ ਤੜ ਤੜ ਕਰਨ ਦੀ ਆਵਾਜ਼ ਆਈ।

ਖੋਲਿਨ ਨੇ ਕਿਸ਼ਤੀ ਨੂੰ ਘੁਮਾਇਆ ਤੇ ਚੱਪੂ ਮਾਰਨੇ ਸ਼ੁਰੂ ਕਰ ਦਿੱਤੇ। ਕੰਢਾ ਛੇਤੀ ਹੀ ਅਲੋਪ ਹੋ ਗਿਆ। ਠੰਡੀ ਰਾਤ ਨੇ ਆਪਣੀ ਧੁੰਦਲੀ ਚਾਦਰ ਸਾਡੇ ਉਤੇ ਪਾ ਦਿੱਤੀ।

6

ਮੈਂ ਆਪਣੇ ਚਿਹਰੇ ਉਤੇ ਖੋਲਿਨ ਦੇ ਇਕ ਤਾਲ ਵਿਚ ਬੱਝੇ ਗਰਮ ਸਾਹ ਮਹਿਸੂਸ ਕਰ ਸਕਦਾ ਸਾਂ। ਉਹ ਜ਼ੋਰ ਜ਼ੋਰ ਦੀ ਚੱਪੂ ਮਾਰ ਕੇ ਕਿਸ਼ਤੀ ਚਲਾ ਰਿਹਾ ਸੀ ਅਤੇ ਜਦੋਂ ਚੱਪੂ ਪਾਣੀ ਉਤੇ ਵਜਦੇ ਤਾਂ ਪੋਲੇ ਪੋਲੇ ਉਡਦੇ ਛਿੱਟਿਆਂ ਦੀ ਆਵਾਜ਼ ਸੁਣਦੀ ਸੀ। ਮੁੰਡਾ ਕੇਪ ਵਿਚ ਲੁਕਿਆ ਹੋਇਆ, ਬਿਲਕੁਲ ਅਹਿਲ ਮੇਰੇ ਨਾਲ ਬੈਠਾ ਹੋਇਆ ਸੀ।

ਸਾਡੇ ਸਾਮ੍ਹਣੇ ਸੱਜੇ ਕੰਢੇ ਉਤੇ ਜਰਮਨ, ਸਦਾ ਵਾਂਗ ਹੀ, ਉਘੜ ਦੁਘੜ ਗੋਲੀਆਂ ਚਲਾ ਕੇ ਆਪਣੀ ਮੋਹਰਲੀ ਸਫਬੰਦੀ ਦੇ ਇਲਾਕੇ ਨੂੰ ਬੁਹਾਰ ਰਹੇ ਸਨ ਅਤੇ ਚਲਦੇ ਰਾਕਟਾਂ ਨਾਲ ਧਰਾਤਲ ਜਗਮਗ ਕਰ ਉਠਦਾ ਸੀ। ਮੀਂਹ ਪੈਂਦਾ ਹੋਣ ਕਾਰਨ ਗੋਲੀਆਂ ਦੇ ਲਿਸ਼ਕਾਰੇ ਬਹੁਤੇ ਚਮਕੀਲੇ ਨਹੀਂ ਸਨ। ਹਵਾ ਸਾਡੇ ਉਲਟ ਚਲ ਰਹੀ ਸੀ। ਹੁਣ ਤੱਕ ਮੌਸਮ ਸਾਡੇ ਅਨੁਕੂਲ ਸੀ।

ਸਾਡੇ ਕੰਢੇ ਵਲੋਂ ਦਰਿਆ ਉਤੋਂ ਦੀ ਚਾਨਣ ਦੀ ਲੀਕ ਛੱਡਦੀਆਂ ਜਾਂਦੀਆਂ ਗੋਲੀਆਂ ਦੀ ਇਕ ਬਾੜ੍ਹ ਹੋਈ। ਖੱਬੀ ਬਾਹੀ ਤੋਂ ਤੀਜੀ ਬਟਾਲੀਅਨ ਨੇ ਹਰ ਪੰਜਵੇਂ ਸਤਵੇਂ ਮਿੰਟ ਇਸ ਤਰ੍ਹਾਂ ਇਹ ਗੋਲੀਆਂ ਚਲਾਉਣੀਆਂ ਸਨ ਤਾਂ ਜੋ ਵਾਪਸ ਆਉਂਦਿਆਂ ਸਾਨੂੰ ਆਪਣੇ ਰੁਖ਼-ਰਸਤੇ ਦਾ ਪਤਾ ਲਾਉਣ ਵਿਚ ਮਦਦ ਮਿਲ ਸਕੇ।

"ਖੰਡ!" ਖੋਲਿਨ ਨੇ ਹੌਲੀ ਜਿਹੀ ਆਖਿਆ।

ਅਸਾਂ ਸਾਰਿਆਂ ਨੇ ਖੰਡ ਦੀਆਂ ਦੋ ਦੋ ਡਲੀਆਂ ਆਪਣੇ ਮੂੰਹਾਂ ਵਿਚ ਪਾ ਲਈਆਂ ਤੇ ਉਹਨਾਂ ਨੂੰ ਚੂਸਣ ਲੱਗੇ। ਆਪਣੀ ਨਜ਼ਰ ਤੇ ਸੁਣਨ-ਸ਼ਕਤੀ ਨੂੰ ਤਿੱਖਾ ਕਰਨ ਵਾਸਤੇ ਇਸ ਤਰ੍ਹਾਂ ਕਰਨਾ ਜ਼ਰੂਰੀ ਸੀ।

ਅਸੀਂ ਦਰਿਆ ਦੇ ਅੱਧ ਵਿਚ ਪਹੁੰਚ ਗਏ ਹੋਵਾਂਗੇ ਜਦੋਂ ਸਾਡੇ ਸਾਮ੍ਹਣੇ ਪਾਸੇ ਤੋਂ ਇਕ ਮਸ਼ੀਨ-ਗੱਨ ਦੀ ਤੜ ਤੜ ਹੋਣ ਲੱਗੀ। ਸ਼ੂੰ ਕਰਦੀਆਂ ਗੋਲੀਆਂ ਸਾਡੇ ਆਸ ਪਾਸ ਡਿਗਣ ਲੱਗੀਆਂ। ਠੱਪ ਠੱਪ ਕਰਦੇ ਪਾਣੀ ਦੀ ਆਵਾਜ਼ ਆਉਂਦੀ ਤੇ ਸ਼ੂੰ ਸ਼ੂੰ ਕਰਦੇ ਛਿੱਟੇ ਉਡਦੇ।

"ਮਗ—34," ਮੁੰਡੇ ਨੇ ਮੇਰੇ ਨਾਲ ਲੱਗਦਿਆਂ ਭਰੋਸੇ ਨਾਲ ਘੁਸਰ ਮੁਸਰ ਕੀਤਾ। ਉਹਦੀ ਗੱਲ ਠੀਕ ਸੀ।

"ਡਰ ਗਿਆ?"

"ਥੋੜਾ ਜਿਹਾ," ਉਸ ਨੇ ਮਸਾਂ ਸੁਣਦੀ ਆਵਾਜ਼ ਵਿਚ ਮੰਨ ਲਿਆ। "ਮੈਂ ਇਸ ਦਾ ਆਦੀ ਨਹੀਂ ਹੋ ਸਕਦਾ। ਘਬਰਾ ਜਾਂਦਾ ਹਾਂ। ਤੇ ਭੀਖ ਮੰਗਣ ਦਾ ਵੀ—ਇਸ ਦਾ ਵੀ ਮੈਂ ਆਦੀ ਨਹੀਂ ਹੋ ਸਕਦਾ। ਜੀਅ ਕੱਚਾ ਹੋਣ ਲੱਗ ਪੈਂਦਾ ਹੈ!"

ਮੈਂ ਚੰਗੀ ਤਰ੍ਹਾਂ ਸਮਝ ਸਕਦਾ ਸਾਂ ਕਿ ਇਸ ਮਾਣਮੱਤੇ ਨਾਜ਼ਕ-ਮਿਜਾਜ ਮੁੰਡੇ ਲਈ ਭੀਖ ਮੰਗਣਾ ਕੇਡੇ ਅਪਮਾਨ ਵਾਲੀ ਗੱਲ ਹੈ।

"ਗੱਲ ਸੁਣ," ਕੋਈ ਗੱਲ ਯਾਦ ਕਰਦਿਆਂ ਮੈਂ ਫੁਸਰ ਫੁਸਰ ਕੀਤਾ, "ਸਾਡੀ ਬਟਾਲੀਅਨ ਵਿਚ ਇਕ ਬੋਨਦਾਰੇਵ ਹੈ। ਉਹ ਵੀ ਗੋਮੇਲ ਤੋਂ ਹੈ। ਉਹ ਕੋਈ ਤੇਰਾ ਸਾਕ-ਸੰਬੰਧੀ ਤਾਂ ਨਹੀਂ?"

"ਨਹੀਂ, ਮੇਰਾ ਕੋਈ ਸਾਕ-ਸੰਬੰਧੀ ਨਹੀਂ ਹੈ। ਸਿਰਫ ਮੇਰੀ ਮਾਂ ਹੈ।



ਪਤਾ ਨਹੀਂ, ਇਸ ਵੇਲੇ ਉਹ ਕਿਥੇ ਹੈ।" ਉਹਦੀ ਆਵਾਜ਼ ਕੰਬ ਗਈ। ਤੇ ਮੇਰਾ ਖਾਨਦਾਨੀ ਨਾਂ ਬੂਸਲੋਵ ਹੈ, ਬੋਨਦਾਰੇਵ ਨਹੀਂ।"

"ਤੇ ਤੇਰਾ ਆਪਣਾ ਨਾਂ ਇਵਾਨ?"

"ਹਾਂ, ਇਹ ਠੀਕ ਹੈ।"

"ਸ਼ੀ।"

ਖੋਲਿਨ ਕਿਸ਼ਤੀ ਨੂੰ ਹੋਰ ਵੀ ਆਹਿਸਤਾ ਚਲਾਉਣ ਲੱਗ ਪਿਆ। ਪ੍ਰਤੱਖ ਸੀ ਕਿ ਅਸੀਂ ਕੰਢੇ ਦੇ ਨੇੜੇ ਪਹੁੰਚ ਰਹੇ ਸਾਂ। ਜਿੰਨਾ ਚਿਰ ਮੇਰੀਆਂ ਅੱਖਾਂ ਵਿਚ ਪੀੜ ਨਹੀਂ ਹੋਣ ਲੱਗ ਪਈ ਮੈਂ ਹਨੇਰੇ ਵਿਚ ਝਾਕਦਾ ਰਿਹਾ, ਪਰ ਮੈਂ ਮੀਂਹ ਦੀ ਧੁੰਦ ਵਿਚੋਂ ਰਾਕਟਾਂ ਦੇ ਧੁੰਦਲੇ ਲਿਸ਼ਕਾਰਿਆਂ ਤੋਂ ਬਿਨਾਂ ਕੁਝ ਨਾ ਵੇਖ ਸਕਿਆ।

ਅਸੀਂ ਨਾਮ ਮਾਤਰ ਹੀ ਅੱਗੇ ਵਧ ਰਹੇ ਸਾਂ। ਇਕ ਪਲ ਵਿਚ ਕਿਸ਼ਤੀ ਕੰਢੇ ਦੀ ਰੇਤ ਨਾਲ ਜਾ ਘਸਰੀ। ਖੋਲਿਨ ਨੇ ਬੜੀ ਫੁਰਤੀ ਨਾਲ ਚੱਪੂ ਪਾਣੀ ਵਿਚੋਂ ਕੱਢ ਕੇ ਅੰਦਰ ਆਡੇ ਦਾਅ ਟਿਕਾਏ, ਪਾਣੀ ਵਿਚ ਉਤਰ

ਗਿਆ ਤੇ ਕਿਸ਼ਤੀ ਨੂੰ ਘੁਮਾ ਕੇ ਉਸ ਦਾ ਪਿਛਲਾ ਪਾਸਾ ਕੰਢੇ ਵੱਲ ਕਰਕੇ ਖਿਚਿਆ।

ਦੋ ਕੁ ਮਿੰਟ ਅਸੀਂ ਆਪਣੇ ਕੰਨਾਂ ਉਤੇ ਜ਼ੋਰ ਪਾ ਕੇ ਬਿੜਕ ਲਈ। ਮੈਨੂੰ ਪਾਣੀ ਉਤੇ, ਜ਼ਮੀਨ ਉਤੇ ਤੇ ਭਿੱਜੀ ਹੋਈ ਕੇਪ ਉਤੇ ਡਿਗਦੀਆਂ ਕਣੀਆਂ ਦੀ ਆਵਾਜ਼ ਸੁਣਦੀ ਸੀ। ਮੈਂ ਖੋਲਿਨ ਦੇ ਇਕਸਾਰ ਸਾਹਾਂ ਅਤੇ ਆਪਣੇ ਦਿਲ ਦੀ ਧੜਕਣ ਦੀ ਆਵਾਜ਼ ਸੁਣ ਰਿਹਾ ਸੀ। ਪਰ ਇਕ ਵੀ ਮਸ਼ਕੂਕ ਆਵਾਜ਼ ਸਾਡੇ ਕੰਨ ਵਿਚ ਨਹੀਂ ਪਈ ਸੀ। ਖੋਲਿਨ ਨੇ ਮੇਰੇ ਕੰਨ ਵਿਚ ਹੌਲੀ ਜਿਹੀ ਆਖਿਆ :

"ਇਵਾਨ ਆਪਣੀ ਥਾਂ 'ਤੇ ਹੀ ਰਹੇ। ਤੇ ਤੂੰ ਬਾਹਰ ਆ ਕੇ ਕਿਸ਼ਤੀ ਨੂੰ ਫੜ ਰੱਖ।"

ਉਹ ਹਨੇਰੇ ਵਿਚ ਗ਼ਾਇਬ ਹੋ ਗਿਆ। ਸਾਵਧਾਨੀ ਨਾਲ, ਮੈਂ ਕੇਪ ਹੇਠੋਂ ਸਰਕ ਕੇ ਬਾਹਰ ਆਇਆ, ਰੇਤਲੇ ਕੰਢੇ ਉਤੇ ਪਾਣੀ ਵਿਚ ਪੈਰ ਰਖਿਆ, ਆਪਣੀ ਮਸ਼ੀਨ-ਗੰਨ ਨੂੰ ਰੁਖ ਸਿਰ ਕੀਤਾ ਤੇ ਕਿਸ਼ਤੀ ਨੂੰ ਪਿਛਲੇ ਪਾਸੇ ਤੋਂ ਫੜ ਲਿਆ। ਮੈਂ ਅਨੁਭਵ ਕੀਤਾ ਕਿ ਮੁੰਡਾ ਮੇਰੇ ਨਾਲ ਹੀ ਕਿਸ਼ਤੀ ਵਿਚ ਖੜਾ ਹੋ ਗਿਆ ਸੀ।

"ਬਹਿ ਜਾ। ਮੈਂ ਤੇਰੇ ਉਤੇ ਕੇਪ ਪਾ ਦੇਵਾਂਗਾ," ਉਹਦਾ ਹੱਥ ਟੋਂਹਦਿਆਂ ਮੈਂ ਹੌਲੀ ਜਿਹੀ ਆਖਿਆ।

"ਹੁਣ ਕੋਈ ਫਰਕ ਨਹੀਂ ਪੈਂਦਾ," ਉਸ ਨੇ ਧੀਮੀ ਆਵਾਜ਼ ਵਿਚ ਜਵਾਬ ਦਿੱਤਾ।

ਖੋਲਿਨ ਨੇ ਅਚਾਨਕ ਵਿਖਾਲੀ ਦਿੱਤੀ ਤੇ ਸਾਡੇ ਕੋਲ ਆ ਕੇ ਉਹਨੇ ਖ਼ੁਸ਼ੀ ਨਾਲ ਫੁਸਰ ਫੁਸਰ ਕੀਤਾ :

"ਸਭ ਕੁਝ ਠੀਕ ਹੈ! ਰਾਹ ਸਾਫ ਹੈ!"

ਜਾਪਦਾ ਸੀ ਕਿ ਪਾਣੀ ਦੇ ਕੰਢੇ ਦੀਆਂ ਉਹ ਝਾੜੀਆਂ ਜਿਥੇ ਅਸੀਂ ਕਿਸ਼ਤੀ ਨੂੰ ਰੱਖ ਕੇ ਜਾਣਾ ਸੀ ਲਹਿੰਦੇ ਪਾਸੇ ਵੱਲ ਕੋਈ ਤੀਹ ਕਦਮਾਂ ਦੇ ਵਿੱਥ ਉਤੇ ਸਨ।

ਕੁਝ ਮਿੰਟਾਂ ਮਗਰੋਂ ਕਿਸ਼ਤੀ ਲੁਕਾ ਦਿੱਤੀ ਗਈ ਅਤੇ ਅਸੀਂ ਨੀਵੇਂ ਹੋ

ਕੇ ਕੰਢੇ ਦੇ ਨਾਲ ਨਾਲ ਸਰਕਣ ਲੱਗੇ। ਵਿਚ ਵਿਚ ਖਲੋ ਕੇ ਅਸੀਂ ਬਿੜਕਾਂ ਲੈਣ ਲੱਗ ਜਾਂਦੇ ਸਾਂ। ਜਦੋਂ ਲਾਗੇ ਹੀ ਕਿਸੇ ਰਾਕਟ ਦੀ ਲਿਸ਼ਕ ਪੈਂਦੀ ਅਸੀਂ ਪੱਥਰਾਂ ਦੀ ਆੜ ਹੇਠ ਰੇਤ ਉਤੇ ਲੰਮੇ ਪੈ ਜਾਂਦੇ, ਇਉਂ ਅਹਿਲ ਜਿਵੇਂ ਕੋਈ ਮੁਰਦਾ ਹੋਵੇ। ਆਪਣੀ ਅੱਖ ਦੇ ਕੋਏ ਵਿਚੋਂ ਮੈਂ ਮੁੰਡੇ ਨੂੰ ਵੇਖ ਸਕਦਾ ਸਾਂ। ਮੀਂਹ ਨਾਲ ਉਹਦੇ ਕਪੜੇ ਗੰਧਲੇ ਹੋ ਗਏ ਸਨ। ਮੈਂ ਤੇ ਖੋਲਿਨ ਵਾਪਸ ਆਵਾਂਗੇ ਤੇ ਕਪੜੇ ਬਦਲ ਲਵਾਂਗੇ, ਪਰ ਉਹ...

ਅਚਾਨਕ ਖੋਲਿਨ ਦੀ ਚਾਲ ਮੱਠੀ ਹੋ ਗਈ ਤੇ ਉਸ ਨੇ ਮੁੰਡੇ ਨੂੰ ਹੱਥੋਂ ਫੜ ਕੇ ਵਾਪਸ ਪਾਣੀ ਵਿਚ ਖਿਚ ਲਿਆ। ਸਾਡੇ ਸਾਮ੍ਹਣੇ ਰੇਤ ਉਤੇ ਕਿਹੜੇ ਆਕਾਰ ਲਿਸ਼ਕ ਰਹੇ ਸਨ? "ਸਾਡੇ ਜਾਸੂਸਾਂ ਦੀਆਂ ਦੇਹਾਂ," ਮੈਂ ਅੰਦਾਜ਼ਾ ਲਾਇਆ।

"ਇਹ ਕੀ ਹੈ?" ਮੁੰਡੇ ਨੇ ਪੁੱਛਿਆ।

"ਜਰਮਨ-ਸਿਪਾਹੀ," ਖੋਲਿਨ ਨੇ ਮੁੰਡੇ ਨਾਲ ਜਲਦੀ ਜਲਦੀ ਅੱਗੇ ਵਧਦਿਆਂ ਕਾਹਲੀ ਵਿਚ ਆਖਿਆ। "ਸਾਡੇ ਕੰਢੇ ਤੋਂ ਛਹਿ ਲਾ ਕੇ ਸੈਨਿਕਾਂ ਨੇ ਪਾਰ ਬੁਲਾਏ।"

"ਗੰਦੇ ਕੀੜੇ, ਕਮੀਨੇ! ਆਪਣੇ ਹੀ ਬੰਦਿਆਂ ਦੇ ਕਪੜੇ ਲਾਹ ਲਏ!" ਮੁੰਡੇ ਨੇ ਮੋਢੇ ਉਪਰੋਂ ਦੀ ਪਿੱਛੇ ਨਜ਼ਰ ਮਾਰਦਿਆਂ ਨਫਰਤ ਨਾਲ ਹੌਲੀ ਜਿਹੀ ਆਖਿਆ।

ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਅਸੀਂ ਆਦਿ-ਜੁਗਾਦਿ ਤੋਂ ਹੀ ਤੁਰਦੇ ਆ ਰਹੇ ਸਾਂ ਤੇ ਅਸੀਂ ਬਹੁਤ ਪਹਿਲਾਂ ਹੀ ਏਥੇ ਪਹੁੰਚ ਗਏ ਸਾਂ। ਪਰ ਮੈਂ ਆਪਣੇ ਆਪ ਨੂੰ ਚੇਤਾ ਕਰਾਇਆ ਕਿ ਇਹ ਥਾਂ ਜਿਥੇ ਦੇਹਾਂ ਪਈਆਂ ਹਨ ਉਹਨਾਂ ਝਾੜੀਆਂ ਤੋਂ ਕੋਈ ਚਾਰ ਸੌ ਗਜ਼ ਹੀ ਦੂਰ ਹੈ ਜਿਥੇ ਕਿਸ਼ਤੀ ਲੁਕਾਈ ਗਈ ਸੀ। ਤੇ ਅਸੀਂ ਖੱਡ ਤੋਂ ਵੀ ਹਾਲੇ ਏਨੀ ਕੁ ਦੂਰ ਸੀ।

ਛੇਤੀ ਹੀ ਅਸੀਂ ਇਕ ਹੋਰ ਲਾਸ਼ ਕੋਲੋਂ ਲੰਘੇ। ਇਹ ਬਹੁਤ ਜ਼ਿਆਦਾ ਗਲ-ਸੜ ਗਈ ਹੋਈ ਸੀ ਤੇ ਦੂਰੋਂ ਹੀ ਜੀਅ ਖਰਾਬ ਕਰਨ ਵਾਲੀ ਮੁਸ਼ਕ ਮਾਰਦੀ ਸੀ। ਖੱਬੇ ਕੰਢੇ ਤੋਂ ਚਾਨਣ ਕਰਨ ਵਾਲੀਆਂ ਗੋਲੀਆਂ ਦੀ ਬੁਛਾੜ ਨੇ ਮੀਂਹ ਵਰ੍ਹਾਉਂਦੇ ਅਸਮਾਨ ਵਿਚ ਚੀਰ ਪਾ ਦਿੱਤਾ। ਹੁਣ ਖੱਡ ਸਾਡੇ ਨੇੜੇ ਹੀ

ਸੀ, ਪਰ ਅਸੀਂ ਇਸ ਨੂੰ ਵੇਖ ਨਹੀਂ ਸੀ ਸਕਦੇ। ਏਥੇ ਉਹ ਰਾਕਟ ਨਹੀਂ ਸੀ ਚਲਾਉਂਦੇ, ਸ਼ਾਇਦ ਇਸ ਵਾਸਤੇ ਕਿ ਸਾਰਾ ਥੱਲਾ ਹੀ ਵਿੱਛੀਆਂ ਸੁਰੰਗਾਂ ਨਾਲ ਭਰਿਆ ਹੋਇਆ ਸੀ ਅਤੇ ਖੱਡ ਦੇ ਮੱਥੇ ਉਤੇ ਖੰਦਕਾਂ ਹੀ ਖੰਦਕਾਂ ਸਨ ਤੇ ਸੈਨਿਕ ਗਸ਼ਤ ਕਰਦੇ ਰਹਿੰਦੇ ਸਨ। ਜ਼ਾਹਿਰ ਹੈ ਕਿ ਜਰਮਨਾਂ ਨੂੰ ਇਸ ਗੱਲ ਦਾ ਯਕੀਨ ਸੀ ਕਿ ਏਥੇ ਕੋਈ ਵੀ ਕਦਮ ਨਹੀਂ ਰੱਖੇਗਾ।

ਇਹ ਖੱਡ, ਜਿਹੜਾ ਵੀ ਏਥੇ ਪੈਰ ਪਾਵੇ ਉਹਦੇ ਵਾਸਤੇ ਇਕ ਵਧੀਆ ਕੁੜਿੱਕੀ ਸੀ। ਅਤੇ ਸਾਡੀ ਵਿਉਂਤ ਦਾ ਆਧਾਰ ਇਹ ਗੱਲ ਸੀ ਕਿ ਮੁੰਡਾ ਕਿਸੇ ਦੀ ਨਜ਼ਰ ਵਿਚ ਆਏ ਬਗੈਰ ਏਥੋਂ ਨਿਕਲ ਜਾਵੇ।

ਅਖੀਰ ਖੋਲਿਨ ਖੜਾ ਹੋ ਗਿਆ, ਅਤੇ ਸਾਨੂੰ ਬਹਿ ਜਾਣ ਦਾ ਇਸ਼ਾਰਾ ਕਰਕੇ, ਉਹ ਆਪ ਅੱਗੇ ਚਲਾ ਗਿਆ।

ਛੇਤੀ ਹੀ ਉਹ ਵਾਪਸ ਆ ਗਿਆ ਤੇ ਹੌਲੀ ਜਿਹੀ ਸਾਨੂੰ ਹੁਕਮ ਦਿੱਤਾ :

"ਮੇਰੇ ਮਗਰ ਆ ਜਾਓ।"

ਅਸੀਂ ਕੋਈ ਤੀਹ ਕੁ ਕਦਮ ਹੋਰ ਅੱਗੇ ਗਏ ਅਤੇ ਵਧਵੇਂ ਕੰਢੇ ਦੇ ਪਾਰ ਪੈਰਾਂ ਭਾਰ ਬਹਿ ਗਏ।

"ਖੱਡ ਬਿਲਕੁਲ ਸਾਡੇ ਸਾਮ੍ਹਣੇ ਹੈ," ਖੋਲਿਨ ਨੇ ਆਖਿਆ। ਉਸ ਨੇ ਆਪਣੇ ਨਕਾਬੀ ਚੋਗੇ ਦੀ ਬਾਂਹ ਪਿੱਛੇ ਹਟਾ ਕੇ ਚਮਕਦੇ ਡਾਇਲ ਵਾਲੀ ਆਪਣੀ ਘੜੀ ਉਤੇ ਨਜ਼ਰ ਮਾਰੀ ਅਤੇ ਮੁੰਡੇ ਨੂੰ ਹੌਲੀ ਜਿਹੀ ਆਖਿਆ :

"ਸਾਡੇ ਕੋਲ ਚਾਰ ਮਿੰਟ ਹੋਰ ਨੇ। ਕਿਵੇਂ ਮਹਿਸੂਸ ਹੋ ਰਿਹਾ ਹੈ ?"

"ਬਿਲਕੁਲ ਠੀਕ !"

ਕੁਝ ਚਿਰ ਅਸੀਂ ਹਨੇਰੇ ਵਿਚ ਕੰਨ ਖੜੇ ਕਰ ਕੇ ਬਿੜਕਾਂ ਲੈਂਦੇ ਬੈਠੇ ਰਹੇ। ਸੜ੍ਹਿਆਂਦ ਤੇ ਸਿਲ੍ਹ ਦੀ ਮੁਸ਼ਕ ਸੀ। ਇਕ ਲਾਸ਼—ਇਹ ਸਾਡੇ ਸੱਜੇ ਹੱਥ ਕੋਈ ਤਿੰਨ ਗਜ਼ ਦੂਰ ਰੇਤ ਵਿਚ ਨਜ਼ਰ ਆ ਰਹੀ ਸੀ—ਪ੍ਰਤੱਖ ਤੌਰ ਤੇ ਖੋਲਿਨ ਨੂੰ ਰਾਹ ਵਿਖਾਉਣ ਦਾ ਕੰਮ ਕਰ ਰਹੀ ਸੀ।

"ਹੱਛਾ, ਮੈਂ ਚਲਦਾ ਹਾਂ," ਮੁੰਡੇ ਨੇ ਹੌਲੀ ਜਿਹੀ ਆਖਿਆ।

"ਮੈਂ ਤੈਨੂੰ ਥੋੜਾ ਜਿਹਾ ਅੱਗੇ ਕਰ ਆਉਂਦਾ ਹਾਂ," ਖੋਲਿਨ ਨੇ ਅਚਾਨਕ ਫੁਸਰ ਫੁਸਰ ਕੀਤਾ। "ਖੱਡ ਵਿਚੋਂ ਦੀ। ਬਹੁਤ ਦੂਰ ਤੱਕ ਨਹੀਂ।"

ਇਹ ਗੱਲ ਵਿਉਂਤ ਵਿਚ ਸ਼ਾਮਲ ਨਹੀਂ ਸੀ।

"ਨਹੀਂ !" ਮੁੰਡੇ ਨੇ ਆਖਿਆ। "ਮੈਂ ਇਕੱਲਾ ਜਾਵਾਂਗਾ। ਤੂੰ ਵੱਡਾ ਏਂ। ਪਤਾ ਲੱਗ ਜਾਏਗਾ।"

"ਜੇ ਮੈਂ ਅਗਾਂਹ ਕਰ ਆਵਾਂ ?" ਮੈਂ ਕੱਚੇ-ਪੱਕੇ ਮਨ ਨਾਲ ਕਿਹਾ।

"ਘਟੋ ਘਟ ਖੱਡ ਤੱਕ ਤਾਂ ਛੱਡ ਆਵਾਂ," ਖੋਲਿਨ ਨੇ ਤਕਰੀਬਨ ਤਰਲਾ ਹੀ ਲਿਆ ਸੀ। "ਚੀਕਣੀ ਥਾਂ ਹੈ, ਪੈੜਾਂ ਰਹਿ ਜਾਣਗੀਆਂ ਤੇਰੀਆਂ। ਮੈਂ ਚੁੱਕ ਕੇ ਲੈ ਚਲਦਾ ਹਾਂ।"

"ਮੈਂ ਆਖਿਆ ਜੁ ਹੈ," ਮੁੰਡੇ ਨੇ ਸਿਰੜ ਤੇ ਗੁੱਸੇ ਨਾਲ ਆਖਿਆ। "ਮੈਂ ਇਕੱਲਾ ਹੀ ਜਾਵਾਂਗਾ।"

ਉਹ ਮੇਰੇ ਇਕ ਪਾਸੇ ਖੜਾ ਹੋ ਗਿਆ, ਲਿੱਸੀ ਜਿਹੀ ਦਰਦਨਾਕ ਸੂਰਤ। ਮੈਨੂੰ ਜਾਪਿਆ ਜਿਵੇਂ ਉਹਦੇ ਖੁਥੜ ਜਿਹੇ ਪੁਰਾਣੇ ਕਪੜਿਆਂ ਵਿਚ ਉਹਦਾ ਲੂੰ ਲੂੰ ਕੰਬ ਰਿਹਾ ਸੀ। ਜਾਂ ਹੋ ਸਕਦਾ ਹੈ, ਇਹ ਮੇਰੀ ਕਲਪਨਾ ਹੀ ਹੋਵੇ...।

"ਚੰਗਾ ਫੇਰ ਮਿਲਾਂਗੇ," ਇਕ ਪੱਲ ਚੁੱਪ ਰਹਿ ਕੇ ਉਸ ਨੇ ਖੋਲਿਨ ਨੂੰ ਆਖਿਆ।

"ਫੇਰ ਮਿਲਾਂਗੇ !" (ਮੈਂ ਮਹਿਸੂਸ ਕੀਤਾ ਕਿ ਉਹਨਾਂ ਨੇ ਗਲਵਕੜੀ ਪਾਈ ਸੀ ਤੇ ਖੋਲਿਨ ਨੇ ਉਸ ਨੂੰ ਚੁੰਮਿਆ ਸੀ।) "ਜੋ ਕੁਝ ਵੀ ਕਰੇਂ, ਧਿਆਨ ਨਾਲ ਕਰੀਂ ! ਆਪਣਾ ਧਿਆਨ ਰੱਖੀਂ ! ਫਿਓਦੋਰੋਵਕਾ ਵਿਚ ਸਾਨੂੰ ਉਡੀਕੀਂ !"

"ਚੰਗਾ, ਫੇਰ ਮਿਲਾਂਗੇ !" ਇਸ ਵਾਰ ਮੁੰਡੇ ਨੇ ਮੈਨੂੰ ਸੰਬੋਧਨ ਕੀਤਾ।

"ਫੇਰ ਮਿਲਾਂਗੇ !" ਮੈਂ ਹਨੇਰੇ ਵਿਚ ਮੁੰਡੇ ਦਾ ਪਤਲਾ ਜਿਹਾ ਹੱਥ ਟਟੋਲਦਿਆਂ ਤੇ ਜ਼ੋਰ ਨਾਲ ਘੁਟਦਿਆਂ ਗਹਿਰੇ ਜਜ਼ਬਾਤ ਨਾਲ ਹੌਲੀ ਜਿਹੀ ਕਿਹਾ।

ਮੈਂ ਉਸ ਨੂੰ ਚੁੰਮਣਾ ਚਾਹੁੰਦਾ ਸਾਂ, ਪਰ ਇਕ ਪਲ ਲਈ ਝਿਜਕ ਗਿਆ। ਮੇਰੇ ਅੰਦਰ ਸਖ਼ਤ ਹਲਚਲ ਮੱਚੀ ਹੋਈ ਸੀ ਤੇ ਮੈਂ ਕੋਈ ਦਰਜਨ ਕੁ ਵਾਰ ਇਹ ਲਫ਼ਜ਼ ਦੁਹਰਾਏ : "ਫੇਰ ਮਿਲਾਂਗੇ !" ਕਿਉਂਕਿ ਮੈਂ ਇਹ ਨਹੀਂ ਸੀ

ਮੂੰਹ ਵਿਚ ਨਿਕਲਣ ਦੇਣਾ ਚਾਹੁੰਦਾ ਜਿਵੇਂ ਛੇ ਦਿਨ ਪਹਿਲਾਂ ਹੋਇਆ ਸੀ: "ਅਲਵਿਦਾ!"

ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਚੁੰਮਣ ਲਈ ਆਪਣਾ ਮਨ ਬਣਾ ਸਕਦਾ ਉਹ ਚੁਪ-ਚਾਪ ਹਨੇਰੇ ਵਿਚ ਗ਼ਾਇਬ ਹੋ ਗਿਆ ਸੀ।

7

ਖੋਲਿਨ ਤੇ ਮੈਂ ਕੰਢੇ ਦੇ ਨਾਲ ਦਬਕ ਗਏ ਜਿਸ ਦਾ ਵਧਵਾਂ ਹਿੱਸਾ ਸਾਡੇ ਸਿਰਾਂ ਦੇ ਉਪਰ ਸੀ, ਅਤੇ ਕੰਨ ਲਾ ਕੇ ਬਿੜਕਾਂ ਲੈਣ ਲੱਗੇ। ਇਕਸਾਰ ਕਿਣਮਿਣ ਕਿਣਮਿਣ ਜਾਰੀ ਸੀ, ਸੀਤ ਪਤਝੜ ਦੀ ਕਿਣਮਿਣ ਜੋ ਲੱਗਦਾ ਸੀ ਕਦੇ ਬੰਦ ਹੀ ਨਹੀਂ ਹੋਵੇਗੀ। ਪਾਣੀ ਵਲੋਂ ਕੰਬਣੀਆਂ ਛੇੜਦੀ ਸਿਲ੍ਹ ਆ ਰਹੀ ਸੀ।

ਮੁੰਡੇ ਦੇ ਚਲੇ ਜਾਣ ਮਗਰੋਂ ਚਾਰ ਮਿੰਟ ਲੰਘ ਗਏ ਸਨ ਅਤੇ ਜਿਸ ਪਾਸੇ ਵੱਲ ਮੁੰਡਾ ਗਿਆ ਸੀ ਉਧਰੋਂ ਸਾਨੂੰ ਕਦਮਾਂ ਦੀ ਆਵਾਜ਼ ਆਈ ਅਤੇ ਕੰਠਵੀਂ ਆਵਾਜ਼ ਵਿਚ ਨੱਪੀ ਘੁੱਟੀ ਗਲਬਾਤ ਸੁਣਾਈ ਦਿੱਤੀ।

"ਜਰਮਨ!"

ਖੋਲਿਨ ਨੇ ਮੇਰਾ ਮੋਢਾ ਘੁਟਿਆ, ਪਰ ਚਿਤਾਵਨੀ ਬੇਲੋੜੀ ਸੀ। ਮੈਂ ਉਹਦੇ ਨਾਲੋਂ ਵੀ ਪਹਿਲਾਂ ਆਵਾਜ਼ ਸੁਣ ਲਈ ਸੀ ਅਤੇ ਆਪਣੀ ਟਾਮੀ-ਗੱਨ ਦਾ ਸੇਫਟੀ ਕੈਚ ਖੋਹਲ ਲਿਆ ਸੀ। ਇਕ ਗਰਨੇਡ ਆਪਣੇ ਹੱਥ ਵਿਚ ਫੜੀ ਮੈਂ ਚੁੱਪ ਪੱਥਰ ਬਣਿਆ ਖੜਾ ਸਾਂ।

ਕਦਮਾਂ ਦੀ ਆਵਾਜ਼ ਨੇੜੇ ਆਉਂਦੀ ਗਈ। ਕਈ ਬੰਦਿਆਂ ਦੇ ਪੈਰਾਂ ਹੇਠ ਚਿੱਕੜ ਦੇ ਖਲਚ ਖਲਚ ਕਰਨ ਦੀ ਆਵਾਜ਼ ਸੁਣਨ ਲੱਗ ਪਈ। ਮੇਰਾ ਮੂੰਹ ਸੁੱਕ ਗਿਆ ਤੇ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੱਕ ਧੱਕ ਕਰਨ ਲੱਗਾ।

"Verfluchtes Wetter! Hohl es der Teufel...*"

---

* ਲਾਅਨਤੀ ਮੌਸਮ! ਕੇਡਾ ਭੈੜਾ...।—ਸੰਪਾ:

"Halte's Maul, Otto!.. Links halten!..*

ਜਰਮਨ ਵਿਚ ਗੱਲਾਂ ਕਰਦੇ ਉਹ ਏਨੇ ਨੇੜਿਓਂ ਸਾਡੇ ਕੋਲ ਦੀ ਲੰਘੇ ਕਿ ਠੰਡੇ ਚਿੱਕੜ ਦੇ ਛਿੱਟੇ ਮੇਰੇ ਚਿਹਰੇ ਉਤੇ ਪੈ ਗਏ। ਪਲ ਕੁ ਮਗਰੋਂ, ਇਕ ਰਾਕਟ ਦੇ ਚਾਨਣ ਵਿਚ ਅਸੀਂ ਬਾਰਸ਼ ਦੇ ਧੁੰਦਲਕੇ ਵਿਚ ਉਹਨਾਂ ਦੀਆਂ ਸ਼ਕਲਾਂ ਪਛਾਣ ਸਕਦੇ ਸਾਂ। ਉੱਚੇ ਲੰਮੇ (ਉਪਰ ਵੇਖਦਿਆਂ ਮੈਨੂੰ ਉਹ ਇਸ ਤਰ੍ਹਾਂ ਹੀ ਜਾਪੇ ਸਨ), ਸੁਖਦਾਈ ਟੋਪੀਆਂ ਦੇ ਉਪਰ ਲੋਹ-ਟੋਪ ਤੇ ਉਸੇ ਤਰ੍ਹਾਂ ਦੇ ਖੁਰੀਆਂ ਵਾਲੇ ਭਾਰੇ ਬੂਟ ਜਿਸ ਤਰ੍ਹਾਂ ਦੇ ਮੈਂ ਤੇ ਖੋਲਿਨ ਨੇ ਪਾਏ ਹੋਏ ਸਨ। ਤਿੰਨ ਜਣਿਆਂ ਨੇ ਭਾਰੀ ਤਰਪਾਲਾਂ ਉਤੇ ਲਈਆਂ ਹੋਈਆਂ ਸਨ ਅਤੇ ਚੌਥੇ ਨੇ ਲੰਮੀ ਬਰਸਾਤੀ ਪਾਈ ਹੋਈ ਸੀ ਜਿਹੜੀ ਮੀਂਹ ਨਾਲ ਡਲ੍ਹਕਾਂ ਮਾਰ ਰਹੀ ਸੀ। ਬਰਸਾਤੀ ਉਤੇ ਲੱਕ ਦੁਆਲੇ ਪੇਟੀ ਬੰਨ੍ਹੀ ਹੋਈ ਸੀ ਜਿਸ ਵਿਚ ਹੋਲਸਟਰ ਪਸਤੌਲ ਅੜੁੰਗਿਆ ਹੋਇਆ ਸੀ। ਉਹਨਾਂ ਦੇ ਮੋਢਿਆਂ ਉਤੇ ਟਾਮੀ-ਗੱਨਾਂ ਲਟਕ ਰਹੀਆਂ ਸਨ।

ਇਹ ਚਾਰ ਬੰਦੇ ਸਨ—ਸ਼ੁਟਜ਼ ਸਟਾਫ** ਰੈਜਮੈਂਟ ਦੀ ਰੱਖਿਆ ਚੌਕੀ ਦੀ ਗਸ਼ਤੀ ਟੁਕੜੀ, ਜਰਮਨ ਫੌਜ ਦੀ ਲੜਾਕੂ ਗਸ਼ਤੀ ਟੁਕੜੀ ਜਿਸ ਦੇ ਅੱਗੋਂ ਦੀ ਕੁਝ ਚਿਰ ਪਹਿਲਾਂ ਹੀ ਗੋਮੇਲ ਦਾ ਬਾਰਾਂ ਵਰ੍ਹਿਆਂ ਦਾ ਮੁੰਡਾ ਇਵਾਨ ਬੂਸਲੋਵ ਖਿਸਕ ਕੇ ਲੰਘਿਆ ਸੀ ਜਿਸ ਦਾ ਨਾਂ ਸਾਡੀਆਂ ਖੁਫੀਆਂ ਮਹਿਕਮੇ ਦੀਆਂ ਫਾਈਲਾਂ ਵਿਚ "ਬੋਨਦਾਰੇਵ" ਲਿਖਿਆ ਹੋਇਆ ਸੀ।

ਜਦੋਂ ਰਾਕਟ ਦੇ ਜਗਦੇ ਬੁਝਦੇ ਚਾਨਣ ਵਿਚ ਉਹ ਸਾਡੀ ਨਜ਼ਰ ਪਏ ਸਨ ਓਦੋਂ ਉਹ ਸਾਡੇ ਤੋਂ ਦਸ ਕਦਮਾਂ ਦੀ ਵਿਥ ਅੰਦਰ ਪਾਣੀ ਦੇ ਕੰਢੇ ਵੱਲ ਉਤਰਨ ਵਾਲੇ ਸਨ। ਹਨੇਰੇ ਵਿਚ ਅਸੀਂ ਆਵਾਜ਼ ਸੁਣੀ ਸੀ ਕਿਵੇਂ ਉਹਨਾਂ ਨੇ ਰੇਤ ਉੱਤੇ ਛਾਲਾਂ ਮਾਰੀਆਂ ਸਨ ਤੇ ਫੇਰ ਉਹਨਾਂ ਝਾੜੀਆਂ ਵੱਲ ਵਧ ਗਏ ਸਨ ਜਿਥੇ ਅਸੀਂ ਕਿਸ਼ਤੀ ਲੁਕਾਈ ਹੋਈ ਸੀ।

ਮੈਨੂੰ ਖੋਲਿਨ ਨਾਲੋਂ ਬਹੁਤੀ ਔਖ ਮਹਿਸੂਸ ਹੋ ਰਹੀ ਸੀ। ਮੈਂ ਜਾਸੂਸ ਨਹੀਂ ਸਾਂ ਅਤੇ ਜੰਗ ਦੇ ਪਹਿਲੇ ਮਹੀਨਿਆਂ ਤੋਂ ਹੀ ਲੜ ਰਿਹਾ ਸਾਂ। ਦੁਸ਼ਮਣ ਨੂੰ,

---

* ਜ਼ਬਾਨ ਬੰਦ ਰੱਖ, ਓਟੋ!.. ਖੱਬੇ ਪਾਸੇ ਰਹਿ!.. ਸੰਪਾ:

** ਨਾਜ਼ੀਆਂ ਦੀ ਵਿਸ਼ੇਸ਼ ਫੌਜੀ ਪੁਲਸ।—ਸੰਪਾ:

ਗੱਨ ਵਾਲੇ ਜਿਉਂਦੇ ਜਾਗਦੇ ਦੁਸ਼ਮਣ ਨੂੰ ਵੇਖ ਕੇ ਹੀ ਮੇਰੇ ਅੰਦਰ ਗੋਲੀ ਚਲਾਉਣ ਵਾਲੇ ਸੈਨਿਕ ਦਾ ਜੋਸ਼ ਜਾਗ ਪਿਆ ਸੀ ਜਿਹੜਾ ਪਹਿਲਾਂ ਵੀ ਅਕਸਰ ਜਾਗ ਪਿਆ ਕਰਦਾ ਸੀ। ਮੇਰੀ ਪਹਿਲੀ ਉਮੰਗ, ਮੇਰੀ ਪਹਿਲੀ ਤਾਂਘ, ਮੇਰੀ ਪਹਿਲੀ ਅਮੋੜ ਖਾਹਿਸ਼ ਇਹ ਸੀ ਕਿ ਇਸ ਦੁਸ਼ਮਣ ਨੂੰ ਥਾਂ ਤੇ ਹੀ ਮਾਰ ਦੇਵਾਂ। ਮੈਂ ਇਹਨਾਂ ਨੂੰ ਮਾਰ ਦੇਵਾਂਗਾ, ਮੈਂ ਆਪਣੀ ਗੱਨ ਦੀ ਇਕੋ ਬਾੜ੍ਹ ਨਾਲ ਸਾਰਿਆਂ ਨੂੰ ਢੇਰੀ ਕਰ ਦੇਵਾਂਗਾ। ਜਦੋਂ ਮੈਂ ਆਪਣੀ ਗੱਨ ਨੂੰ ਹੱਥ ਪਾ ਲਿਆ ਸੀ ਓਦੋਂ ਮੈਂ ਇਸ ਤੋਂ ਸਿਵਾਏ ਹੋਰ ਕੁਝ ਨਹੀਂ ਸੋਚ ਰਿਹਾ ਹੋਵਾਂਗਾ। ਪਰ ਖੋਲਿਨ ਮੇਰੇ ਬਾਰੇ ਸੋਚ ਰਿਹਾ ਸੀ। ਹਨੇਰੇ ਵਿਚ ਮੇਰੀ ਹਰਕਤ ਨੂੰ ਭਾਂਪ ਕੇ ਉਸ ਨੇ ਮੇਰੀ ਬਾਂਹ ਘੁਟ ਕੇ ਫੜ ਲਈ ਸੀ। ਆਪਣੇ ਆਪ ਨੂੰ ਸੰਭਾਲਦਿਆਂ ਮੈਂ ਆਪਣੀ ਟਾਮੀ-ਗੱਨ ਹੇਠਾਂ ਕਰ ਲਈ।

"ਇਹਨਾਂ ਨੂੰ ਕਿਸ਼ਤੀ ਦਾ ਪਤਾ ਲੱਗ ਜਾਣਾ ਹੈ!" ਉਹਨਾਂ ਦੀ ਪੈਰ-ਚਾਪ ਦੂਰ ਹੋ ਜਾਣ 'ਤੇ, ਮੈਂ ਆਪਣੀ ਬਾਂਹ ਮਲਦਿਆਂ, ਹੌਲੀ ਜਿਹੀ ਆਖਿਆ। ਖੋਲਿਨ ਚੁੱਪ ਰਿਹਾ।

"ਸਾਨੂੰ ਕੁਝ ਕਰਨਾ ਚਾਹੀਦਾ ਹੈ," ਥੋੜਾ ਚਿਰ ਚੁੱਪ ਰਹਿਣ ਮਗਰੋਂ ਮੈਂ ਫੇਰ ਤੌਖਲੇ ਨਾਲ ਆਖਿਆ। "ਜੇ ਉਹਨਾਂ ਨੂੰ ਕਿਸ਼ਤੀ ਦਾ ਪਤਾ ਲੱਗ ਗਿਆ..."

"ਜੇ!"... ਤੈਸ਼ ਵਿਚ ਆ ਗਏ ਖੋਲਿਨ ਦੇ ਸਾਹ ਦੀ ਹਵਾੜ ਮੈਨੂੰ ਆਪਣੇ ਚਿਹਰੇ ਉਤੇ ਮਹਿਸੂਸ ਹੋਈ। ਮੈਨੂੰ ਲੱਗਾ ਕਿ ਉਹ ਮੇਰਾ ਗਲ ਘੁਟ ਦੇਵੇਗਾ। "ਤੇ ਜੇ ਉਹਨਾਂ ਮੁੰਡੇ ਨੂੰ ਫੜ ਲਿਆ! ਕੀ ਖਿਆਲ ਹੈ, ਅਸੀਂ ਉਹਨੂੰ ਬਿਪਤਾ ਵਿਚ ਛੱਡ ਜਾਵਾਂਗੇ? ਤੂੰ ਕੀ ਏਂ, ਉਜੱਡ, ਸੂਰ ਜਾਂ ਪਾਗਲ?"

"ਪਾਗਲ," ਥੋੜਾ ਚਿਰ ਚੁਪ ਰਹਿਣ ਬਾਦ ਮੈਂ ਹੌਲੀ ਜਿਹੀ ਕਿਹਾ।

"ਮਾਨਸਿਕ ਰੋਗੀ," ਖੋਲਿਨ ਨੇ ਕੁਝ ਕੁਝ ਸੋਚੀਂ ਪੈ ਕੇ ਕਿਹਾ। "ਜੰਗ ਖਤਮ ਹੋ ਜਾਏ ਤਾਂ ਇਲਾਜ ਕਰਵਾ।"

ਮੈਂ ਕੰਨ ਲਾ ਕੇ ਬਿੜਕਾਂ ਲੈ ਰਿਹਾ ਸਾਂ। ਹਰ ਪਲ ਮੈਨੂੰ ਏਹੋ ਆਸ ਸੀ ਕਿ ਜਰਮਨ ਕਿਸ਼ਤੀ ਲਭ ਪੈਣ ਉਤੇ ਚੀਕ-ਚਿਹਾੜਾ ਪਾਉਣਗੇ। ਸਾਡੇ ਖੱਬੇ ਪਾਸੇ ਮਸ਼ੀਨ-ਗੱਨ ਦੀ ਤੜ ਤੜ ਹੋਈ। ਇਸ ਤੋਂ ਬਾਦ ਇਕ ਹੋਰ



ਦੀਆਂ ਗੋਲੀਆਂ ਸਿਧੀਆਂ ਸਾਡੇ ਸਿਰ ਉਤੋਂ ਲੰਘੀਆਂ। ਬਾਦ ਦੀ ਖਾਮੋਸ਼ੀ ਵਿਚ, ਅਸੀਂ ਮੀਂਹ ਦੀ ਇਕਸਾਰ ਟਿਪ ਟਿਪ ਸੁਣ ਰਹੇ ਸਾਂ। ਕੰਢੇ ਦੇ ਨਾਲ ਨਾਲ ਪੂਰੀ ਕਤਾਰ ਵਿਚ ਥੋੜੇ ਥੋੜੇ ਚਿਰ ਬਾਦ ਕਦੇ ਕਿਤੋਂ ਕਦੇ ਕਿਤੋਂ ਰਾਕਟ ਹਨੇਰੇ ਨੂੰ ਚੀਰ ਜਾਂਦੇ। ਜ਼ਮੀਨ ਉਤੇ ਡਿਗਣ ਤੋਂ ਪਹਿਲਾਂ ਉਹ ਮਚਦੇ, ਸੂੰ ਕਰਦੇ ਤੇ ਬੁਝ ਜਾਂਦੇ।

ਪਤਾ ਨਹੀ ਕਿਉਂ, ਮੈਂ ਗਲੀਆਂ ਸੜੀਆਂ ਲਾਸ਼ਾਂ ਦੀ ਜੀਅ ਕੱਚਾ ਕਰਨ ਵਾਲੀ ਮੁਸ਼ਕ ਵਿਚੋਂ ਸਾਹ ਲੈਣ ਦੀ ਕੋਸ਼ਿਸ਼ ਕੀਤੀ, ਪਰ ਇਸ ਨਾਲ ਕੋਈ ਬਹੁਤਾ ਫਰਕ ਨਹੀਂ ਪਿਆ।

ਮੈਨੂੰ ਸਿਗਰਟ ਦੀ ਸਖ਼ਤ ਤਲਬ ਹੋ ਰਹੀ ਸੀ। ਆਪਣੀ ਜ਼ਿੰਦਗੀ ਵਿਚ ਕਦੇ ਵੀ ਮੈਂ ਸਿਗਰਟ ਪੀਣ ਲਈ ਏਨਾ ਨਹੀਂ ਸੀ ਸਧਰਾਇਆ। ਪਰ ਮੈਂ ਸਿਰਫ ਏਨਾ ਹੀ ਕਰ ਸਕਿਆ ਕਿ ਇਕ ਸਿਗਰਟ ਕੱਢੀ ਤੇ ਇਸ ਨੂੰ ਆਪਣੀਆਂ ਉਂਗਲਾਂ ਵਿਚ ਮਸਲ ਕੇ ਸੁੰਘਿਆ।

ਛੇਤੀ ਹੀ ਅਸੀਂ ਭਿੱਜ ਕੇ ਗੜੁਚ ਹੋ ਗਏ ਤੇ ਪਾਲੇ ਨਾਲ ਕੰਬਣ ਲੱਗ ਪਏ, ਪਰ ਮੀਂਹ ਇਕ ਪਲ ਵੀ ਨਹੀਂ ਬੰਦ ਹੋਇਆ।

"ਖੱਡ ਵਿਚ ਜ਼ਮੀਨ ਚਿਪਕਵੀਂ ਹੈ, ਮਨਹੂਸ!" ਖੋਲਿਨ ਨੇ ਅਚਾਨਕ ਘੁਸਰ ਮੁਸਰ ਕੀਤਾ। "ਚੰਗਾ ਮੀਂਹ ਪੈ ਜਾਏ ਤਾਂ ਪੈੜਾਂ ਮਿਟ ਜਾਣਗੀਆਂ।"

ਆਪਣੇ ਖਿਆਲਾਂ ਵਿਚ ਉਹ ਹਰ ਵੇਲੇ ਮੁੰਡੇ ਦੇ ਨਾਲ ਸੀ ਅਤੇ ਖੱਡ ਦੀ ਚੀਕਣੀ ਮਿੱਟੀ ਨੇ, ਜਿਸ ਵਿਚ ਪੈੜਾਂ ਦਾ ਨਿਸ਼ਾਨ ਰਹਿ ਸਕਦਾ ਸੀ, ਉਸ ਨੂੰ ਚਿੰਤਾ ਲਾਈ ਹੋਈ ਸੀ। ਮੈਂ ਮਹਿਸੂਸ ਕੀਤਾ ਕਿ ਜੇ ਜਰਮਨਾਂ ਨੇ ਦਰਿਆ ਦੇ ਕੰਢੇ ਤੋਂ ਆਪਣੇ ਅਗਲੇ ਮੋਰਚਿਆਂ ਵੱਲ ਜਾਂਦੇ ਇਹ ਸੱਜਰੇ ਤੇ ਖਾਸ ਤੌਰ ਤੇ ਛੋਟੇ ਪੈਰਾਂ ਦੇ ਨਿਸ਼ਾਨ ਵੇਖ ਲਏ ਤਾਂ ਉਹ ਜ਼ਰੂਰ ਇਵਾਨ ਨੂੰ ਲਭ ਲੈਣਗੇ। ਹੋ ਸਕਦਾ ਹੈ, ਕੁਤਿਆਂ ਦੀ ਮਦਦ ਨਾਲ। ਸ਼ੁਟਜ਼ ਸਟਾਫ ਰੈਜਮੈਂਟਾਂ ਕੋਲ ਐਸੇ ਕੁੱਤੇ ਹੁੰਦੇ ਹਨ ਜਿਨ੍ਹਾਂ ਨੂੰ ਬੰਦੇ ਲਭਣ ਦੀ ਖਾਸ ਸਿਖਲਾਈ ਦਿੱਤੀ ਹੁੰਦੀ ਹੈ। ਹੁਣ ਮੈਂ ਸਿਗਰਟ ਨੂੰ ਚੱਬ ਰਿਹਾ ਸਾਂ। ਲੱਗਦੀ ਤਾਂ ਬੇਸਵਾਦੀ ਸੀ ਪਰ ਮੈਂ ਚੱਬਦਾ ਗਿਆ। ਖੋਲਿਨ ਨੇ ਸੁਣ ਲਿਆ ਹੋਵੇਗਾ ਕਿਉਂਕਿ ਉਸ ਨੇ ਪੁੱਛਿਆ ਸੀ:

"ਕੀ ਕਰਦਾ ਏਂ?"

"ਸਿਗਰਟ ਪੀਣ ਨੂੰ ਜੀਅ ਕਰਦਾ ਏ!" ਮੈਂ ਹੌਕਾ ਲਿਆ।

"ਮਾਂ ਨੂੰ ਮਿਲਣ ਨੂੰ ਜੀਅ ਨਹੀਂ ਕਰਦਾ?" ਖੋਲਿਨ ਨੇ ਟਕੋਰ ਕਰਦਿਆਂ ਆਖਿਆ। "ਮੇਰਾ ਤਾਂ ਮਾਂ ਕੋਲ ਜਾਣ ਨੂੰ ਜੀਅ ਕਰਦਾ ਏ। ਮਾੜੀ ਗੱਲ ਤਾਂ ਨਹੀਂ, ਹੈਂ?"

ਅਸੀਂ ਕੋਈ ਵੀਹ ਕੁ ਮਿੰਟ ਹੋਰ ਇੰਤਜ਼ਾਰ ਕੀਤਾ। ਪਾਲਾ ਲੱਗ ਰਿਹਾ ਸੀ, ਭਿੱਜੇ ਹੋਏ ਸਾਂ ਤੇ ਕੰਬ ਰਹੇ ਸਾਂ। ਮੇਰੀ ਕਮੀਜ਼ ਇਸ ਤਰ੍ਹਾਂ ਸੀ ਜਿਵੇਂ ਪਿੱਠ ਉਤੇ ਕਿਸੇ ਬਰਫ ਦਾ ਲੇਪ ਕਰ ਦਿੱਤਾ ਹੋਵੇ। ਹੌਲੀ ਹੌਲੀ ਬਾਰਸ਼ ਦੀ ਥਾਂ ਬਰਫ ਪੈਣ ਲੱਗ ਪਈ ਅਤੇ ਬਰਫ ਦੇ ਕੂਲੇ ਕੂਲੇ ਗੋਹੜੇ ਜਿਹੜੇ ਰੇਤ ਉਤੇ ਤੁਰਤ ਹੀ ਨਹੀਂ ਪੰਘਰਦੇ ਸਨ ਇਕ ਚਿੱਟੀ ਚਾਦਰ ਬਣ ਕੇ ਵਿਛ ਗਏ।

"ਖੈਰ, ਜਾਪਦਾ ਹੈ ਕਿ ਉਹ ਚਲਾ ਗਿਆ," ਖੋਲਿਨ ਨੇ ਜਿਵੇਂ ਸੁੱਖ ਦਾ ਸਾਹ ਲੈਂਦਿਆਂ ਆਖਿਆ ਤੇ ਖੜਾ ਹੋ ਗਿਆ।

ਨੀਵੇਂ ਨੀਵੇਂ ਹੋ ਕੇ ਅਤੇ ਵਧਾਵੇਂ ਕੰਢੇ ਦੇ ਨੇੜੇ ਨੇੜੇ ਰਹਿੰਦੇ ਅਸੀਂ ਕਿਸ਼ਤੀ ਵੱਲ ਤੁਰ ਪਏ। ਅਸੀਂ ਬਿੜਕ ਲੈਣ ਲਈ ਵਿਚ ਵਿਚ ਖੜੇ ਹੋ ਜਾਂਦੇ ਸਾਂ। ਮੈਨੂੰ ਲਗਪਗ ਯਕੀਨ ਹੋ ਗਿਆ ਸੀ ਕਿ ਜਰਮਨਾਂ ਨੇ ਕਿਸ਼ਤੀ ਵੇਖ ਲਈ ਹੈ ਅਤੇ ਉਹ ਝਾੜੀਆਂ ਵਿਚ ਸ਼ਹਿ ਲਾ ਕੇ ਬੈਠੇ ਹੋਏ ਹਨ। ਪਰ ਖੋਲਿਨ ਨੂੰ ਇਹ ਗੱਲ ਆਖਣ ਦਾ ਮੇਰਾ ਹੌਸਲਾ ਨਹੀਂ ਸੀ ਪੈਂਦਾ। ਮੈਂ ਡਰਦਾ ਸਾਂ ਕਿ ਉਹ ਮੇਰਾ ਮਖੌਲ ਉਡਾਏਗਾ।

ਅਸੀਂ ਹਨੇਰੇ ਵਿਚ ਕੰਢੇ ਦੇ ਨਾਲ ਨਾਲ ਸਰਕਦੇ ਗਏ ਤੇ ਅਖੀਰ ਆਪਣੇ ਜਾਸੂਸਾਂ ਦੀਆਂ ਦੇਹਾਂ ਨਾਲ ਜਾ ਟਕਰਾਏ। ਅਸੀਂ ਉਹਨਾਂ ਤੋਂ ਪੰਜ ਕਦਮ ਤੋਂ ਵਧ ਅੱਗੇ ਨਹੀਂ ਗਏ ਹੋਵਾਂਗੇ ਕਿ ਖੋਲਿਨ ਖਲੋ ਗਿਆ ਅਤੇ, ਮੇਰੀ ਕਮੀਜ਼ ਦੀ ਬਾਂਹ ਤੋਂ ਫੜ ਕੇ ਮੈਨੂੰ ਆਪਣੇ ਵੱਲ ਖਿੱਚ ਕੇ, ਉਸ ਨੇ ਮੇਰੇ ਕੰਨਾਂ ਵਿਚ ਘੁਸਰ ਮੁਸਰ ਕੀਤਾ:

"ਤੂੰ ਏਥੇ ਠਹਿਰ। ਮੈਂ ਜਾ ਕੇ ਕਿਸ਼ਤੀ ਲੈ ਆਉਂਦਾ ਹਾਂ। ਸਾਨੂੰ ਦੋਹਾਂ ਨੂੰ ਖਤਰੇ ਵਿਚ ਪੈਣ ਦੀ ਲੋੜ ਨਹੀਂ। ਜਦੋਂ ਵਾਪਸ ਆਉਂਦੇ ਦੀ ਮੇਰੀ

ਆਵਾਜ਼ ਸੁਣੇਂ ਤਾਂ ਜਰਮਨ ਵਿਚ ਬੁਲਾਵੀਂ ਮੈਨੂੰ। ਪਰ ਹੌਲੀ ਹੌਲੀ। ਜੇ ਮੈਂ ਬਿਪਤਾ ਵਿਚ ਫਸ ਗਿਆ ਤਾਂ ਹੱਲਾ-ਗੁੱਲਾ ਹੋਵੇਗਾ—ਸੋ ਤਰ ਕੇ ਪਾਰ ਚਲਾ ਜਾਵੀਂ। ਜੇ ਮੈਂ ਇਕ ਘੰਟੇ ਵਿਚ ਵਾਪਸ ਨਾ ਆਵਾਂ, ਤਾਂ ਵੀ ਤਰ ਕੇ ਪਾਰ ਚਲਾ ਜਾਵੀਂ। ਤੂੰ ਪੰਜ ਵਾਰੀ ਆਰ ਪਾਰ ਤਰ ਸਕਦਾ ਏਂ, ਹੈ ਨਾ?" ਉਸ ਨੇ ਮਜ਼ਾਕ ਨਾਲ ਕਿਹਾ।

"ਹਾਂ, ਮੈਂ ਆਰ ਪਾਰ ਤਰ ਸਕਦਾ ਹਾਂ," ਮੈਂ ਕੰਬਦੀ ਆਵਾਜ਼ ਵਿਚ ਪੁਸ਼ਟੀ ਕੀਤੀ। "ਪਰ ਜੇ ਤੂੰ ਫੱਟੜ ਹੋ ਗਿਆ?"

"ਪਰਵਾਹ ਨਾ ਕਰ। ਟਰ ਟਰ ਵਾਧੂ ਦੀ।"

"ਕਿਸ਼ਤੀ ਵੱਲ ਕੰਢੇ ਤੋਂ ਜਾਣ ਦੀ ਥਾਂ ਦਰਿਆ ਵਿਚੋਂ ਤਰ ਕੇ ਜਾਣਾ ਬਿਹਤਰ ਹੋਵੇਗਾ," ਮੈਂ ਬੇਯਕੀਨੀ ਜਿਹੀ ਨਾਲ ਆਖਿਆ। "ਇਹ ਕੰਮ ਮੈਂ ਕਰਦਾ ਹਾਂ।"

"ਹੋ ਸਕਦਾ ਹੈ, ਮੈਂ ਵੀ ਇਸ ਤਰ੍ਹਾਂ ਕਰਾਂ। ਕੁਝ ਵੀ ਹੈ, ਤੂੰ ਇਸ ਕੰਮ ਵਿਚ ਲਤਾਂ ਨਾ ਅੜਾ। ਜੇ ਤੈਨੂੰ ਕੁਝ ਹੋ ਗਿਆ ਤਾਂ ਸਾਡੀ ਸ਼ਾਮਤ ਆ ਜਾਏਗੀ। ਸਮਝ ਗਿਆ?"

"ਹਾਂ, ਪਰ ਜੇ..."

"ਇਸ ਬਾਰੇ ਕੋਈ 'ਜੇ' ਨਹੀਂ! ਤੂੰ ਚੰਗਾ ਬੰਦਾ ਏਂ, ਗਾਲਤਸੇਵ," ਉਸ ਨੇ ਅਚਾਨਕ ਫੁਸਰ ਫੁਸਰ ਕੀਤਾ, "ਪਰ ਤੂੰ ਮਾਨਸਿਕ ਰੋਗੀ ਏਂ। ਤੇ ਸਾਡੇ ਕੰਮ ਵਿਚ ਇਹ ਬੜੀ ਖੌਫਨਾਕ ਗੱਲ ਏ।"

ਉਹ ਹਨੇਰੇ ਵਿਚ ਗ਼ਾਇਬ ਹੋ ਗਿਆ ਤੇ ਮੈਂ ਉਡੀਕ ਕਰਨ ਲੱਗਾ। ਪਤਾ ਨਹੀਂ, ਕਿੰਨਾ ਕੁ ਚਿਰ ਮੈਂ ਉਡੀਕਦਾ ਰਿਹਾ—ਜਾਪਦਾ ਸੀ ਆਦਿ ਕਾਲ ਤੋਂ ਉਡੀਕ ਰਿਹਾ ਹਾਂ। ਮੇਰਾ ਲਹੂ ਜੰਮਦਾ ਜਾ ਰਿਹਾ ਸੀ ਤੇ ਮੈਂ ਏਨਾ ਘਬਰਾ ਗਿਆ ਸਾਂ ਕਿ ਮੈਨੂੰ ਇਹ ਵੀ ਨਾ ਸੁਝੀ ਜੋ ਘੜੀ ਉਤੇ ਨਜ਼ਰ ਮਾਰ ਵੇਖਾਂ। ਇਸ ਗੱਲ ਦਾ ਧਿਆਨ ਰੱਖਦਿਆਂ ਕਿ ਕੋਈ ਖੜਾਕ ਨਾ ਹੋਵੇ, ਮੈਂ ਆਪਣੀਆਂ ਬਾਹਵਾਂ ਨੂੰ ਜ਼ੋਰ ਜ਼ੋਰ ਨਾਲ ਹਿਲਾਉਣ ਤੇ ਲੱਤਾਂ ਨੂੰ ਹੇਠਾਂ ਉਤੇ ਕਰਨ ਲੱਗਾ ਤਾਂ ਜੋ ਮੇਰਾ ਸਰੀਰ ਨਿਘਾ ਰਹੇ। ਥੋੜ੍ਹੇ ਥੋੜ੍ਹੇ ਚਿਰ ਬਾਦ ਮੈਂ ਬਿੜਕ ਲੈਣ ਲਈ ਰੁਕ ਜਾਂਦਾ ਸਾਂ।

ਅਖੀਰ ਮੈਂ ਪਾਣੀ ਦੇ ਛਿਟਿਆਂ ਦੀ ਮਾੜੀ ਜਿਹੀ ਆਵਾਜ਼ ਸੁਣੀ ਅਤੇ ਆਪਣੇ ਮੂੰਹ ਅੱਗੇ ਹੱਥ ਰੱਖ ਕੇ, ਮੈਂ ਹੌਲੀ ਜਿਹੀ ਜਰਮਨ ਵਿਚ ਆਖਿਆ:

"ਥੰਮ! ਥੰਮ!"

"ਚੁਪ ਕਰ! ਏਧਰ ਆ ਜਾ।"

ਚੌਕਸੀ ਨਾਲ ਤੁਰਦਿਆਂ, ਮੈਂ ਕੁਝ ਕਦਮ ਪੁੱਟੇ ਅਤੇ ਮੇਰੇ ਬੂਟਾਂ ਵਿਚ ਠੰਡਾ ਪਾਣੀ ਭਰ ਗਿਆ ਤੇ ਮੇਰੇ ਪੈਰ ਜਿਵੇਂ ਬਰਫ ਵਿਚ ਪੈ ਗਏ।

"ਖੱਡ ਦੀ ਕੀ ਖਬਰ ਹੈ, ਅਮਨ ਅਮਾਨ?" ਖੋਲਿਨ ਦਾ ਪਹਿਲਾ ਸਵਾਲ ਸੀ।

"ਅਮਨ ਅਮਾਨ।"

"ਵੇਖਿਆ, ਤੇ ਤੂੰ ਸਹਿਮਿਆ ਹੋਇਆ ਸੀ," ਉਸ ਨੇ ਖੁਸ਼ ਹੋ ਕੇ ਫੁਸਰ ਫੁਸਰ ਕੀਤਾ। "ਪਿਛਲੇ ਪਾਸੇ ਬਹਿ ਜਾ," ਉਸ ਨੇ ਮੇਰੇ ਕੋਲੋਂ ਮੇਰੀ ਗੱਨ ਫੜ ਕੇ ਹੁਕਮ ਦਿੱਤਾ। ਜਿਉਂ ਹੀ ਮੈਂ ਕਿਸ਼ਤੀ ਵਿਚ ਬੈਠਾ ਉਸ ਨੇ ਚੜ੍ਹਦੇ ਪਾਣੀ ਵੱਲ ਕਿਸ਼ਤੀ ਚਲਾਉਣੀ ਸ਼ੁਰੂ ਕਰ ਦਿੱਤੀ।

ਕਿਸ਼ਤੀ ਦੇ ਪਿੱਛੇ ਬਹਿ ਕੇ, ਮੈਂ ਆਪਣੇ ਬੂਟ ਲਾਹੇ ਤੇ ਉਹਨਾਂ ਵਿਚੋਂ ਪਾਣੀ ਕੱਢਿਆ।

ਭਾਰੀ ਬਰਫਬਾਰੀ ਹੋ ਰਹੀ ਸੀ। ਬਰਫ ਦੇ ਮੋਟੇ ਮੋਟੇ ਗੋਹੜੇ ਦਰਿਆ ਦੇ ਪਾਣੀ ਨੂੰ ਛੋਂਹਦੇ ਹੀ ਪੰਘਰ ਜਾਂਦੇ ਸਨ। ਖੱਬੇ ਕੰਢੇ ਵਲੋਂ ਚਾਨਣ-ਗੋਲੀਆਂ ਦੀ ਇਕ ਹੋਰ ਬੁਛਾੜ ਹੋਈ। ਗੋਲੀਆਂ ਐਨ ਸਾਡੇ ਸਿਰ ਉਤੋਂ ਦੀ ਲੰਘ ਗਈਆਂ। ਲੋੜ ਸੀ ਕਿਸ਼ਤੀ ਨੂੰ ਘੁਮਾਉਣ ਦੀ, ਪਰ ਖੋਲਿਨ ਕਿਸ਼ਤੀ ਨੂੰ ਚੜ੍ਹਦੇ ਪਾਣੀ ਵੱਲ ਹੀ ਲਈ ਜਾ ਰਿਹਾ ਸੀ।

"ਤੂੰ ਕਿਧਰ ਜਾ ਰਿਹਾ ਏਂ?" ਮੈਂ ਕੁਝ ਨਾ ਸਮਝਦਿਆਂ ਹੋਇਆਂ ਪੁੱਛਿਆ।

ਉਹਨੇ ਕੋਈ ਜਵਾਬ ਨਹੀਂ ਦਿੱਤਾ। ਮੈਂ ਫੇਰ ਆਪਣਾ ਸਵਾਲ ਦੁਹਰਾਇਆ।

"ਅਸੀਂ ਕਿਧਰ ਜਾ ਰਹੇ ਹਾਂ?"

"ਲੈ ਫੜ, ਇਕ ਵੱਡਾ ਸਾਰਾ ਘੁਟ ਭਰ ਲੈ," ਉਸ ਨੇ ਮੈਨੂੰ ਇਕ ਛੋਟੀ ਜਿਹੀ ਫੌਜੀਆਂ ਵਾਲੀ ਫਲਾਸਕ ਫੜਾਉਂਦਿਆਂ ਕਿਹਾ।

ਮੈਂ ਸੁੰਨ ਹੋਈਆਂ ਉਂਗਲਾਂ ਨਾਲ ਬੜੀ ਮੁਸ਼ਕਲ ਨਾਲ ਢੱਕਣ ਖੋਹਲਿਆ ਤੇ ਥੋੜੀ ਜਿਹੀ ਵੋਦਕਾ ਅੰਦਰ ਸੁਟ ਲਈ। ਮੇਰੇ ਗਲੇ ਵਿਚ ਸੁਖਦਾਈ ਸੜੂੰ ਸੜੂੰ ਜਿਹੀ ਹੋਈ ਤੇ ਅੰਦਰ ਨਿਘਾ ਹੋ ਗਿਆ ਲੱਗਾ, ਪਰ ਮੇਰਾ ਕਾਂਬਾ ਅਜੇ ਵੀ ਨਹੀਂ ਸੀ ਹਟਿਆ।

"ਪੀ ਲੈ ਸਾਰੀ!" ਖੋਲਿਨ ਨੇ ਮਸਾਂ ਚੱਪੂ ਮਾਰਦਿਆਂ ਹੌਲੀ ਜਿਹੀ ਆਖਿਆ।

"ਤੇ ਤੂੰ?"

"ਮੈਂ ਕੰਢੇ 'ਤੇ ਪਹੁੰਚ ਕੇ ਪੀਆਂਗਾ। ਪਿਆਏਂਗਾ?"

ਮੈਂ ਇਕ ਹੋਰ ਵੱਡਾ ਸਾਰਾ ਘੁਟ ਭਰਿਆ ਅਤੇ ਇਹ ਵੇਖ ਕੇ ਅਫਸੋਸ ਹੋਇਆ ਕਿ ਫਲਾਸਕ ਖਾਲੀ ਹੋ ਗਈ ਸੀ ਤੇ ਫਲਾਸਕ ਮੈਂ ਜੇਬ ਵਿਚ ਤੁੰਨ ਲਈ।

"ਪਰ ਜੇ ਅਜੇ ਉਹ ਨਾ ਗਿਆ ਹੋਇਆ ਤਾਂ?" ਖੋਲਿਨ ਅਚਾਨਕ ਬੋਲਿਆ। "ਜੇ ਉਹ ਓਥੇ ਹੀ ਪਿਆ ਉਡੀਕਦਾ ਹੋਇਆ। ਕਾਸ਼, ਮੈਂ ਇਸ ਵੇਲੇ ਓਥੇ ਉਹਦੇ ਕੋਲ ਹੁੰਦਾ!"

ਮੈਨੂੰ ਹੁਣ ਸਮਝ ਆਈ ਕਿ ਅਸੀਂ ਵਾਪਸ ਕਿਉਂ ਨਹੀਂ ਸੀ ਮੁੜ ਰਹੇ। ਅਸੀਂ ਖੱਡ ਦੇ ਸਾਮ੍ਹਣੇ ਸਾਂ ਤਾਂ ਜੋ "ਕਿਸੇ ਅਥੀ ਨਥੀ ਦੀ ਹਾਲਤ" ਵਿਚ ਦੁਸ਼ਮਣ ਦੇ ਕੰਢੇ ਜਾ ਸਕੀਏ ਤੇ ਮੁੰਡੇ ਦੀ ਮਦਦ ਕਰ ਸਕੀਏ। ਉਸ ਪਾਸੇ ਤੋਂ, ਹਨੇਰੇ ਵਿਚ, ਥੋੜੇ ਥੋੜੇ ਵਕਫੇ ਮਗਰੋਂ ਮਸ਼ੀਨਗੱਨ ਦੀਆਂ ਗੋਲੀਆਂ ਦੀਆਂ ਲੰਮੀਆਂ ਬਾੜ੍ਹਾਂ ਦਰਿਆ ਉਤੇ ਪੈਂਦੀਆਂ ਸਨ। ਹਰ ਵਾਰੀ ਜਦੋਂ ਸ਼ਾਂ ਸ਼ਾਂ ਕਰਦੀਆਂ ਗੋਲੀਆਂ ਕਿਸ਼ਤੀ ਦੇ ਕੋਲ ਪਾਣੀ ਵਿਚ ਡਿਗਦੀਆਂ, ਮੈਂ ਘਬਰਾ ਜਾਂਦਾ। ਹਨੇਰੇ ਵਿਚ, ਸਿਲ੍ਹੀ ਬਰਫ ਦੇ ਪਰਦੇ ਵਿਚੋਂ ਸਾਨੂੰ ਵੇਖ ਸਕਣਾ ਸ਼ਾਇਦ ਮੁਮਕਿਨ ਨਹੀਂ ਸੀ। ਪਰ ਖੁਲ੍ਹੇ ਪਾਣੀ ਵਿਚ, ਜਿਥੇ ਬੰਦਾ ਨਾ ਖਾਈ ਵਿਚ ਲੁਕ ਸਕਦਾ ਸੀ ਨਾ ਕੋਈ ਓਟ ਆਸਰਾ ਲਭ ਸਕਦਾ ਸੀ, ਦੁਸ਼ਮਣ ਦੀਆਂ ਵਰ੍ਹਦੀਆਂ ਗੋਲੀਆਂ ਵਿਚ ਹੋਣਾ ਕੋਈ ਘਟ ਲਾਅਨਤੀ ਅਸੁਖਾਵਾਂ ਤਜਰਬਾ ਨਹੀਂ ਸੀ। ਖੋਲਿਨ ਨੇ ਮੇਰਾ ਹੌਸਲਾ ਵਧਾਉਣ ਦੀ ਕੋਸ਼ਿਸ਼ ਕਰਦਿਆਂ, ਫੁਸਰ ਫੁਸਰ ਕੀਤਾ:

"ਇਸ ਤਰ੍ਹਾਂ ਅੰਨ੍ਹੇਵਾਹ ਚਲਦੀਆਂ ਗੋਲੀਆਂ ਵਿੱਚ ਕੋਈ ਮੂਰਖ ਜਾਂ ਬੁਜ਼ਦਿਲ ਹੀ ਮਰ ਸਕਦਾ ਹੈ। ਯਾਦ ਰੱਖ!"

ਕਾਤਾਸੋਨੋਵ ਨਾ ਮੂਰਖ ਸੀ ਨਾ ਬੁਜ਼ਦਿਲ। ਇਹ ਮੇਰਾ ਪੱਕਾ ਯਕੀਨ ਸੀ ਪਰ ਮੈਂ ਆਖਿਆ ਕੁਝ ਨਹੀਂ।

"ਉਹ ਤੇਰੀ ਸਹਾਇਕ-ਡਾਕਟਰ ਮਾੜੀ ਨਹੀਂ!" ਉਸ ਨੇ ਪ੍ਰਤੱਖ ਤੌਰ ਤੇ ਮੇਰਾ ਧਿਆਨ ਕਿਸੇ ਹੋਰ ਪਾਸੇ ਲਿਜਾਣ ਲਈ ਥੋੜੇ ਚਿਰ ਮਗਰੋਂ ਆਖਿਆ।

"ਮਾ... ੜੀ... ਨਹੀਂ," ਮੈਂ ਹਾਮੀ ਭਰੀ। ਮੇਰਾ ਦੰਦੋੜਿਕਾ ਵੱਜ ਰਿਹਾ ਸੀ ਤੇ ਮੈਂ ਇਸ ਸਹਾਇਕ-ਡਾਕਟਰ ਬਾਰੇ ਨਹੀਂ ਸੀ ਸੋਚ ਰਿਹਾ। ਜੇ ਮੈਂ ਕਿਸੇ ਚੀਜ਼ ਬਾਰੇ ਸੋਚ ਰਿਹਾ ਸਾਂ ਤਾਂ ਇਹ ਸੀ ਡਾਕਟਰੀ ਸਹਾਇਤਾ ਦੀ ਚੌਕੀ ਵਾਲਾ ਨਿਘਾ ਮੋਰਚਾ ਤੇ ਅੰਗੀਠੀ। ਉਹ ਲੋਹੇ ਦੀ ਪਿਆਰੀ ਅੰਗੀਠੀ।...

ਖੱਬੇ ਕੰਢੇ ਤੋਂ, ਮਨ-ਭਾਉਂਦੇ ਕੰਢੇ ਤੋਂ ਜਿਥੇ ਸੁਰਖਿਆ ਤੇ ਨਿਘ ਦਾ ਇਕਰਾਰ ਸੀ, ਤਿੰਨ ਵਾਰੀ ਹੋਰ ਚਾਨਣ-ਗੋਲੀਆਂ ਚਲਾਈਆਂ ਗਈਆਂ। ਉਹ ਸਾਨੂੰ ਵਾਪਸ ਮੁੜਨ ਦਾ ਸੰਕੇਤ ਕਰ ਰਹੇ ਸਨ, ਪਰ ਅਸੀਂ ਅਜੇ ਵੀ ਸੱਜੇ ਕੰਢੇ ਦੇ ਨੇੜੇ ਪਾਣੀ ਵਿਚ ਪਏ ਫਿਰਦੇ ਸਾਂ।

"ਉਹ ਇਕ ਤਰ੍ਹਾਂ ਨਾਲ ਚਲਾ ਗਿਆ ਹੋਵੇਗਾ," ਖੋਲਿਨ ਨੇ ਆਖਰ ਜ਼ੋਰ ਜ਼ੋਰ ਦੀ ਚੱਪੂ ਮਾਰ ਕੇ ਕਿਸ਼ਤੀ ਨੂੰ ਮੋੜਦਿਆਂ ਆਖਿਆ।

ਉਸ ਨੇ ਆਪਣਾ ਰੁਖ਼ ਫੜਿਆ ਤੇ ਹਨੇਰੇ ਵਿਚ ਵੀ ਬੇਹੱਦ ਸਹੀ ਸੇਧ ਵਿਚ ਕਿਸ਼ਤੀ ਚਲਾਉਣ ਲੱਗਾ। ਅਸੀਂ, ਮੇਰੀ ਬਟਾਲੀਅਨ ਦੀ ਸੱਜੀ ਬਾਹੀ ਵੱਲ, ਜਿਥੇ ਸਰਹੱਦੀ ਚੌਕੀ ਦਾ ਪਲਟਣ ਕਮਾਂਡਰ ਸੀ, ਵੱਡੀ ਮਸ਼ੀਨਗੱਨ ਦੀ ਖਾਈ ਦੇ ਆਸ ਪਾਸ ਵੱਲ ਜਾ ਰਹੇ ਸਾਂ।

ਉਹ ਸਾਨੂੰ ਉਡੀਕ ਰਹੇ ਸਨ ਅਤੇ ਉਹਨਾਂ ਆਰਾਮ ਨਾਲ ਪਰ ਹਾਕਮਾਨਾ ਅੰਦਾਜ਼ ਵਿਚ ਸਾਨੂੰ ਵੰਗਾਰਿਆ: "ਖਲੋ ਜਾ! ਕੌਣ ਜਾ ਰਿਹੈ?" ਮੈਂ ਸੰਕੇਤਕ ਲਫਜ਼ ਬੋਲਿਆ। ਉਹਨਾਂ ਨੇ ਮੇਰੀ ਆਵਾਜ਼ ਪਛਾਣ ਲਈ ਤੇ ਇਕ ਪਲ ਮਗਰੋਂ ਅਸੀਂ ਦਰਿਆ ਕਿਨਾਰੇ ਜਾ ਲੱਥੇ।

ਮੈਂ ਬਿਲਕੁਲ ਥੱਕਿਆ-ਹਾਰਿਆ ਹੋਇਆ ਸਾਂ, ਅਤੇ ਭਾਵੇਂ ਮੈਂ ਵੋਦਕਾ

ਦਾ ਪੂਰਾ ਗਲਾਸ ਪੀਤਾ ਹੋਇਆ ਸੀ ਪਰ ਮੈਨੂੰ ਹਾਲੇ ਵੀ ਕਾਂਬਾ ਛਿੜਿਆ ਹੋਇਆ ਸੀ ਅਤੇ ਮੈਂ ਸੁੰਨ ਹੋਏ ਪੈਰ ਮਸਾਂ ਹੀ ਘਸੀਟ ਰਿਹਾ ਸਾਂ। ਆਪਣੇ ਦੰਦੋੜਿਕੇ ਉਤੇ ਕਾਬੂ ਪਾਉਂਦਿਆਂ, ਮੈਂ ਹੁਕਮ ਦਿੱਤਾ ਕਿ ਕਿਸ਼ਤੀ ਨੂੰ ਬਾਹਰ ਕੱਢ ਕੇ ਲੁਕਾ ਛੁਪਾ ਦਿੱਤਾ ਜਾਏ, ਅਤੇ ਅਸੀਂ ਸਕੁਐਡ ਕਮਾਂਡਰ ਸਾਰਜੈਂਟ ਜ਼ੂਯੇਵ ਨਾਲ, ਜਿਹੜਾ ਖੁਸ਼-ਰਹਿਣਾ ਤੇ ਲੋੜ੍ਹੇ ਦਾ ਬਹਾਦਰ ਤੇ ਮੇਰਾ ਚਹੇਤਾ ਸੀ, ਕੰਢੇ ਤੋਂ ਤੁਰ ਪਏ। ਉਹ ਸਾਡੇ ਅੱਗੇ ਅੱਗੇ ਤੁਰਿਆ ਜਾਂਦਾ ਸੀ।

"ਕਾਮਰੇਡ ਸੀਨੀਅਰ ਲੈਫਟੀਨੈਂਟ, ਬੰਦੀ ਕਿਥੇ ਹੈ?" ਉਸ ਨੇ ਅਚਾਨਕ ਪਿੱਛੇ ਮੁੜ ਕੇ ਪੁੱਛਿਆ।

"ਕਿਹੜਾ ਬੰਦੀ?"

"ਕਹਿੰਦੇ ਸਨ ਕਿ ਤੁਸੀਂ ਭੇਤ ਜਾਣਨ ਵਾਸਤੇ ਕਿਸੇ ਬੰਦੀ ਨੂੰ ਲੈਣ ਗਏ ਸੀ।"

ਪਿਛੇ ਤੁਰੇ ਆਉਂਦੇ ਖੋਲਿਨ ਨੇ ਮੈਨੂੰ ਧੱਕ ਕੇ ਇਕ ਪਾਸੇ ਕੀਤਾ ਅਤੇ ਪੁਲਾਂਘਾਂ ਪੁਟਦਾ ਜ਼ੂਯੇਵ ਕੋਲ ਚਲਾ ਗਿਆ।

"ਤੂੰ ਆਪਣੀ ਜ਼ਬਾਨ ਬੰਦ ਹੀ ਰੱਖੇਂ ਤਾਂ ਚੰਗਾ ਹੈ। ਸਮਝ ਗਿਆ?" ਉਸ ਨੇ ਇਕ ਇਕ ਲਫਜ਼ ਨੂੰ ਨਿਖੇੜ ਕੇ ਕਠੋਰਤਾ ਨਾਲ ਆਖਿਆ। ਮੈਨੂੰ ਇਹ ਵੀ ਜਾਪਿਆ ਕਿ ਉਸ ਨੇ ਜ਼ੂਯੇਵ ਦੇ ਮੋਢੇ ਉਤੇ ਆਪਣਾ ਭਾਰਾ ਜਿਹਾ ਹੱਥ ਮਾਰਿਆ ਸੀ ਜਾਂ ਸ਼ਾਇਦ ਉਸ ਨੂੰ ਕਾਲਰ ਤੋਂ ਫੜਿਆ ਸੀ। ਖੋਲਿਨ ਇਸ ਤਰ੍ਹਾਂ ਦਾ ਹੀ ਬੰਦਾ ਸੀ—ਉਹ ਛੇਤੀ ਗੁੱਸੇ ਵਿਚ ਆ ਜਾਣ ਵਾਲਾ ਤੇ ਅੱਖੜ ਸੁਭਾ ਵਾਲਾ ਸੀ। "ਆਪਣੀ ਜ਼ਬਾਨ ਬੰਦ ਹੀ ਰੱਖੇਂ ਤਾਂ ਚੰਗਾ ਹੈ!" ਉਸ ਨੇ ਧਮਕੀ ਦੇਂਦਿਆਂ ਲਫਜ਼ ਦੁਹਰਾਏ। "ਮੂੰਹ ਬੰਦ ਰੱਖ! ਭਲਾ ਏਸੇ ਵਿਚ ਹੈ।... ਤੇ ਹੁਣ ਆਪਣੀ ਚੌਕੀ ਨੂੰ ਮੁੜ ਜਾ!"

ਜ਼ੂਯੇਵ ਅਜੇ ਕੁਝ ਕਦਮਾਂ ਦੀ ਵਿੱਥ ਉਤੇ ਹੀ ਸੀ ਜਦੋਂ ਖੋਲਿਨ ਨੇ ਜਾਣਬੁਝ ਕੇ ਉੱਚੀ ਤੇ ਸਖ਼ਤ ਆਵਾਜ਼ ਵਿਚ ਕਿਹਾ:

"ਬਾਂ ਬਾਂ ਕਰਨ ਵਾਲੇ ਬਹੁਤ ਨੇ ਤੇਰੀ ਬਟਾਲੀਅਨ ਵਿਚ, ਗਾਲਤਸੇਵ! ਸਾਡੇ ਕੰਮ ਵਿਚ ਇਹ ਬੜੀ ਖਤਰਨਾਕ ਗੱਲ ਹੁੰਦੀ ਹੈ..."

ਹਨੇਰੇ ਵਿਚ ਉਸ ਨੇ ਮੇਰੀ ਬਾਂਹ ਵਿਚ ਬਾਂਹ ਪਾ ਲਈ, ਮੇਰੀ ਅਰਕ ਨੂੰ ਜ਼ੋਰ ਨਾਲ ਘੁਟਿਆ ਤੇ ਮਖੌਲ ਕਰਦਿਆਂ ਮੇਰੇ ਕੰਨ ਵਿਚ ਆਖਿਆ:

"ਬੰਦਾ ਤੂੰ ਵੀ ਕਮਾਲ ਏ! ਆਪਣੀ ਬਟਾਲੀਅਨ ਨੂੰ ਏਥੇ ਛੱਡ ਕੇ, ਦੂਜੇ ਕੰਢੇ ਬੰਦੀ ਲਭਦਾ ਫਿਰਦਾ ਏਂ! ਸ਼ਿਕਾਰੀ ਵੱਡਾ!"

* * *

ਮੋਰਚੇ ਵਿਚ ਵਾਪਸ ਆ ਕੇ ਅਸੀਂ ਮਾਰਟਰ ਦੇ ਫਾਲਤੂ ਬਾਰੂਦ ਦੀ ਮਦਦ ਨਾਲ ਅੰਗੀਠੀ ਬਾਲੀ, ਸਾਰੇ ਕਪੜੇ ਲਾਹ ਦਿੱਤੇ ਅਤੇ ਆਪਣੇ ਆਪਣੇ ਤੌਲੀਏ ਨਾਲ ਸਰੀਰ ਨੂੰ ਰਗੜਿਆ।

ਸੁੱਕੇ ਹੇਠਲੇ ਕਪੜੇ ਪਾ ਕੇ, ਖੋਲਿਨ ਨੇ ਆਪਣੇ ਮੋਢਿਆਂ ਉਤੇ ਵੱਡਾ ਕੋਟ ਸੁੱਟ ਲਿਆ ਅਤੇ ਮੇਜ਼ ਕੋਲ ਬੈਠ ਕੇ ਉਸ ਨਕਸ਼ੇ ਨੂੰ ਡੂੰਘੀ ਨਜ਼ਰ ਨਾਲ ਵੇਖਣ ਲੱਗਾ ਜਿਹੜਾ ਉਹਨੇ ਮੇਜ਼ ਉਤੇ ਫੈਲਾਇਆ ਹੋਇਆ ਸੀ। ਜਦੋਂ ਦਾ ਉਹ ਮੋਰਚੇ ਅੰਦਰ ਆਇਆ ਸੀ ਓਦੋਂ ਦਾ ਹੀ ਮੁਰਝਾਇਆ ਹੋਇਆ ਲੱਗ ਰਿਹਾ ਸੀ। ਉਹ ਥੱਕਿਆ ਹੋਇਆ ਤੇ ਫਿਕਰਮੰਦ ਜਾਪਦਾ ਸੀ।

ਮੈਂ ਦਮਪੁਖ਼ਤਾ ਗੋਸ਼ਤ ਦਾ ਡੱਬਾ, ਸੂਰ ਦੀ ਚਰਬੀ, ਲੂਣੇ ਖੀਰਿਆਂ ਵਾਲਾ ਮਰਤਬਾਨ, ਰੋਟੀ, ਦਹੀਂ ਅਤੇ ਵੋਦਕਾ ਦੀ ਫਲਾਸਕ ਮੇਜ਼ ਉਤੇ ਰੱਖ ਦਿੱਤੀ।

"ਉਫ, ਕਾਸ਼! ਪਤਾ ਹੁੰਦਾ ਉਸ ਦਾ ਇਸ ਵੇਲੇ ਕੀ ਹਾਲ ਹੈ!" ਖੋਲਿਨ ਅਚਾਨਕ ਖੜਾ ਹੋ ਕੇ ਬੋਲ ਉਠਿਆ। "ਪਤਾ ਨਹੀਂ ਕੀ ਹਾਲ ਹੈ?"

"ਕਿਉਂ?"

"ਉਹ ਗਸ਼ਤੀ ਟੋਲੀ—ਪਰਲੇ ਕੰਢੇ ਵਾਲੀ—ਉਸ ਨੂੰ ਅੱਧਾ ਘੰਟਾ ਮਗਰੋਂ ਲੰਘਣਾ ਚਾਹੀਦਾ ਸੀ। ਆਈ ਸਮਝ? ਇਸ ਦਾ ਮਤਲਬ ਹੈ ਕਿ ਜਾਂ ਜਰਮਨਾਂ ਨੇ ਆਪਣਾ ਚੌਕੀਆਂ ਦਾ ਕਾਰਜ-ਕਰਮ ਬਦਲ ਲਿਆ ਹੈ, ਜਾਂ ਅਸੀਂ ਗੜਬੜ ਕਰ ਬੈਠੇ ਹਾਂ। ਦੋਵਾਂ ਹਾਲਤਾਂ ਵਿਚ ਮੁੰਡੇ ਨੂੰ ਆਪਣੀ ਜਾਨ ਦਾ ਮੁਲ ਤਾਰਨਾ ਪੈ ਸਕਦਾ ਹੈ। ਅਸੀਂ ਇਕ ਇਕ ਮਿੰਟ ਦਾ ਹਿਸਾਬ ਲਾ ਕੇ ਸਭ ਕੁਝ ਤੈਅ ਕੀਤਾ ਸੀ।"



"ਪਰ ਉਹ ਤਾਂ ਨਿਕਲ ਗਿਆ। ਅਸੀਂ ਕਿੰਨਾ ਚਿਰ ਉਡੀਕਦੇ ਰਹੇ—ਘੰਟਾ ਭਰ—ਪਰ ਸਭ ਅਮਨ ਅਮਾਨ ਸੀ।"

"ਕਿਥੇ ਨਿਕਲ ਗਿਆ?" ਖੋਲਿਨ ਨੇ ਖਿੱਝ ਕੇ ਆਖਿਆ। "ਜੇ ਤੂੰ ਜਾਣਨਾ ਚਾਹੁੰਦਾ ਏਂ, ਤਾਂ ਉਸ ਨੇ ਪੰਜਾਹ ਕਿਲੋਮੀਟਰ ਤੋਂ ਵਧ ਸਫਰ ਕਰਨਾ ਹੈ। ਇਹਨਾਂ ਵਿਚੋਂ ਕੋਈ ਵੀਹ ਕਿਲੋਮੀਟਰ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਕਰ ਲੈਣਾ ਚਾਹੀਦਾ ਹੈ। ਕਦਮ ਕਦਮ ਉਤੇ ਉਹਦਾ ਜਰਮਨਾਂ ਨਾਲ ਟਾਕਰਾ ਹੋ ਸਕਦਾ ਹੈ। ਤੇ ਬੜਾ ਕੁਝ ਅਣਕਿਆਸਿਆ ਵਾਪਰ ਸਕਦਾ ਹੈ! ਖੈਰ, ਗੱਲਾਂ ਕਰਨ ਨਾਲ ਕੁਝ ਨਹੀਂ ਹੋ ਸਕਦਾ!" ਉਸ ਨੇ ਨਕਸ਼ਾ ਮੇਜ਼ ਤੋਂ ਚੁੱਕ ਦਿੱਤਾ। "ਲਿਆ ਫੇਰ।"

ਮੈਂ ਦੋ ਮੱਗਾਂ ਵਿਚ ਵੋਦਕਾ ਪਾ ਦਿੱਤੀ।

"ਖੜਕਾਉਣੇ ਨਹੀਂ," ਖੋਲਿਨ ਨੇ ਇਕ ਮੱਗ ਚੁੱਕਦਿਆਂ ਮੈਨੂੰ ਚਿਤਾਵਨੀ ਦਿੱਤੀ।

ਅਸੀਂ ਮੱਗ ਫੜ ਕੇ ਕੁਝ ਚਿਰ ਚੁਪ-ਚਾਪ ਬੈਠੇ ਰਹੇ।

"ਆਹ! ਕਾਤਾਸੋਨੋਵ, ਕਾਤਾਸੋਨੋਵ!" ਖੋਲਿਨ ਨੇ ਮੇਰੇ ਵੱਲ ਘੂਰ ਕੇ ਵੇਖਦਿਆਂ ਇਕ ਲੰਮਾ ਸਾਹ ਲਿਆ ਤੇ ਕੰਬਦੀ ਆਵਾਜ਼ ਵਿਚ ਇਹ ਲਫਜ਼ ਹੋਰ ਆਖ ਦਿੱਤੇ: "ਤੇਰੇ ਲਈ ਉਹ ਕੁਝ ਨਹੀਂ। ਮੇਰੀ ਤਾਂ ਉਹਨੇ ਜਾਨ ਬਚਾਈ ਸੀ!"

ਉਸ ਨੇ ਇਕੋ ਸਾਹੇ ਵੋਦਕਾ ਅੰਦਰ ਸੁਟ ਲਈ, ਕਾਲੀ ਰੋਟੀ ਦਾ ਇਕ ਟੁਕੜਾ ਫੜ ਕੇ ਸੁੰਘਿਆ ਤੇ ਆਖਿਆ, "ਥੋੜੀ ਜਿਹੀ ਹੋਰ!"

ਮੈਂ ਆਪਣਾ ਮੱਗ ਖਾਲੀ ਕੀਤਾ ਤੇ ਦੋਵਾਂ ਵਿਚ ਹੋਰ ਸ਼ਰਾਬ ਪਾਈ। ਖੋਲਿਨ ਦੇ ਮੱਗ ਵਿਚ ਕੰਢੇ ਤੱਕ ਤੇ ਆਪਣੇ ਵਿਚ ਥੋੜੀ ਜਿਹੀ। ਆਪਣਾ ਮੱਗ ਚੁੱਕ ਕੇ ਉਹ ਉਸ ਫੱਟੇ ਵੱਲ ਹੋ ਗਿਆ ਜਿਸ ਉਤੇ ਮੁੰਡੇ ਦੀਆਂ ਚੀਜ਼ਾਂ ਵਾਲਾ ਸੂਟਕੇਸ ਪਿਆ ਸੀ, ਅਤੇ ਹੌਲੀ ਜਿਹੀ ਬੋਲਿਆ:

"ਇਸ ਲਈ ਕਿ ਤੂੰ ਵਾਪਸ ਆਵੇਂ ਤੇ ਫੇਰ ਕਦੇ ਨਾ ਜਾਵੇਂ। ਤੇਰੇ ਭਵਿਖ ਲਈ!"

ਅਸੀਂ ਮੱਗ ਟਕਰਾ ਕੇ ਖਾਲੀ ਕੀਤੇ ਅਤੇ ਨੁਕਲ ਕਰਨ ਲੱਗ ਪਏ।

ਇਸ ਵਿਚ ਕੋਈ ਸ਼ੱਕ ਨਹੀਂ, ਕਿ ਇਸ ਘੜੀ ਅਸੀਂ ਦੋਵੇਂ ਮੁੰਡੇ ਬਾਰੇ ਸੋਚ ਰਹੇ ਸਾਂ। ਅੰਗੀਠੀ ਉਪਰੋਂ ਤੇ ਪਾਸਿਆਂ ਤੋਂ ਲਾਲ ਸੁਰਖ਼ ਹੋ ਗਈ ਸੀ। ਅਸੀਂ ਵਾਪਸ ਆ ਗਏ ਸਾਂ ਤੇ ਏਥੇ ਨਿੱਘੇ ਹੋ ਕੇ ਸੁਰਖਿਅਤ ਬੈਠੇ ਸਾਂ, ਅਤੇ ਉਹ ਅਜੇ ਬਾਹਰ, ਦੁਸ਼ਮਣ ਦੀਆਂ ਸਫਾਂ ਵਿਚ ਸੀ, ਬਰਫ ਉਤੇ ਰੀਂਗਦਾ ਅਤੇ ਕਦਮ ਕਦਮ ਉਤੇ ਸ਼ਹਿ ਲਾ ਕੇ ਬੈਠੀ ਮੌਤ ਸਦਕਾ ਉਦਾਸ ਹੋਇਆ।

ਮੈਂ ਕਦੇ ਬੱਚਿਆਂ ਨੂੰ ਖਾਸ ਮੋਹ ਪਿਆਰ ਨਹੀਂ ਸੀ ਕਰਦਾ, ਪਰ ਇਸ ਮੁੰਡੇ ਨਾਲ ਭਾਵੇਂ ਮੈਂ ਉਸ ਨੂੰ ਸਿਰਫ ਦੋ ਹੀ ਵਾਰੀ ਮਿਲਿਆ ਸਾਂ—ਮੈਨੂੰ ਏਨਾ ਮੋਹ ਹੋ ਗਿਆ ਸੀ ਕਿ ਦਿਲ ਦੀ ਬੇਚੈਨੀ ਦਾ ਦੁਖ ਮਹਿਸੂਸ ਕੀਤੇ ਬਗੈਰ ਉਹਦੇ ਬਾਰੇ ਸੋਚ ਹੀ ਨਹੀਂ ਸੀ ਸਕਦਾ।

ਮੈਂ ਹੋਰ ਨਹੀਂ ਪੀਤੀ। ਪਰ ਖੋਲਿਨ ਨੇ ਚੁਪ ਗੜੁਪ ਰਹਿ ਕੇ ਆਪਣਾ ਤੀਜਾ ਮੱਗ ਵੀ ਖਾਲੀ ਕਰ ਲਿਆ ਸੀ। ਥੋੜੇ ਚਿਰ ਬਾਦ ਉਹ ਨਸ਼ੇ ਵਿਚ ਆ ਗਿਆ ਸੀ ਤੇ ਅੱਗ ਵਰ੍ਹਾਉਂਦੀਆਂ ਨਜ਼ਰਾਂ ਨਾਲ ਮੂੰਹ ਵੱਟ ਕੇ ਮੇਰੇ

8*

ਵੱਲ ਵੇਖਦਾ ਹੋਇਆ, ਨਿਮੋਝੂਣ ਬੈਠਾ ਹੋਇਆ ਸੀ।

"ਤੀਸਰਾ ਸਾਲ ਜਾ ਰਿਹਾ ਹੈ ਲੜਾਈ ਵਿਚ ਤੇਰਾ ?" ਉਸ ਨੇ ਸਿਗਰਟ ਸੁਲਘਾਉਂਦੇ ਹੋਏ ਪੁੱਛਿਆ। "ਮੈਨੂੰ ਵੀ। ਪਰ ਅਸੀਂ ਮੌਤ ਨਾਲ ਅੱਖਾਂ ਮਿਲਾ ਕੇ ਨਹੀਂ ਵੇਖਿਆ, ਜਿਵੇਂ ਇਵਾਨ ਨੇ ਵੇਖਿਆ ਹੈ! ਤੇਰੇ ਪਿਛੇ ਇਕ ਬਟਾਲੀਅਨ, ਇਕ ਰੈਜਮੈਂਟ, ਪੂਰੀ ਦੀ ਪੂਰੀ ਆਰਮੀ ਹੈ... ਅਤੇ ਇਹ ਇਕੱਲਾ!" ਗੁੱਸੇ ਨਾਲ ਭੜਕ ਕੇ ਖੋਲਿਨ ਕੜਕਿਆ। "ਇਕ ਬੱਚਾ!... ਤੇ ਤੂੰ ਉਹਨੂੰ ਇਹ ਨਕਾਰੀ ਛੁਰੀ ਨਾ ਦਿੱਤੀ।"

8

"ਨਾ ਦਿੱਤੀ!" ਨਹੀਂ, ਮੈਂ ਨਹੀਂ ਦੇ ਸਕਦਾ ਸੀ, ਮੈਨੂੰ ਕੋਈ ਹੱਕ ਨਹੀਂ ਸੀ ਇਹ ਛੁਰੀ ਕਿਸੇ ਨੂੰ ਦੇਣ ਦਾ। ਇਹ ਨਿਸ਼ਾਨੀ ਸੀ, ਮਰ ਗਏ ਦੋਸਤ ਦੀ ਇਕੋ ਇਕ ਨਿਸ਼ਾਨੀ।

ਪਰ ਮੈਂ ਆਪਣਾ ਬਚਨ ਪਾਲਿਆ। ਡੀਵੀਜ਼ਨ ਦੀ ਅਸਲੇ ਦੀ ਵਰਕਸ਼ਾਪ ਵਿਚ ਇਕ ਵਧੀਆ ਕਾਰੀਗਰ, ਫਿਟਰ ਦਾ ਕੰਮ ਕਰਦਾ ਸੀ, ਸਨਅਤੀ ਯੂਰਾਲ ਤੋਂ ਇਕ ਵਡੇਰੀ ਉਮਰ ਦਾ ਸਾਰਜੈਂਟ। ਪਿਛਲੀ ਬਸੰਤ ਵਿਚ ਉਸ ਨੇ ਕੋਸਤੀਆ ਦੀ ਛੁਰੀ ਦੀ ਮੁੱਠ ਉਤੇ ਖੁਣਾਈ ਦਾ ਕੰਮ ਕੀਤਾ ਸੀ। ਮੈਂ ਉਸ ਨੂੰ ਆਖਿਆ ਕਿ ਓਸੇ ਤਰ੍ਹਾਂ ਦੀ ਮੁਠ ਬਣਾ ਦੇਵੇ ਅਤੇ ਨਵੀਂ ਨਕੋਰ ਛੁਰੀ ਨੂੰ ਲਾ ਦੇਵੇ ਜਿਹੜੀ ਮੈਂ ਉਸ ਨੂੰ ਦਿੱਤੀ ਸੀ। ਮੈਂ ਸਿਰਫ ਉਸ ਨੂੰ ਆਖਿਆ ਹੀ ਨਹੀਂ ਸੀ ਸਗੋਂ ਲੜਾਈ ਵਿਚ ਲੁਟਿਆ, ਜਰਮਨੀ ਦਾ ਬਣਿਆ ਟੂਲ ਬਕਸਾ ਵੀ ਲਿਆ ਦਿੱਤਾ ਸੀ ਜਿਸ ਵਿਚ ਬਾਂਕ, ਵਰਮੇ ਤੇ ਛੈਣੀਆਂ ਸਨ। ਮੈਨੂੰ ਇਹਨਾਂ ਚੀਜ਼ਾਂ ਦੀ ਲੋੜ ਨਹੀਂ ਸੀ ਤੇ ਉਹ ਖੁਸ਼ ਹੋ ਗਿਆ ਸੀ ਜਿਵੇਂ ਬੱਚਾ ਖੁਸ਼ ਹੁੰਦਾ ਹੈ।

ਉਸ ਨੇ ਬੜੀ ਸ਼ਾਨਦਾਰ ਮੁਠ ਤਿਆਰ ਕੀਤੀ ਸੀ, ਅਤੇ ਕੋਸਤੀਆ ਦੀ ਛੁਰੀ ਦਾ ਇਸ ਛੁਰੀ ਨਾਲੋਂ ਸਿਰਫ ਇਕੋ ਫਰਕ ਸੀ ਕਿ ਇਸ ਧਾਰ ਉਤੇ ਦੰਦੇ ਨਹੀਂ ਸਨ ਅਤੇ ਉਸ ਦੀ ਮੁੱਠ ਉਤੇ ਮਾਲਕ ਦਾ ਨਾਂ ਖੁਣਿਆ ਹੋਇਆ ਸੀ "ਕ.ਹ.।" ਮੈਂ ਕਲਪਨਾ ਕੀਤੀ ਕਿ ਏਡੀ ਸ਼ਾਨਦਾਰ ਮੁੱਠ ਵਾਲੀ ਛੁਰੀ

ਲੈ ਕੇ ਮੁੰਡਾ ਕੇਡਾ ਖੁਸ਼ ਹੋਵੇਗਾ। ਮੈਂ ਉਸ ਨੂੰ ਸਮਝਦਾ ਸਾਂ। ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਮੈਂ ਆਪ ਗਭਰੇਟ ਹੁੰਦਾ ਸਾਂ।

ਮੈਂ ਛੁਰੀ ਨੂੰ ਆਪਣੀ ਪੇਟੀ ਵਿਚ ਲਾ ਲਿਆ। ਮੈਂ ਸੋਚ ਰਿਹਾ ਸਾਂ ਕਿ ਖੋਲਿਨ ਜਾਂ ਲੈਫਟੀਨੈਂਟ-ਕਰਨਲ ਗਰਿਆਜ਼ਨੋਵ ਨਾਲ ਜਦੋਂ ਵੀ ਮੇਰਾ ਮੇਲ ਹੋ ਗਿਆ, ਇਹ ਉਹਨਾਂ ਦੇ ਹਵਾਲੇ ਕਰ ਦੇਵਾਂਗਾ। ਇਵਾਨ ਨਾਲ ਆਪਣੀ ਮੁਲਾਕਾਤ ਹੋ ਜਾਣ ਦੀ ਮੈਨੂੰ ਕੋਈ ਆਸ ਨਹੀਂ ਸੀ। ਇਸ ਵੇਲੇ ਉਹ ਕਿਥੇ ਹੋਵੇਗਾ? ਉਸ ਬਾਰੇ ਸੋਚ ਕੇ ਮੈਨੂੰ ਖਿਆਲ ਆਉਂਦਾ।

ਇਹ ਬੜੇ ਜੋਸ਼-ਖਰੋਸ਼ ਦੇ ਦਿਨ ਸਨ। ਸਾਡੀ ਆਰਮੀ ਦੀਆਂ ਡੀਵੀਜ਼ਨਾਂ ਦਨੀਪਰ ਨੂੰ ਪਾਰ ਕਰ ਰਹੀਆਂ ਸਨ, ਅਤੇ ਜਿਵੇਂ ਕਿ ਸੂਚਨਾ ਵਿਭਾਗ ਦੇ ਕਮਿਊਨੀਕੇ ਵਿਚ ਖਬਰ ਦਿੱਤੀ ਗਈ ਸੀ, "ਸੱਜੇ ਕੰਢੇ ਉਤੇ ਕਬਜ਼ੇ ਦੇ ਇਲਾਕੇ ਨੂੰ ਵਿਸ਼ਾਲ ਕਰਨ ਲਈ ਸਫਲ ਲੜਾਈਆਂ ਲੜ ਰਹੀਆਂ ਸਨ।"

ਮੈਂ ਇਸ ਛੁਰੀ ਦੀ ਕੋਈ ਵਰਤੋਂ ਨਹੀਂ ਸੀ ਕੀਤੀ। ਇਹ ਠੀਕ ਹੈ ਕਿ ਇਕ ਵਾਰੀ ਦੂ-ਬਦੂ ਲੜਾਈ ਵਿਚ ਮੈਂ ਹੈਮਬਰਗ ਦੇ ਜੋਬਰ ਕਾਰਪੋਰਲ ਉਤੇ ਇਸ ਨੂੰ ਵਰਤਿਆ ਸੀ ਕਿਉਂਕਿ ਜੇ ਮੈਂ ਨਾ ਇਸ ਤਰ੍ਹਾਂ ਕਰਦਾ ਤਾਂ ਉਹਨੇ ਆਪਣੇ ਬੇਲਚੇ ਨਾਲ ਮੇਰਾ ਸਿਰ ਪਾੜ ਦੇਣਾ ਸੀ।

ਜਰਮਨਾਂ ਨੇ ਜਾਨ ਤੋੜ ਕੇ ਮੁਕਾਬਲਾ ਕੀਤਾ। ਅੱਠ ਦਿਨ ਚੜ੍ਹਾਈ ਦੀਆਂ ਸਖ਼ਤ ਲੜਾਈਆਂ ਤੋਂ ਬਾਦ ਸਾਨੂੰ ਸੁਰੱਖਿਆ ਮੋਰਚੇ ਸਾਂਭ ਲੈਣ ਦੇ ਹੁਕਮ ਆ ਗਏ। ਓਦੋਂ ਹੀ ਸ਼ੁਰੂ ਨਵੰਬਰ ਦੇ ਠੰਡ ਵਾਲੇ ਇਕ ਉਜਲੇ ਦਿਨ, ਇਨਕਲਾਬ ਦੇ ਤਿਓਹਾਰ ਦੇ ਮੌਕੇ, ਲੈਫਟੀਨੈਂਟ-ਕਰਨਲ ਗਰਿਆਜ਼ਨੋਵ ਨਾਲ ਮੇਰਾ ਮੇਲ ਹੋ ਗਿਆ।

ਦਰਮਿਆਨੇ ਕੱਦ ਤੇ ਗਠਵੇਂ ਸਰੀਰ ਉਤੇ ਵੱਡੇ ਸਿਰ ਵਾਲਾ ਇਹ ਆਦਮੀ, ਵੱਡਾ ਕੋਟ ਤੇ ਕੰਨ-ਪਟੀਆਂ ਵਾਲੀ ਫਰ ਦੀ ਟੋਪੀ ਪਾਈ, ਆਪਣੀ ਸੱਜੀ ਲੱਤ ਨੂੰ ਮਾੜਾ ਜਿਹਾ ਘਸੀਟ ਕੇ, ਜਿਹੜੀ ਫਿਨਲੈਂਡ ਦੀ ਲੜਾਈ ਵੇਲੇ ਜ਼ਖ਼ਮੀ ਹੋ ਗਈ ਸੀ, ਸੜਕ ਕੰਢੇ ਟਹਿਲ ਰਿਹਾ ਸੀ। ਮੈਂ ਜਿਵੇਂ ਹੀ ਉਸ ਜੰਗਲ ਦੇ ਕਿਨਾਰੇ ਆਇਆ, ਜਿਥੇ ਮੇਰੀ ਬਟਾਲੀਅਨ ਦੀ ਰਹਿੰਦ ਖੂੰਹਦ ਟਿਕੀ ਹੋਈ ਸੀ, ਮੈਂ ਉਸ ਨੂੰ ਦੂਰੋਂ ਹੀ ਪਛਾਣ ਲਿਆ ਸੀ।

ਹੁਣ ਮੈਂ ਪੂਰੇ ਹੱਕ ਨਾਲ "ਮੇਰੀ" ਬਟਾਲੀਅਨ ਕਹਿ ਸਕਦਾ ਸੀ ਕਿਉਂਕਿ ਦਰਿਆ ਪਾਰ ਕਰਨ ਤੋਂ ਪਹਿਲਾਂ ਮੈਨੂੰ ਪੱਕੇ ਤੌਰ ਤੇ ਬਟਾਲੀਅਨ ਕਮਾਂਡਰ ਥਾਪ ਦਿੱਤਾ ਗਿਆ ਸੀ।

ਜੰਗਲ ਵਿਚ, ਜਿਥੇ ਅਸੀਂ ਟਿਕੇ ਹੋਏ ਸਾਂ, ਸ਼ਾਂਤੀ ਸੀ। ਜ਼ਮੀਨ ਕੱਕਰ-ਜੰਮੇ ਪੱਤਿਆਂ ਨਾਲ ਕੱਜੀ ਹੋਈ ਸੀ ਅਤੇ ਇਸ ਥਾਂ ਤੋਂ ਘੋੜੇ ਦੀ ਲਿੱਦ ਤੇ ਪਿਸ਼ਾਬ ਦੀ ਮੁਸ਼ਕ ਆਉਂਦੀ ਸੀ। ਇਸ ਹਲਕੇ ਵਿਚ ਪਾੜ ਖੋਹਲਣ ਵਿਚ ਕਜ਼ਾਕ ਘੋੜਸਵਾਰਾਂ ਦੇ ਇਕ ਦੱਸਤੇ ਨੇ ਹਿੱਸਾ ਲਿਆ ਸੀ ਤੇ ਇਸ ਜੰਗਲ ਵਿਚ ਉਹਨਾਂ ਨੇ ਡੇਰਾ ਲਾਇਆ ਹੋਇਆ ਸੀ। ਘੋੜਿਆਂ ਤੇ ਗਊਆਂ ਦੀ ਮੁਸ਼ਕ ਮੇਰੇ ਮਨ ਵਿਚ ਬਚਪਨ ਤੋਂ ਹੀ ਸਜਰੇ ਦੁੱਧ ਤੇ ਤੰਦੂਰ ਵਿਚੋਂ ਕੱਢੀ ਗਰਮ ਗਰਮ ਰੋਟੀ ਦੀ ਮਹਿਕ ਨਾਲ ਜੁੜੀ ਹੋਈ ਸੀ। ਮੇਰੇ ਮਨ ਵਿਚ ਪਿੰਡ ਦੀਆਂ ਯਾਦਾਂ ਜਾਗ ਪਈਆਂ ਜਿਥੇ ਬਾਲ-ਵਰੇਸ ਵਿਚ ਮੈਂ ਹਰ ਸਾਲ ਆਪਣੀ ਨਾਨੀ ਕੋਲ ਜਾਇਆ ਕਰਦਾ ਸਾਂ। ਮੇਰੀ ਨਾਨੀ ਬੜੀ ਕਮਜ਼ੋਰ ਜਿਹੀ ਮਧਰੇ ਕੱਦ ਦੀ ਬੁੱਢੀ ਔਰਤ ਸੀ ਜਿਹੜੀ ਮੇਰੇ ਤੋਂ ਸਦਕੇ ਜਾਂਦੀ ਹੁੰਦੀ ਸੀ। ਇਹ ਕੋਈ ਬਹੁਤ ਪੁਰਾਣੀ ਗੱਲ ਨਹੀਂ ਸੀ, ਪਰ ਤਾਂ ਵੀ ਜਾਪਦਾ ਸੀ ਇਹ ਹੁਣ ਬਹੁਤ ਦੂਰ ਦੀ ਗੱਲ ਹੈ, ਬਹੁਤ ਦੂਰ ਦੀ ਜਿਹੜੀ ਮੁੜ ਕਦੇ ਨਹੀਂ ਹੋ ਸਕਦੀ, ਜਿਵੇਂ ਲੜਾਈ ਤੋਂ ਪਹਿਲਾਂ ਦੀ ਕੋਈ ਵੀ ਗੱਲ ਮੁੜ ਕਦੇ ਨਹੀਂ ਹੋ ਸਕਦੀ।

ਜਿਉਂ ਹੀ ਮੈਂ ਜੰਗਲ ਵਿਚੋਂ ਬਾਹਰ ਨਿਕਲਿਆ, ਬਚਪਨ ਦੀਆਂ ਯਾਦਾਂ ਵਿਸਰ ਗਈਆਂ। ਸੜਕ ਉਤੇ ਜਰਮਨ ਗੱਡੀਆਂ ਦੀ ਘੜਮਸ ਪਈ ਹੋਈ ਸੀ, ਕੁਝ ਸੜੀਆਂ ਹੋਈਆਂ, ਕੁਝ ਟੁੱਟ ਭੱਜ ਗਈਆਂ ਅਤੇ ਕੁਝ ਵੈਸੇ ਹੀ ਓਥੇ ਛੱਡ ਦਿੱਤੀਆਂ ਗਈਆਂ ਸਨ। ਸੜਕ ਦੇ ਆਸ ਪਾਸ ਅਤੇ ਖਾਈਆਂ ਵਿਚ ਜਰਮਨ ਲਾਸ਼ਾਂ ਵਿਛੀਆਂ ਪਈਆਂ ਸਨ, ਕੋਈ ਕਿਸੇ ਰੁਖ਼ ਕੋਈ ਕਿਸੇ ਰੁਖ਼। ਖਾਈਆਂ ਖੰਦਕਾਂ ਵਾਲੇ ਮੈਦਾਨ ਵਿਚ ਥਾਂ ਪਰ ਥਾਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ।

ਸੜਕ ਵਿਚ, ਲੈਫਟੀਨੈਂਟ-ਕਰਨਲ ਗਰਿਆਜ਼ਨੋਵ ਤੋਂ ਕੋਈ ਪੰਜਾਹ ਕੁ ਮੀਟਰ ਦੂਰ, ਉਸ ਦੇ ਡਰਾਈਵਰ ਤੇ ਦੁਭਾਸ਼ੀਆ—ਜਿਸ ਦੇ ਮੋਢਿਆਂ

ਉਤੇ ਲੈਫਟੀਨੈਂਟ ਦੀਆਂ ਫੀਤੀਆਂ ਸਨ—ਜਰਮਨ ਹੈਡ-ਕੁਆਰਟਰ ਦੀ ਬਕਤਰਬੰਦ ਗੱਡੀ ਨੂੰ ਕੁਝ ਕਰਨ ਵਿਚ ਰੁੱਝੇ ਹੋਏ ਸਨ। ਚਾਰ ਜਣੇ ਹੋਰ, ਜਿਨ੍ਹਾਂ ਦੇ ਰੈਂਕ ਦਾ ਮੈਨੂੰ ਪਤਾ ਨਹੀਂ ਸੀ ਲੱਗ ਸਕਿਆ, ਸੜਕ ਦੇ ਦੂਜੇ ਪਾਸੇ ਖੰਦਕਾਂ ਦੀ ਫੋਲਾ-ਫਾਲੀ ਕਰ ਰਹੇ ਸਨ। ਲੈਫਟੀਨੈਂਟ-ਕਰਨਲ ਉੱਚੀ ਆਵਾਜ਼ ਵਿਚ ਉਹਨਾਂ ਨੂੰ ਕੁਝ ਆਖ ਰਿਹਾ ਸੀ, ਪਰ ਹਵਾ ਦਾ ਸਦਕਾ ਮੈਨੂੰ ਕੁਝ ਸਮਝ ਨਹੀਂ ਸੀ ਆ ਸਕੀ।

ਜਦੋਂ ਮੈਂ ਨੇੜੇ ਪੁਜਾ ਤਾਂ ਗਰਿਆਜ਼ਨੋਵ ਨੇ ਸਾਂਵਲਾ, ਮਾਤਾ ਦੇ ਦਾਗ਼ਾਂ ਵਾਲਾ ਭਾਰਾ ਜਿਹਾ ਚਿਹਰਾ ਮੇਰੇ ਵੱਲ ਕੀਤਾ ਤੇ ਖਰ੍ਹਵੀ ਆਵਾਜ਼ ਵਿਚ ਚੀਕ ਉਠਿਆ ਜਿਸ ਵਿਚੋਂ ਹੈਰਾਨੀ ਜਾਂ ਖ਼ੁਸ਼ੀ ਟਪਕਦੀ ਸੀ:

"ਗਾਲਤਸੇਵ ਤੂੰ? ਜਿਊਂਦਾ ਏਂ?"

"ਜਿਊਂਦਾ ਤੇ ਛਾਲਾਂ ਮਾਰਦਾ ਫਿਰਦਾ ਆਂ," ਮੈਂ ਮੁਸਕ੍ਰਾਇਆ। "ਤੇਰੀ ਸੁਖ ਮੰਗਦਾਂ!"

"ਕੀ ਹਾਲ ਚਾਲ ਏ? ਬੜੀ ਖ਼ੁਸ਼ੀ ਹੋਈ ਮਿਲ ਕੇ।"

ਮੈਂ ਉਹਦੇ ਵਧੇ ਹੱਥ ਨਾਲ ਹੱਥ ਮਿਲਾਇਆ, ਤੇ ਇਹ ਪੱਕ ਕਰਨ ਲਈ ਕਿ ਕੋਈ ਲਾਗੇ ਨਾ ਹੋਵੇ, ਚੁਫੇਰੇ ਨਜ਼ਰ ਮਾਰ ਕੇ, ਮੈਂ ਪੁੱਛਿਆ:

"ਕਾਮਰੇਡ ਲੈਫਟੀਨੈਂਟ-ਕਰਨਲ, ਇਕ ਗੱਲ ਪੁੱਛਾਂ? ਇਵਾਨ ਦਾ ਕੀ ਹਾਲ ਏ? ਵਾਪਸ ਆ ਗਿਆ?"

"ਇਵਾਨ? ਕਿਹੜਾ ਇਵਾਨ?"

"ਉਹ ਮੁੰਡਾ, ਬੋਨਦਾਰੇਵ।"

"ਤੇਰਾ ਕੀ ਮਤਲਬ ਇਸ ਨਾਲ ਆ ਗਿਆ ਜਾਂ ਨਹੀਂ?" ਆਪਣੀਆਂ ਕਾਲੀਆਂ ਖੱਚਰੀਆਂ ਅੱਖਾਂ ਨਾਲ ਘੂਰ ਕੇ ਮੇਰੇ ਵੱਲ ਵੇਖਦਿਆਂ ਗਰਿਆਜ਼ਨੋਵ ਨੇ ਆਖਿਆ।

"ਮੈਂ ਪਾਰ ਜਾਣ ਵਿਚ ਉਹਦੀ ਮਦਦ ਕੀਤੀ ਸੀ, ਜਾਣਦੇ ਹੋ..."

"ਉਸ ਗੱਲ ਦਾ ਇਸ ਨਾਲ ਕੀ ਵਾਸਤਾ! ਹਰ ਇਕ ਨੂੰ ਓਨੀ ਕੁ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਜਿੰਨੀ ਦੀ ਲੋੜ ਹੋਵੇ। ਫੌਜੀ ਜੀਵਨ ਦਾ ਇਹ ਕਾਨੂੰਨ ਹੈ, ਖਾਸ ਕਰਕੇ ਖ਼ੁਫੀਆ ਮਹਿਕਮੇ ਦਾ।"

"ਪਰ ਮੈਂ ਇਹ ਗੱਲ ਸਰਕਾਰੀ ਤੌਰ ਤੇ ਨਹੀਂ ਪੁੱਛਦਾ। ਇਹ ਖਾਲਸ ਜ਼ਾਤੀ ਮਾਮਲਾ ਹੈ। ਮੈਂ ਤੁਹਾਨੂੰ ਇਕ ਬੇਨਤੀ ਕਰਨੀ ਹੈ। ਮੈਂ ਉਹਦੇ ਨਾਲ ਇਸ ਦਾ ਵਾਅਦਾ ਕੀਤਾ ਸੀ..." ਮੈਂ ਆਪਣੇ ਕੋਟ ਦੇ ਬਟਨ ਖੋਹਲੇ, ਆਪਣੀ ਪੇਟੀ ਨਾਲੋਂ ਛੁਰੀ ਲਾਹੀ, ਅਤੇ ਗਰਿਆਜ਼ਨੋਵ ਨੂੰ ਫੜਾ ਦਿੱਤੀ। "ਮਿਹਰਬਾਨੀ ਕਰ ਕੇ ਇਹ ਉਸ ਨੂੰ ਦੇ ਦੇਣਾ। ਕਾਸ਼ ਤੁਹਾਨੂੰ ਪਤਾ ਹੁੰਦਾ ਕਿ ਕਿਵੇਂ ਇਸ ਨੂੰ ਲੈਣ ਵਾਸਤੇ ਉਹਦਾ ਜੀਅ ਕਰਦਾ ਸੀ।"

"ਮੈਨੂੰ ਪਤਾ ਹੈ, ਗਾਲਤਸੇਵ, ਪਤਾ ਹੈ।" ਲੈਫਟੀਨੈਂਟ-ਕਰਨਲ ਨੇ ਛੁਰੀ ਨੂੰ ਫੜ ਕੇ ਉਸ ਵੱਲ ਵੇਖਦਿਆਂ ਹੌਕਾ ਲਿਆ। "ਮਾੜੀ ਨਹੀਂ। ਪਰ ਮੈਂ ਇਸ ਤੋਂ ਵੀ ਚੰਗੀਆਂ ਵੇਖੀਆਂ ਨੇ। ਉਹਦੇ ਕੋਲ, ਜੇ ਬਹੁਤੀਆਂ ਨਹੀਂ ਤਾਂ, ਦਰਜਨ ਕੁ ਇਹੋ ਜਿਹੀਆਂ ਛੁਰੀਆਂ ਹੋਣਗੀਆਂ। ਉਹਨੇ ਡੱਬਾ ਭਰਿਆ ਹੋਇਆ ਹੈ। ਵੇਖੋਂ ਨਾ, ਇਹਨਾਂ ਨਾਲ ਉਸ ਨੂੰ ਬੜਾ ਮੋਹ ਹੈ। ਇਹ ਉਮਰ ਹੀ ਐਸੀ ਹੈ। ਗਭਰੇਟ ਕੋਲੋਂ ਹੋਰ ਕੀ ਆਸ ਹੋ ਸਕਦੀ ਹੈ! ਠੀਕ ਹੈ, ਜੇ ਮਿਲ ਪਿਆ ਤਾਂ ਦੇ ਦੇਵਾਂਗਾ..."

"ਫੇਰ, ਉਹ ਆਇਆ ਨਹੀਂ ਵਾਪਸ?" ਮੈਂ ਘਬਰਾਹਟ ਨਾਲ ਪੁੱਛਿਆ।

"ਆ ਗਿਆ ਸੀ। ਫੇਰ ਚਲਾ ਗਿਆ। ਆਪੇ ਹੀ ਚਲਾ ਗਿਆ..."

"ਉਹ ਕਿਸ ਤਰ੍ਹਾਂ?"

ਗਰਿਆਜ਼ਨੋਵ ਨੇ ਤਿਊੜੀ ਚੜ੍ਹਾ ਲਈ ਤੇ ਚੁਪ ਕਰ ਕੇ ਦੂਰ ਖਲਾ ਵਿਚ ਝਾਕਣ ਲੱਗਾ। ਫੇਰ ਉਸ ਨੇ ਭਾਰੀ ਘੱਗੀ ਆਵਾਜ਼ ਵਿਚ ਹੌਲੀ ਜਿਹੀ ਆਖਿਆ:

"ਅਸੀਂ ਉਹਨੂੰ ਸਕੂਲ ਭੇਜਣਾ ਸੀ ਤੇ ਉਹ ਮੰਨ ਗਿਆ ਲੱਗਦਾ ਸੀ। ਸਵੇਰੇ ਉਹਦੇ ਵਾਸਤੇ ਅਸੀਂ ਸਾਰੇ ਕਾਗਜ਼-ਪੱਤਰ ਤਿਆਰ ਕਰਨੇ ਸਨ, ਪਰ ਉਹ ਰਾਤ ਵੇਲੇ ਨਿਕਲ ਗਿਆ।... ਉਸ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਮੈਂ ਉਸ ਨੂੰ ਜਾਣਦਾ ਹਾਂ। ਇਹ ਲੰਮੀ ਕਹਾਣੀ ਹੈ ਤੇ ਤੈਨੂੰ ਜਾਣਨ ਦੀ ਲੋੜ ਨਹੀਂ।"

ਉਸ ਨੇ ਆਪਣਾ ਵੱਡਾ ਸਾਰਾ ਦਾਗਾਂ ਵਾਲਾ ਚਿਹਰਾ ਮੇਰੇ ਵੱਲ ਕੀਤਾ। ਚਿਹਰੇ ਉਤੇ ਗੰਭੀਰਤਾ ਤੇ ਸੋਚਾਂ ਦਾ ਪਰਛਾਵਾਂ ਸੀ।

"ਉਹਦੇ ਅੰਦਰ ਦੀ ਨਫਰਤ ਅਜੇ ਮਰੀ ਨਹੀਂ ਸੀ। ਉਸ ਨੂੰ ਚੈਨ ਨਹੀਂ ਸੀ ਆਉਂਦਾ। ਹੋ ਸਕਦਾ ਹੈ ਉਹ ਆ ਜਾਵੇ, ਪਰ ਬਹੁਤ ਮੁਮਕਿਨ ਹੈ ਉਹ ਛਾਪੇਮਾਰਾਂ ਵਿਚ ਜਾ ਰਲੇ। ਮੈਂ ਤੈਨੂੰ ਸਲਾਹ ਦੇਵਾਂਗਾ ਕਿ ਤੂੰ ਉਸ ਨੂੰ ਭੁਲ ਜਾ, ਅਤੇ ਅੱਗੋਂ ਲਈ ਇਹ ਯਾਦ ਰੱਖੀਂ—ਸਫਬੰਦੀਆਂ ਦੇ ਪਿੱਛੇ ਗਏ ਸਾਡੇ ਬੰਦਿਆਂ ਬਾਰੇ ਕੋਈ ਸਵਾਲ ਨਹੀਂ ਪੁੱਛਣਾ। ਉਹਨਾਂ ਬਾਰੇ ਜਿੰਨੀ ਘੱਟ ਗੱਲ ਕੀਤੀ ਜਾਏ, ਜਿੰਨੇ ਘਟ ਲੋਕਾਂ ਨੂੰ ਉਹਨਾਂ ਬਾਰੇ ਪਤਾ ਹੋਵੇ ਓਨੀ ਹੀ ਲੰਮੀ ਉਹਨਾਂ ਦੀ ਜ਼ਿੰਦਗੀ। ਤੇਰਾ ਸਬੱਬੋਂ ਉਹਦੇ ਨਾਲ ਮੇਲ ਹੋ ਗਿਆ ਸੀ, ਅਤੇ, ਮੈਨੂੰ ਮਾਫ ਕਰੀਂ ਇਹ ਗੱਲ, ਸਮਝਿਆ ਜਾਂਦਾ ਹੈ ਕਿ ਤੈਨੂੰ ਉਹਦੇ ਬਾਰੇ ਕਿਸੇ ਗੱਲ ਦਾ ਕੁਝ ਪਤਾ ਨਹੀਂ। ਇਸ ਲਈ ਮਿਹਰਬਾਨੀ ਕਰ ਕੇ ਅੱਗੋਂ ਲਈ ਯਾਦ ਰੱਖੀਂ—ਤੂੰ ਕਿਸੇ ਬੋਨਦਾਰੇਵ ਨੂੰ ਨਹੀਂ ਜਾਣਦਾ, ਅਜਿਹਾ ਕੋਈ ਬੰਦਾ ਹੈ ਹੀ ਨਹੀਂ, ਤੂੰ ਨਾ ਕਦੇ ਉਹਨੂੰ ਵੇਖਿਆ ਹੈ ਨਾ ਉਹਦੇ ਬਾਰੇ ਕੁਝ ਸੁਣਿਆ ਹੈ। ਤੇ ਤੂੰ ਦਰਿਆ ਪਾਰ ਕਰਨ ਵਿਚ ਕਿਸੇ ਦੀ ਮਦਦ ਨਹੀਂ ਕੀਤੀ। ਇਸ ਲਈ ਪੁੱਛਣ ਵਾਸਤੇ ਕੋਈ ਸਵਾਲ ਹੀ ਨਹੀਂ ਰਹਿ ਜਾਂਦਾ। ਸਮਝ ਗਿਆ?..."

...ਤੇ ਮੈਂ ਕੋਈ ਹੋਰ ਸਵਾਲ ਨਹੀਂ ਪੁੱਛਿਆ। ਕੋਈ ਸੀ ਹੀ ਨਹੀਂ ਜਿਸ ਬਾਰੇ ਕੁਝ ਪੁੱਛਿਆ ਜਾਵੇ। ਥੋੜਾ ਹੀ ਚਿਰ ਮਗਰੋਂ ਖੋਲਿਨ ਜਾਸੂਸੀ ਕਰਨ ਗਿਆ ਮਾਰਿਆ ਗਿਆ ਸੀ। ਇਕ ਦਿਨ ਸਰਘੀ ਵੇਲੇ ਦੇ ਘੁਸਮੁਸੇ ਵਿਚ ਉਸ ਦੀ ਟੋਲੀ ਦੀ ਘਾਤ ਲਾ ਕੇ ਬੈਠੇ ਜਰਮਨ ਸੈਨਿਕਾਂ ਨਾਲ ਝੜਪ ਹੋ ਗਈ ਅਤੇ ਮਸ਼ੀਨ-ਗੱਨ ਦੀਆਂ ਗੋਲੀਆਂ ਨੇ ਖੋਲਿਨ ਦੀਆਂ ਦੋਵੇਂ ਲੱਤਾਂ ਛਾਨਣੀ ਕਰ ਦਿੱਤੀਆਂ। ਉਸ ਨੇ ਆਪਣੇ ਬੰਦਿਆਂ ਨੂੰ ਪਿਛੇ ਹਟ ਜਾਣ ਦਾ ਹੁਕਮ ਦਿੱਤਾ ਤੇ ਆਪ ਆਖਰੀ ਦਮ ਤੱਕ ਦੁਸ਼ਮਣ ਦਾ ਰਾਹ ਰੋਕ ਛੱਡਿਆ। ਤੇ ਜਦੋਂ ਉਹ ਕਾਬੂ ਆਇਆ ਤਾਂ ਉਸ ਨੇ ਇਕ ਟੈਂਕ-ਮਾਰ ਗਰਨੇਡ ਚਲਾ ਦਿੱਤਾ। ਅਤੇ ਲੈਫਟੀਨੈਂਟ-ਕਰਨਲ ਗਰਿਆਜ਼ਨੋਵ, ਉਸ ਦੀ ਬਦਲੀ ਕਿਸੇ ਹੋਰ ਆਰਮੀ ਵਿਚ ਹੋ ਗਈ ਤੇ ਮੇਰਾ ਉਹਦੇ ਨਾਲ ਫੇਰ ਕਦੇ ਮੇਲ ਨਹੀਂ ਹੋਇਆ।

ਪਰ ਕੁਦਰਤੀ ਹੀ, ਮੈਂ ਇਵਾਨ ਨੂੰ ਨਹੀਂ ਭੁਲਾ ਸਕਦਾ ਸੀ, ਜਿਵੇਂ ਕਿ

ਲੈਫਟੀਨੈਂਟ-ਕਰਨਲ ਨੇ ਮੈਨੂੰ ਸਲਾਹ ਦਿੱਤੀ ਸੀ। ਮੈਨੂੰ ਉਸ ਨਿੱਕੇ ਜਿਹੇ ਜਾਸੂਸ ਦਾ ਅਕਸਰ ਖਿਆਲ ਆ ਜਾਂਦਾ ਸੀ, ਪਰ ਮੈਂ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਮੇਰਾ ਉਹਦੇ ਨਾਲ ਕਿਸੇ ਵੇਲੇ ਮੇਲ ਹੋ ਜਾਵੇਗਾ ਜਾਂ ਉਸ ਦੀ ਹੋਣੀ ਬਾਰੇ ਕੁਝ ਪਤਾ ਲੱਗ ਜਾਵੇਗਾ।


9

ਕੋਵੇਲ ਦੀ ਲੜਾਈ ਸਮੇਂ ਮੈਂ ਬੁਰੀ ਤਰ੍ਹਾਂ ਫਟੜ ਹੋ ਗਿਆ ਅਤੇ "ਸੀਮਤ ਯੋਗਤਾ ਵਾਲਾ" ਬਣ ਕੇ ਰਹਿ ਗਿਆ। ਹੈਡ-ਕੁਆਰਟਰ ਵਿਚ ਜਾਂ ਪਿਛਵਾੜੇ ਵਿਚ ਗ਼ੈਰ ਲੜਾਕੇ ਫੌਜੀ ਕਰਮਚਾਰੀ ਦੀ ਹੈਸੀਅਤ ਵਿਚ ਕੰਮ ਕਰਨ ਵਾਲਾ। ਮੈਨੂੰ ਆਪਣੀ ਬਟਾਲੀਅਨ ਤੇ ਆਪਣੀ ਡੀਵੀਜ਼ਨ ਨੂੰ ਅਲਵਿਦਾ ਕਹਿਣਾ ਪਿਆ। ਜੰਗ ਦੇ ਆਖਰੀ ਛੇ ਮਹੀਨਿਆਂ ਦੌਰਾਨ ਮੈਂ ਉਸੇ ਪਹਿਲੇ ਬੇਲੋਰੂਸੀ ਮੁਹਾਜ਼ 'ਤੇ ਪਰ ਕਿਸੇ ਹੋਰ ਆਰਮੀ ਵਿਚ, ਖੁਫੀਆ ਕੋਰ ਵਿਚ, ਦੁਭਾਸ਼ੀਏ ਦਾ ਕੰਮ ਕੀਤਾ ਸੀ।

ਜਦੋਂ ਬਰਲਿਨ ਦੀ ਲੜਾਈ ਸ਼ੁਰੂ ਹੋਈ ਤਾਂ ਮੈਨੂੰ ਤੇ ਦੋ ਹੋਰ ਅਫਸਰਾਂ ਨੂੰ ਫੌਜੀ ਕਾਰਵਾਈ ਕਰਨ ਵਾਲੇ ਇਕ ਗਰੁਪ ਨਾਲ ਭੇਜਿਆ ਗਿਆ ਜਿਹੜਾ ਜਰਮਨ ਮਹਾਫਜ਼ਖਾਨੇ ਤੇ ਦਸਤਾਵੇਜ਼ਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਰੂਪ ਵਿਚ ਜਥੇਬੰਦ ਕੀਤਾ ਗਿਆ ਸੀ।

ਬਰਲਿਨ ਨੇ 2 ਮਈ ਨੂੰ ਦਿਨ ਦੇ ਤਿੰਨ ਵਜੇ ਹਥਿਆਰ ਸੁਟ ਦਿੱਤੇ ਸਨ। ਉਹਨਾਂ ਇਤਿਹਾਸਕ ਪਲਾਂ ਸਮੇਂ ਸਾਡਾ ਗਰੁਪ ਸ਼ਹਿਰ ਦੇ ਕੇਂਦਰੀ ਇਲਾਕੇ ਵਿਚ, ਪ੍ਰਿੰਸ-ਅਲਬਰੇਖ਼ਤਸ਼ਟਰਾਜ਼ ਦੀ ਅੱਧ-ਢੱਠੀ ਇਮਾਰਤ ਵਿਚ ਸੀ ਜਿਥੇ ਹਾਲੇ ਕੁਝ ਚਿਰ ਪਹਿਲਾਂ ਹੀ ਜਰਮਨ ਗੁਪਤਚਰ ਪੁਲੀਸ, ਗੇਸਟਾਪੋ ਦਾ ਹੈਡ-ਕੁਆਰਟਰ ਸੀ।

ਜਿਵੇਂ ਕਿ ਉਮੀਦ ਸੀ ਬਹੁਤ ਸਾਰੀਆਂ ਦਸਤਾਵੇਜ਼ਾਂ ਓਥੋਂ ਚੁੱਕ ਲਈਆਂ ਗਈਆਂ ਸਨ ਜਾਂ ਬਰਬਾਦ ਕਰ ਦਿੱਤੀਆਂ ਸਨ। ਸਿਰਫ ਸਭ ਤੋਂ ਉਪਰਲੀ,



ਤੀਜੀ, ਮੰਜ਼ਲ ਵਿਚ ਹੀ ਸਾਡੇ ਬੰਦਿਆਂ ਨੂੰ ਫਾਈਲਾਂ ਵਾਲੀਆਂ ਅਲਮਾਰੀਆਂ ਤੇ ਇਕ ਵੱਡਾ ਸਾਰਾ ਕਾਰਡ-ਇੰਡੈਕਸ ਮਿਲਿਆ ਜਿਹੜਾ ਸਹੀ-ਸਲਾਮਤ ਸੀ। ਟਾਮੀ-ਗੱਨਾਂ ਵਾਲੇ ਜਵਾਨਾਂ ਨੇ ਜਿਹੜੇ ਇਮਾਰਤ ਵਿਚ ਸਭ ਤੋਂ ਪਹਿਲਾਂ ਦਾਖਲ ਹੋਏ ਸਨ ਖਿੜਕੀ ਵਿਚੋਂ ਖੁਸ਼ੀ ਦੀਆਂ ਕਿਲਕਾਰੀਆਂ ਮਾਰ ਕੇ ਇਸ ਲਭੇ ਖਜ਼ਾਨੇ ਦਾ ਐਲਾਨ ਕੀਤਾ।

"ਕਾਮਰੇਡ ਕਪਤਾਨ, ਬਾਹਰ ਵਿਹੜੇ ਵਿਚ ਇਕ ਟਰੱਕ ਕਾਗਜ਼ਾਂ ਦਾ ਭਰਿਆ ਪਿਆ ਹੈ।" ਸਾਹੋ ਸਾਹ ਹੋਏ ਇਕ ਚੌੜੀ ਚਕਲੀ ਛਾਤੀ ਵਾਲੇ ਠਿਗਣੇ ਸੈਨਿਕ ਨੇ ਰਿਪੋਰਟ ਕੀਤਾ।

ਗੇਸਟਾਪੋ ਦਾ ਵਿਸ਼ਾਲ ਵਿਹੜਾ, ਜਿਥੇ ਹੁਣ ਪੱਥਰ ਤੇ ਮਲਬਾ ਖਿਲਰਿਆ ਪਿਆ ਸੀ, ਦਰਜਨਾਂ ਜਾਂ ਸ਼ਾਇਦ ਸੈਂਕੜੇ ਕਾਰਾਂ ਤੇ ਟਰੱਕਾਂ ਲਈ ਗਰਾਜ ਦੇ ਤੌਰ ਤੇ ਵਰਤਿਆ ਜਾਂਦਾ ਸੀ। ਗੋਲੇ ਬਾਰੂਦ ਨਾਲ ਤਬਾਹ ਹੋ ਗਏ ਕੁਝ ਟਰੱਕ ਕਾਰਾਂ ਅਜੇ ਵੀ ਓਥੇ ਸਨ। ਮੈਂ ਚੁਫੇਰੇ ਨਜ਼ਰ ਮਾਰੀ: ਬੰਕਰ, ਲਾਸ਼ਾਂ, ਬੰਬਾਂ ਨਾਲ ਪੈ ਗਏ ਟੋਏ, ਵਿਹੜੇ ਦੀ ਇਕ ਨੁਕਰ ਵਿਚ ਸੈਪਰ ਜਿਨ੍ਹਾਂ ਕੋਲ ਸੁਰੰਗ ਦੀ ਸੂਚਨਾ ਦੇਣ ਵਾਲੇ ਯੰਤਰ ਸਨ।

ਫਾਟਕ ਦੇ ਨੇੜੇ ਗੈਸ-ਜੈਨਰੇਟਰਾਂ ਵਾਲਾ ਇਕ ਲੰਮਾ ਟਰੱਕ ਖੜਾ ਸੀ। ਪਿਛਲਾ ਫੱਟਾ ਹੇਠਾਂ ਸੁਟਿਆ ਹੋਇਆ ਸੀ ਅਤੇ ਅੰਦਰ, ਤਰਪਾਲ ਹੇਠ ਕੱਜੀ ਸ਼ੁਟਸ ਸਟਾਫ ਦੀ ਕਾਲੀ ਵਰਦੀ ਵਿਚ ਇਕ ਅਫਸਰ ਦੀ ਦੇਹ ਅਤੇ ਵੱਡੇ ਸਾਰੇ ਬੰਡਲਾਂ ਵਿਚ ਬੱਝੀਆਂ ਮੋਟੀਆਂ ਮੋਟੀਆਂ ਫਾਈਲਾਂ ਤੇ ਗੁਪਤ-ਰਿਪੋਰਟਾਂ।

ਸੈਨਿਕ ਟਰੱਕ ਵਿਚ ਚੜ੍ਹ ਗਿਆ ਤੇ ਬੰਡਲਾਂ ਨੂੰ ਧੂਹ ਕੇ ਸਿਰੇ ਉਤੇ ਲੈ ਆਇਆ। ਮੈਂ ਆਪਣੀ ਛੁਰੀ ਨਾਲ ਰੱਸੀਆਂ ਕੱਟ ਦਿੱਤੀਆਂ।

ਇਹ ਆਰਮੀ ਗਰੁਪ ਸੈਂਟਰ ਦੀ ਗ.ਜ਼.ਪ—ਗੁਪਤ ਜੰਗੀ ਪੁਲੀਸ—ਦੀਆਂ ਦਸਤਾਵੇਜ਼ਾਂ ਸਨ ਜਿਨ੍ਹਾਂ ਉਤੇ 1943-1944 ਦੀਆਂ ਤਾਰੀਖਾਂ ਸਨ। ਤਾਜ਼ੀਰੀ "ਕਾਰਵਾਈਆਂ" ਦੀਆਂ ਰਿਪੋਰਟਾਂ, ਏਜੰਟਾਂ ਦੇ ਸੰਦੇਸ਼, ਖੋਜ-ਤਲਾਸ਼ੀ ਦੇ ਹੁਕਮ, ਪਛਾਣ-ਚਿੰਨ੍ਹ ਦੇ ਰਿਕਾਰਡ, ਭਿੰਨ ਭਿੰਨ ਚਿੱਠੀਆਂ ਤੇ ਗੁਪਤ ਰਿਪੋਰਟਾਂ ਦੀਆਂ ਨਕਲਾਂ, ਜਿਨ੍ਹਾਂ ਤੋਂ ਉਹਨਾਂ ਦੀ ਬਹਾਦਰੀ ਤੇ

ਬੁਜ਼ਦਿਲੀ ਦੀਆਂ ਕਹਾਣੀਆਂ ਦਾ, ਗੋਲੀ ਨਾਲ ਉਡਾ ਦਿੱਤੇ ਗਏ ਲੋਕਾਂ ਅਤੇ ਉਹਨਾਂ ਲੋਕਾਂ ਦਾ ਜਿਨ੍ਹਾਂ ਨੇ ਉਹਨਾਂ ਕੋਲੋਂ ਬਦਲੇ ਲਏ, ਫੜੇ ਗਏ ਲੋਕਾਂ ਤੇ ਨਾ ਫੜੇ ਗਏ ਲੋਕਾਂ ਦਾ ਪਤਾ ਲੱਗਦਾ ਸੀ। ਇਹਨਾਂ ਦਸਤਾਵੇਜ਼ਾਂ ਵਿਚ ਮੇਰੀ ਖਾਸ ਦਿਲਚਸਪੀ ਸੀ। ਮੋਜ਼ੀਰ, ਤੇ ਪੇਤਰੀਕੋਵ, ਰੇਚਿਤਸਾ ਤੇ ਪਿਨਸਕ—ਗੋਮੇਲ ਤੇ ਪੋਲੇਸੀਯੇ ਇਲਾਕਿਆਂ ਦੀਆਂ ਉਹ ਸਭ ਜਾਣੀਆਂ ਪਛਾਣੀਆਂ ਥਾਵਾਂ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਗਈਆਂ ਜਿਨ੍ਹਾਂ ਵਿਚੋਂ ਦੀ ਸਾਡੀਆਂ ਮੂਹਰਲੀਆਂ ਸਫਾਂ ਲੰਘੀਆਂ ਸਨ।

ਫਾਈਲਾਂ ਵਿਚ ਇੰਦਰਾਜ ਫਾਰਮ ਵੀ ਥੋੜੇ ਨਹੀਂ ਸਨ ਜਿਨ੍ਹਾਂ ਵਿਚ ਉਹਨਾਂ ਲੋਕਾਂ ਬਾਰੇ ਸੰਖੇਪ ਜਾਣਕਾਰੀ ਦਰਜ ਸੀ ਜਿਨ੍ਹਾਂ ਨੂੰ ਗੁਪਤ ਪੁਲੀਸ ਲਭ ਰਹੀ ਸੀ ਜਾਂ ਜਿਹੜੇ ਲਭ ਲਏ ਗਏ ਸਨ। ਇਹਨਾਂ ਵਿਚੋਂ ਕੁਝ ਫਾਰਮਾਂ ਉਤੇ ਸੰਬੰਧਤ ਬੰਦਿਆਂ ਦੀਆਂ ਤਸਵੀਰਾਂ ਵੀ ਚਿਪਕਾਈਆਂ ਹੋਈਆਂ ਸਨ।

"ਇਹ ਕੌਣ ਹੈ?" ਟਰੱਕ ਅੰਦਰ ਖੜਾ ਸੈਨਿਕ ਵੱਖ ਵੱਖ ਫਾਰਮਾਂ ਉਤੇ ਆਪਣੀ ਗੰਦਲ ਉਂਗਲੀ ਰੱਖ ਕੇ, ਮੈਨੂੰ ਪੁਛਦਾ ਸੀ: "ਕਾਮਰੇਡ ਕਪਤਾਨ, ਇਹ ਕੌਣ ਹੈ?"

ਉਸ ਨੂੰ ਕੋਈ ਜਵਾਬ ਦਿੱਤੇ ਬਗੈਰ, ਮੈਂ ਪੱਥਰ ਹੋਇਆ, ਪਤਰੇ ਪਲਟਾਈ ਜਾਂਦਾ ਸਾਂ, ਇਕ ਤੋਂ ਮਗਰੋਂ ਦੂਜੀ ਫਾਈਲ ਫੋਲੀ ਜਾਂਦਾ ਸਾਂ, ਤੇ ਉਸ ਮੀਂਹ ਨੂੰ ਵੀ ਭੁਲਿਆ ਹੋਇਆ ਸਾਂ ਜਿਹੜਾ ਸਾਨੂੰ ਗੜੁਚ ਕਰ ਰਿਹਾ ਸੀ।

ਹਾਂ, ਸਾਡੀ ਜਿੱਤ ਦੇ ਉਸ ਸ਼ਾਨਦਾਰ ਦਿਹਾੜੇ ਬਰਲਿਨ ਵਿਚ ਮੀਂਹ ਪੈ ਰਿਹਾ ਸੀ, ਮਟਿਆਲੇ ਅਸਮਾਨ ਤੋਂ ਮਹੀਨ, ਠੰਡੀ ਕਿਣਮਿਣ ਕਿਣਮਿਣ। ਲੌਢੇ ਵੇਲੇ ਨਾਲ ਜਾ ਕੇ ਅਸਮਾਨ ਨਿਤਰਿਆ ਤੇ ਧੁੰਦ ਤੇ ਧੂਏਂ ਵਿਚੋਂ ਸੂਰਜ ਨੇ ਝਾਤ ਪਾਈ ਸੀ।

ਦਸ ਦਿਨ ਦੀ ਜ਼ਬਰਦਸਤ ਲੜਾਈ ਦੇ ਗਰਜਵੇਂ ਸ਼ੋਰ ਤੋਂ ਮਗਰੋਂ ਹੁਣ ਚੁੱਪ ਦਾ ਰਾਜ ਸੀ ਜਿਸ ਨੂੰ ਟਾਮੀ-ਗੱਨ ਦੀਆਂ ਗੋਲੀਆਂ ਕਿਸੇ ਕਿਸੇ ਵੇਲੇ ਤੋੜ ਦੇਂਦੀਆਂ ਸਨ। ਸ਼ਹਿਰ ਦੇ ਕੇਂਦਰ ਵਿਚ ਭਾਂਬੜ ਮਚ ਰਹੇ ਸਨ ਅਤੇ ਬਾਹਰਲੇ ਇਲਾਕਿਆਂ ਵਿਚ, ਜਿਥੇ ਬਹੁਤ ਸਾਰੇ ਬਾਗ਼ ਬਗੀਚੇ ਸਨ, ਭਰਪੂਰ ਸੋਸਨੀ ਫੁਲਾਂ ਦੀ ਮਹਿਕ ਹੋਰ ਸਾਰੀਆਂ ਮੁਸ਼ਕਾਂ ਉਤੇ ਭਾਰੂ ਸੀ। ਏਥੇ ਅੱਗ

ਨਾਲ ਸੜਦੇ ਮਕਾਨਾਂ ਦੀ ਸਖ਼ਤ ਮੁਸ਼ਕ ਸੀ ਤੇ ਖੰਡਰਾਂ ਉਤੇ ਕਾਲਾ ਧੂਆਂ ਚੱਕਰ ਕੱਟ ਰਿਹਾ ਸੀ।

"ਅੰਦਰ ਲੈ ਜਾ ਇਹ ਸਭ ਕੁਝ!" ਮੈਂ ਆਖ਼ਰ ਬੰਡਲਾਂ ਵੱਲ ਇਸ਼ਾਰਾ ਕਰਦਿਆਂ ਆਖਿਆ ਤੇ ਜਿਹੜੀ ਫ਼ਾਈਲ ਮੈਂ ਹੱਥ ਵਿਚ ਫੜੀ ਹੋਈ ਸੀ ਉਸ ਨੂੰ ਆਪਮੁਹਾਰੇ ਹੀ ਖੋਹਲ ਲਿਆ। ਇਸ ਉਤੇ ਮੈਂ ਨਜ਼ਰ ਮਾਰੀ ਤੇ ਮੇਰੇ ਦਿਲ ਦੀ ਜਿਵੇਂ ਧੜਕਣ ਰੁਕ ਗਈ ਹੋਵੇ। ਫ਼ਾਰਮ ਉਤੇ ਚਿਪਕਾਈ ਤਸਵੀਰ ਵਿਚੋਂ ਇਵਾਨ ਬੁਸਲੋਵ ਮੇਰੇ ਵੱਲ ਝਾਕ ਰਿਹਾ ਸੀ।

ਮੈਂ ਉਸ ਦੀਆਂ ਗੱਲ੍ਹਾਂ ਦੀਆਂ ਉਭਰਵੀਆਂ ਹੱਡੀਆਂ ਤੇ ਵਿਚਕਾਰ ਬਹੁਤੀ ਵਿੱਥ ਵਾਲੀਆਂ ਅੱਖਾਂ ਤੋਂ ਉਹਨੂੰ ਇਕਦਮ ਪਛਾਣ ਲਿਆ ਸੀ। ਏਨੀ ਵਿੱਥ ਵਾਲੀਆਂ ਅੱਖਾਂ ਮੈਂ ਕਦੇ ਨਹੀਂ ਵੇਖੀਆਂ ਸਨ।

ਉਸ ਨੇ ਓਸੇ ਤਰ੍ਹਾਂ ਹੀ ਘੂਰੀ ਵੱਟੀ ਹੋਈ ਸੀ ਜਿਸ ਤਰ੍ਹਾਂ ਓਦੋਂ ਵੱਟੀ ਹੋਈ ਸੀ ਜਦੋਂ ਉਹ ਮੈਨੂੰ ਦਨੀਪਰ ਕੰਢੇ ਮੋਰਚੇ ਵਿਚ ਪਹਿਲੀ ਵਾਰੀ ਮਿਲਿਆ ਸੀ। ਉਹਦੀ ਖੱਬੀ ਗੱਲ੍ਹ ਉਤੇ ਇਕ ਵੱਡਾ ਸਾਰਾ ਨੀਲ ਪਿਆ ਹੋਇਆ ਸੀ।

ਤਸਵੀਰ ਵਾਲਾ ਇਹ ਫ਼ਾਰਮ ਭਰਿਆ ਨਹੀਂ ਸੀ ਹੋਇਆ। ਬਹਿੰਦੇ ਜਾਂਦੇ ਦਿਲ ਨਾਲ ਮੈਂ ਇਸ ਨੂੰ ਪਲਟਾ ਕੇ ਵੇਖਿਆ—ਹੇਠਾਂ ਇਕ ਕਾਗ਼ਜ਼ ਪਿੰਨ ਨਾਲ ਜੋੜਿਆ ਹੋਇਆ ਸੀ ਜਿਸ ਉਤੇ ਕੁਝ ਟਾਈਪ ਕੀਤਾ ਹੋਇਆ ਸੀ। ਦੂਜੀ ਜਰਮਨ ਆਰਮੀ ਦੀ ਗੁਪਤ ਜੰਗੀ ਪੁਲੀਸ ਦੇ ਮੁਖੀ ਦੀ ਰਿਪੋਰਟ ਦੀ ਨਕਲ ਸੀ ਇਹ। ਲਿਖਿਆ ਸੀ:

"ਨੰ... ਸ਼ਹਿਰ ਲੂਨੀਨੇਤਸ। 26.12.43. ਗੁਪਤ।

"ਆਰਮੀ ਗਰੁਪ ਸੈਂਟਰ ਦੀ ਜੰਗੀ ਪੁਲੀਸ ਦੇ ਮੁਖੀ ਵੱਲ।

"21 ਦਸੰਬਰ 1943 ਨੂੰ ਸਹਾਇਕ ਪੁਲੀਸ ਦੇ ਯੇਫ਼ੀਮ ਤਿਤਕੋਵ ਨੇ ਰੇਲਵੇ ਲਾਈਨ ਦੇ ਕੋਲ ਸਾਡੀ 23ਵੀਂ ਆਰਮੀ ਕੋਰ ਦੇ ਵਰਜਿਤ ਇਲਾਕੇ ਵਿਚ 10 ਜਾਂ 12 ਸਾਲ ਦਾ ਇਕ ਰੂਸੀ ਪਾੜ੍ਹਾ ਵੇਖਿਆ ਤੇ ਦੋ ਘੰਟੇ ਉਸ ਉਤੇ ਨਿਗਾਹ ਰੱਖਣ ਮਗਰੋਂ ਫੜ ਲਿਆ ਜਿਹੜਾ ਬਰਫ਼ ਵਿਚ ਲੰਮਾ ਪਿਆ ਹੋਇਆ ਸੀ ਤੇ ਕਾਲਿਨਕੋਵਿਚੀ-ਕਲਿਨਸਕ ਹਲਕੇ ਵਿਚ ਫ਼ੌਜੀ

ਗੱਡੀਆਂ ਦਾ ਆਉਣਾ ਜਾਣਾ ਤਾੜ ਰਿਹਾ ਸੀ।

"ਅਗਿਆਤ ਕੈਦੀ ਨੇ (ਮਗਰੋਂ ਪਤਾ ਲੱਗਾ ਕਿ ਉਸ ਨੇ ਇਕ ਸਥਾਨਕ ਵਾਸੀ ਮਾਰੀਆ ਸੇਮੀਨਾ ਨੂੰ ਆਪਣਾ ਨਾਂ 'ਇਵਾਨ' ਦੱਸਿਆ ਸੀ) ਸਖ਼ਤ ਮੁਕਾਬਲਾ ਕੀਤਾ, ਤਿਤਕੋਵ ਦੇ ਹੱਥ ਨੂੰ ਚੱਕ ਮਾਰੇ ਅਤੇ ਕਾਰਪੋਰਲ ਵਿਨਟਸ ਦੀ ਮਦਦ ਨਾਲ ਹੀ, ਜਿਹੜਾ ਸਬੱਬ ਨਾਲ ਮੌਕੇ ਉਤੇ ਮੌਜੂਦ ਸੀ, ਉਸ ਮੁੰਡੇ ਨੂੰ ਜੰਗੀ ਪੁਲੀਸ ਕੋਲ ਲਿਆਂਦਾ ਗਿਆ...

"...ਇਹ ਸਿੱਧ ਹੋ ਚੁੱਕਾ ਹੈ ਕਿ 'ਇਵਾਨ' ਨੇ ਕਈ ਦਿਨ ਤੇ ਕਈ ਰਾਤਾਂ 23ਵੀਂ ਕੋਰ ਦੀਆਂ ਸਫ਼ਬੰਦੀਆਂ ਵਿਚ ਗੁਜ਼ਾਰੀਆਂ... ਭੀਖ ਮੰਗਦਾ ਰਿਹਾ, ਇਕ ਵਿਹਲੇ ਪਏ ਗਹਾਈ ਵਾਲੇ ਕੋਠੇ ਤੇ ਢਾਰੇ ਵਿਚ ਸੌਂਦਾ ਰਿਹਾ। ਉਹਦੀਆਂ ਹੱਥਾਂ ਪੈਰਾਂ ਦੀਆਂ ਉਂਗਲਾਂ ਬਰਫ਼ ਨਾਲ ਸੁੰਨ ਹੋ ਗਈਆਂ ਹੋਈਆਂ ਸਨ ਅਤੇ ਕੁਝ ਹੱਦ ਤੱਕ ਗਲ ਵੀ ਗਈਆਂ ਸਨ...

"ਤਲਾਸ਼ੀ ਲੈਣ ਉਤੇ 'ਇਵਾਨ' ਕੋਲੋਂ ਉਹਦੀਆਂ ਜੇਬਾਂ ਵਿਚੋਂ ਇਕ ਰੁਮਾਲ ਅਤੇ 110 (ਇਕ ਸੌ ਦਸ) ਕਬਜ਼ੇ ਹੇਠਲੇ ਇਲਾਕੇ ਵਾਲੇ ਮਾਰਕ ਮਿਲੇ। ਕੋਈ... ਸਬੂਤ ਨਹੀਂ ਮਿਲਿਆ ਕਿ ਉਹਦਾ ਛਾਪੇਮਾਰਾਂ ਨਾਲ ਸੰਬੰਧ ਸੀ ਜਾਂ ਉਹ ਜਾਸੂਸੀ ਕਰਦਾ ਸੀ... ਵਿਲੱਖਣ ਪਛਾਣ ਚਿੰਨ੍ਹ: ਰੀੜ੍ਹ ਦੀ ਹੱਡੀ ਦੇ ਵਿਚਕਾਰ ਵੱਡਾ ਸਾਰਾ ਜਨਮ-ਚਿੰਨ੍ਹ ਤੇ ਖੱਬੇ ਮੋਢੇ ਦੀ ਹੱਡੀ ਉਤੇ ਇਕ ਝਰੀਟ—ਗੋਲੀ ਦੇ ਜ਼ਖ਼ਮ ਦਾ ਨਤੀਜਾ।

"ਮੇਜਰ ਫ਼ਾਨ ਬਿਸਿੰਗ, ਓਬੇਰ-ਲੈਫਟੀਨੈਂਟ ਕਲਿਯਾਮਟ ਤੇ ਸਾਰਜੈਂਟ-ਮੇਜਰ ਸ਼ਟੇਮਰ ਨੇ ਚਾਰ ਦਿਨ ਤੇ ਚਾਰ ਰਾਤਾਂ ਪੂਰੀ ਤਰ੍ਹਾਂ ਤੇ ਸਖ਼ਤੀ ਨਾਲ ਪੁਛਗਿੱਛ ਕੀਤੀ। 'ਇਵਾਨ' ਨੇ ਕੋਈ ਐਸੀ ਗੱਲ ਨਹੀਂ ਦੱਸੀ ਜਿਸ ਤੋਂ ਉਹਦੀ ਪਛਾਣ ਪੱਕ ਕਰਨ ਜਾਂ ਇਹ ਜਾਣਨ ਵਿਚ ਮਦਦ ਮਿਲ ਸਕੇ ਕਿ ਉਹ ਵਰਜਿਤ ਇਲਾਕੇ ਵਿਚ ਅਤੇ 23 ਵੀਂ ਆਰਮੀ ਕੋਰ ਦੀਆਂ ਸਫ਼ਬੰਦੀਆਂ ਵਿਚ ਕਿਉਂ ਆਇਆ ਸੀ ਤੇ ਕੀ ਕਰ ਰਿਹਾ ਸੀ।

"ਪੁਛਗਿੱਛ ਦੇ ਦੌਰਾਨ ਉਹ ਅਜ਼ਬ ਢੰਗ ਨਾਲ ਪੇਸ਼ ਆਇਆ ਅਤੇ ਜਰਮਨ ਫ਼ੌਜ ਤੇ ਜਰਮਨ ਸਲਤਨਤ ਵੱਲ ਆਪਣੀ ਦੁਸ਼ਮਣੀ ਵਾਲੇ ਵਤੀਰੇ ਨੂੰ ਲੁਕਾਇਆ ਨਹੀਂ।

"ਸੁਪ੍ਰੀਮ ਕਮਾਂਡਰ–ਇੰਨ–ਚੀਫ ਦੀਆਂ 11 ਨਵੰਬਰ 1942 ਦੀਆਂ ਹਦਾਇਤਾਂ ਅਨੁਸਾਰ, ਕੈਦੀ ਨੂੰ 25. 12. 43 ਨੂੰ ਸਵੇਰ ਦੇ 6.55 ਵਜੇ ਗੋਲੀ ਮਾਰ ਦਿੱਤੀ ਗਈ।

"...ਨਾਲ ਨੱਥੀ ਰਸੀਦ ਮੁਤਾਬਿਕ, ਤਿਤਕੋਵ ਨੂੰ 100 (ਇਕ ਸੌ) ਮਾਰਕ ਦਾ ਇਨਾਮ ਦਿੱਤਾ ਗਿਆ..."

ਅਕਤੂਬਰ–ਦਸੰਬਰ, 1957





ISBN 5-05-001358-5